# ਕਲਯੁਗ ਦਾ ਪ੍ਰਭਾਵ

## ਗਿ: ਮਾਨ ਸਿੰਘ 'ਝੌਰ' ਦੇ ਚੋਣਵੇਂ ਲੇਖ



S. Satguru [illegible] Singh [illegible] Elibrary [illegible]



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Boughton 13/7/03
from
Sikh Dharam
Granth
Stall.

34-D.
Mohan Singh.

# ਕਲਯੁਗ ਦਾ ਪ੍ਰਭਾਵ

ਗਿ: ਮਾਨ ਸਿੰਘ ਝੌਰ ਦੇ

ਚੋਣਵੇਂ ਲੇਖ

ਪ੍ਰਕਾਸ਼ਕ-
ਭਾ: ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ।

NamdhariElibrary@gmail.com

© ਪ੍ਰਕਾਸ਼ਕ

**KALYUG DA PRABAAV**

*Selected Lectures of Giani Maan Singh Jhaur*

ISBN : 81-7601-428-1

ਪਹਿਲੀ ਐਡੀਸ਼ਨ 2001

ਦੂਜੀ ਐਡੀਸ਼ਨ ਅਗਸਤ 2002

ਭੇਟਾ : 60-00

ਸੰਪਾਦਕ:
ਗਿ. ਹਰਦੀਪ ਸਿੰਘ

ਪ੍ਰਕਾਸ਼ਕ:

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 542346, 547974, 557973

ਫੈਕਸ : (0183) 542346

E-Mail : csjs@jla.vsnl.net.in

(Printed In India)

Visit our Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 705003

Sri Satguru Jagjit Singh Ji Elibrary NamdhariElibrary@gmail.com

# ਤਤਕਰਾ


| | | |
|---|---|---|
| 1. | ਕਲਯੁਗ ਦਾ ਪ੍ਰਭਾਵ | 5 |
| 2. | ਕਾਇਆਂ ਦਾ ਕਿਲ੍ਹਾ | 20 |
| 3. | ਬਚਿੱਤਰ ਨਾਟਕ | 39 |
| 4. | ਗੁਰੂ ਗੋਬਿੰਦ ਸਿੰਘ ਸਾਹਿਬ ਦੀ ਉਪਮਾ | 60 |
| 5. | ਦੁਖਦਾਈ ਪ੍ਰੀਤ ਵਿਚ ਵੀ ਸੁਖਦਾਈ ਪ੍ਰੀਤ ਦਾ ਅਹਿਸਾਸ | 76 |
| 6. | ਉੱਤਮ ਪਦਵੀ | 92 |


◆◆◆◆

Sri Satguru Jagjit Singh Ji Elibrary NamdhariElibrary@gmail.com

# ਦੋ ਸ਼ਬਦ

ਗੁਰੂ-ਪਾਤਿਸ਼ਾਹਾਂ ਨੇ ਗੁਰਬਾਣੀ ਦਾ ਜੋ ਅਮੋਲਕ ਖਜ਼ਾਨਾ ਮਨੁੱਖ-ਮਾਤਰ ਵਾਸਤੇ ਬਖਸ਼ਿਸ਼ ਕੀਤਾ, ਉਹ ਉਦੋਂ ਤੋਂ ਹੀ ਵਰਤਦਾ ਆ ਰਿਹਾ ਹੈ। ਲੋਕ-ਪ੍ਰਲੋਕ ਵਿਚ ਸਹਾਈ ਗੁਰਬਾਣੀ ਵਿਚ ਵਿਦਮਾਨ ਗੁਰਮਤਿ ਫਲਸਫੇ ਤੇ ਅਨੁਭਵ ਨੂੰ ਗੁਰੂ ਘਰ ਦੇ ਗ੍ਰੰਥੀ-ਪਾਠੀ-ਜਨ, ਗੁਰਮਤਿ, ਕੀਰਤਨੀਏਂ, ਲੈਕਚਰ ਕਰਨ ਵਾਲੇ ਗੁਰੂ ਪਿਆਰੇ, ਲਿਖਾਰੀ ਲੇਖਕ ਤੇ ਕਵੀ ਜਨ, ਸਟੀਕ-ਕਰਤਾ ਭਾਵ ਟੀਕਾਕਾਰ, ਕਥਾਕਾਰ ਤੇ ਵਖਿਆਨ ਦੇਣ ਵਾਲੇ ਗੁਰਮੁਖ ਪਿਆਰੇ ਆਪਣੇ-ਆਪਣੇ ਢੰਗ ਅਥਵਾ ਜੁਗਤ ਦਾ ਸਦਕਾ ਗੁਰੂ-ਪਿਆਰੀਆਂ ਸਿੱਖ ਸੰਗਤਾਂ ਨਾਲ ਸਾਂਝਾ ਕਰ ਰਹੇ ਹਨ। ਗੁਰੂ-ਘਰ ਦੇ ਪ੍ਰਵਾਨਿਤ ਵਖਿਆਨ ਦੇਣ ਵਾਲੇ ਕਥਾਕਾਰ ਗਿਆਨੀ ਮਾਨ ਸਿੰਘ ਜੀ ਝੌਰ ਗੁਰੂ-ਘਰ ਦੇ ਅਕਾਸ਼ ਦੇ ਐਸੇ ਹੀ ਇਕ ਟਿਮਟਿਮਾਉਂਦੇ ਤਾਰੇ ਕਹੇ ਜਾ ਸਕਦੇ ਹਨ। ਗਿਆਨੀ ਜੀ ਦੀ ਕਥਾ ਤੇ ਵਖਿਆਨ ਦਾ ਗੁਰੂ-ਕਿਰਪਾ ਸਦਕਾ ਮੌਲਿਕ ਢੰਗ ਰਿਹਾ ਹੈ। ਪਰਮ ਪਾਵਨ ਗੁਰਬਾਣੀ ਦੀ ਟੇਕ ਲੈਂਦਿਆਂ ਗੁਰੂ-ਘਰ ਦੇ ਚੋਟੀ ਦੇ ਸਰਵ ਪ੍ਰਵਾਨਿਤ ਵਿਦਵਾਨਾਂ, ਜੈਸੇ ਕਿ ਭਾਈ ਗੁਰਦਾਸ ਜੀ ਦਵਾਰਾ ਰਚੀਆਂ ਵਾਰਾਂ ਤੇ ਕਬਿੱਤ ਸਵੱਈਆਂ ਆਦਿ ਦੇ ਗੁਰਮਤੀ ਅੰਤਰੀਵ ਭਾਵ ਨੂੰ ਵੀ ਸਿੱਖ ਸੰਗਤਾਂ ਤਕ ਪਹੁੰਚਾਉਣਾ ਤੇ ਦ੍ਰਿੜ੍ਹਾਉਣਾ ਆਪ ਜੀ ਦੀ ਕਥਾ ਤੇ ਵਖਿਆਨ ਦਾ ਮੂਲ ਖਾਸਾ ਰਿਹਾ ਹੈ। ਉਨ੍ਹਾਂ ਦਾ ਵਿਆਪਕ ਜੀਵਨ-ਤਜਰਬਾ ਤੇ ਡੂੰਘਾ ਅਨੁਭਵ, ਉਰਦੂ ਦੀ ਚੋਣਵੀਂ ਸ਼ਾਇਰੀ ਦੀ ਵਾਕਫੀਅਤ ਤੇ ਵਿਭਿੰਨ ਸ੍ਰੋਤਾਂ ਤੋਂ ਹਾਸਲ ਕੀਤੀ ਕਥਾ-ਸਾਹਿਤ ਦੀ ਜਾਣਕਾਰੀ ਉਨ੍ਹਾਂ ਦੀ ਕਥਾ ਤੇ ਵਖਿਆਨ ਦਾ ਇਕ ਅਨਿੱਖੜ ਤੇ ਸਹਿਜ ਅੰਗ ਹੈ। ਗੁਰੂ ਸਾਹਿਬਾਨ ਤੇ ਗੁਰੂ-ਘਰ ਦੇ ਮਹਾਂ ਪ੍ਰੀਤਵਾਨ ਭੌਰਿਆਂ ਦੀ ਗੱਲ ਕਰਦਿਆਂ ਗਿਆਨੀ ਜੀ ਖਾਸ ਵਜਦ ਤੇ ਆਵੇਸ਼ ਵਿਚ ਵਿਚਰਨ ਲਗਦੇ ਹਨ ਤੇ ਉਨ੍ਹਾਂ ਦੀ ਮਾਖਿਓਂ ਵਰਗੀ ਮਿੱਠੀ ਜ਼ਬਾਨ ਵਿਚ ਹੋਰ ਮਿਠਾਸ ਆ ਜਾਂਦੀ ਹੈ। ਉਨ੍ਹਾਂ ਦਾ ਪਰਮ ਮਨੋਰਥ ਸਿੱਖ ਸੰਗਤ ਨੂੰ ਸਿੱਖੀ ਵਿਚ ਤ੍ਰਿਪਤ ਰਹਿਣ ਹਿੱਤ ਪ੍ਰੇਰਿਤ ਕਰਨਾ ਹੈ।

ਹੱਥਲੀ ਪੁਸਤਕ 'ਕਲਯੁਗ ਦਾ ਪ੍ਰਭਾਵ' ਵਿਚ ਉਨ੍ਹਾਂ ਦੇ ਬੋਲੇ ਕੁਝ ਪ੍ਰਮੁੱਖ ਲੈਕਚਰਾਂ ਦੀਆਂ ਕੈਸਟਾਂ ਦਾ ਉਤਾਰਾ ਹੈ ਜੋ ਮੈਂ ਹੂ-ਬ-ਹੂ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਉਨ੍ਹਾਂ ਦੇ ਛੇ ਲੈਕਚਰ ਕਲਯੁਗ ਦਾ ਪ੍ਰਭਾਵ, ਕਾਇਆਂ ਦਾ ਕਿਲ੍ਹਾ, ਬਚਿੱਤਰ ਨਾਟਕ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਉਪਮਾ, ਦੁਖਦਾਈ ਪ੍ਰੀਤ ਵਿਚ ਵੀ ਸੁਖਦਾਈ ਪ੍ਰੀਤ ਦਾ ਅਹਿਸਾਸ, ਉੱਤਮ ਪਦਵੀ ਦਰਜ ਹਨ ਤਾਂ ਜੋ ਪ੍ਰੇਮੀ-ਜਨ ਇਨ੍ਹਾਂ ਨੂੰ ਪੜ੍ਹ ਕੇ ਆਪਣਾ ਜੀਵਨ ਸਫਲਾ ਕਰ ਸਕਣ।

**–ਗਿਆਨੀ ਹਰਦੀਪ ਸਿੰਘ**

ਨੰਦੇੜ

Sri Satguru Jagjit Singh Ji Elibrary NamdhariElibrary@gmail.com

# ਕਲਯੁਗ ਦਾ ਪ੍ਰਭਾਵ

ਅੱਜ ਤਕ ਜਵਾਨੀ ਦੇ ਬਾਰੇ ਬੜਾ ਕੁਝ ਲਿਖਿਆ ਜਾ ਚੁੱਕਾ ਹੈ। ਕਈ ਗ੍ਰੰਥ, ਕਈ ਰਸਾਲੇ, ਕਈ ਕਵਿਤਾਵਾਂ ਤੇ ਕਈ ਇਕ ਲੇਖ ਵੀ ਲਿਖੇ ਜਾ ਚੁਕੇ ਨੇ। ਖਾਸ ਕਰਕੇ ਹਿੰਦੀ ਦੇ ਭੰਡਾਰ ਵਿਚ ਤਾਂ ਜਵਾਨੀ ਦੀਆਂ ਕਥਾ ਕਹਾਣੀਆਂ ਦਾ ਅੰਤ ਨਹੀਂ ਆਉਂਦਾ। ਅੱਜ ਗਿਆਨੀ ਮਾਨ ਸਿੰਘ ਝੌਰ ਜੀ ਜਵਾਨੀ ਦਾ ਅਰਥ ਸਮਝਾਉਣ ਲੱਗੇ ਨੇ:-

*"ਭੱਜਸ ਕਬ ਪਾਈ ਅਬ ਨਾ ਭੱਜਸ।"*

ਅਬ ਜਿਹੜਾ ਸ਼ਬਦ ਹੈ ਨਾ ਅਬ, ਇਸ ਦਾ ਇਸ਼ਾਰਾ ਜਵਾਨੀ ਵੱਲ ਹੈ। ਹੁਣ ਨਹੀਂ ਜਾਗਦਾ ਜੇ, ਹੁਣ ਨਹੀਂ ਸੁਧਰਦਾ ਜੇ, ਜਵਾਨੀ ਨੂੰ ਨਹੀਂ ਸੁਧਾਰਦਾ ਜੇ ਤੇ ਮਾਨ ਸਿੰਘ ਝੌਰ ਜੀ ਜਵਾਨੀ ਦੀਆਂ ਚਾਰ ਲਾਈਨਾਂ ਦੱਸ ਰਹੇ ਨੇ:

*"ਹੈ ਬੇਸ਼ਕ ਅਨਮੋਲ ਜਵਾਨੀ,*
*ਪਰ ਔਜੜ ਜਾਨੀ ਮੋੜ ਜਵਾਨੀ।"*

ਜਵਾਨੀ ਕਿਹੋ ਜਿਹੀ ਹੈ ? ਇਸ ਨੂੰ ਕੁਝ ਤਸ਼ਬੀਆਂ ਦਿੱਤੀਆਂ ਨੇ:-

*"ਕੋਮਲ ਕਲੀ ਜਿਵੇਂ ਅੱਧ ਖੁੱਲ੍ਹੀ,*
*ਹੀਰਿਆਂ, ਲਾਲਾਂ ਤੋਂ ਵੱਡਮੁੱਲੀ,*
*ਪਰ ਬੇਸਮਝੀ ਦਾ ਮਾਰ ਹਥੌੜਾ,*
*ਹੈ ਬੇਸ਼ਕ ਅਨਮੋਲ ਜਵਾਨੀ,*
*ਔਜੜ ਜਾਨੀ ਮੋੜ ਜਵਾਨੀ।"*

ਲੇਕਿਨ ਜਵਾਨੀ ਚੀਜ਼ ਕੀ ਹੈ ? ਇਸ ਨੂੰ ਤੂੰ ਸੰਭਾਲਣਾ ਕਿਸ ਤਰ੍ਹਾਂ ਹੈ:-

*"ਵੇਖ ਕੇ ਕਿਸੇ ਮੱਕਾਰ ਦੇ ਹੰਝੂ,*
*ਸਮਝ ਨਾ ਬਈਂ ਪਿਆਰ ਦੇ ਹੰਝੂ,*
*ਐ ਨਹੀਂ ਨਿਭੇਗਾ ਪਾਰ ਦੇ ਹੰਝੂ,*
*ਐ ਹੰਝੂਆਂ ਵਿਚ ਨਾ ਰੋੜ੍ਹ ਜਵਾਨੀ,*
*ਹੈ ਬੇਸ਼ਕ ਅਨਮੋਲ ਜਵਾਨੀ,*
*ਔਜੜ ਜਾਨੀ ਮੋੜ ਜਵਾਨੀ।"*

ਓ ਜਵਾਨਾ ! ਤੇਰੀ ਨਹੀਂ ਹੈ ਤੇਰੀ ਜਵਾਨੀ ! ਜੇ ਹੁਣ ਤੂੰ ਕਰ ਲਵੇਂਗਾ ਰਿੜਕ, ਨਹੀਂ ਤਾਂ

Sri Satguru Jagjit Singh Ji Elibrary NamdhariElibrary@gmail.com

ਜੇ ਵਰ੍ਹੇ ਹੋ ਗਏ ਲੰਬੇ:-

*"ਫਿਰ ਪਛਤਾਇਉ ਪਾਵੇ ਪਾਰ।"*

ਜਵਾਨੀ ਵਿਚ, ਠਾਠਾਂ ਮਾਰਦੀ ਜਵਾਨੀ ਵਿਚ, ਗੁਨਾਹਾਂ ਵਾਲੀ, ਜਿਹੜੀ ਸੇਵਾ ਕਰ ਜਾਂਦੀ ਹੈ ਨਾ, ਗੁਨਾਹ ਵਲੋਂ ਜਿਹੜਾ ਪ੍ਰਹੇਜ਼ ਕਰ ਜਾਂਦਾ ਹੈ ਨਾ, ਇਹ ਤੇ ਪੈਗੰਬਰਾਂ ਵਾਲੀ ਕਰਤੂਤ ਹੈ, ਇਹ ਤੇ ਗੁਰੂਆਂ ਵਾਲੀ ਕਰਤੂਤ ਹੈ। ਪਰ ਜਵਾਨੀ ਇਸ ਤਰ੍ਹਾਂ ਕਰ ਜਾਂਦੀ ਹੈ ? ਸ਼ਾਹੀ ਪੈਗੰਬਰ ਕਹਿੰਦੇ ਨੇ, ਜੇ ਬਘਿਆੜ ਬੁੱਢਾ ਹੋ ਜਾਵੇ, ਤੁਰਿਆ ਹੀ ਨਾ ਜਾਵੇ, ਘੁਰਨੇ ਵਿਚੋਂ ਨਾ ਨਿਕਲੇ, ਤੇ ਭੇਡਾਂ ਨੂੰ ਤਸੱਲੀ ਆ ਜਾਂਦੀ ਹੈ ਕਿ ਹੁਣ ਤੁਸੀਂ ਲੰਘ ਜਾਵੋ, ਹੁਣ ਇਹਨੇ ਭੇਡ ਖਾਣੀ ਛੱਡ ਦਿੱਤੀ ਹੈ ਤੇ ਪਿਆਰਿਆ ਥਾਂ ਥਾਂ ਦੀਆਂ ਠੀਕਰੀਆਂ ਭੰਨਣੀਆਂ ਛੱਡ ਦੇ। ਇਹ ਅੰਮ੍ਰਿਤ ਬਾਣੀ ਦਾ ਕੀਰਤਨ ਹੋ ਰਿਹਾ ਹੈ, ਸਾਹਿਬ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ, ਕਸ਼ਮੀਰ ਦੀ ਧਰਤੀ ਵਿਚ। ਸੰਗਤਾਂ ਗੱਦ-ਗੱਦ ਹੋ ਰਹੀਆਂ ਨੇ, ਨਿਹਾਲ ਹੋ ਰਹੀਆਂ ਨੇ। ਇਕ ਮਾਈ, ਤੇਜ਼ ਰਫਤਾਰ ਵਿਚ ਤੁਰੀ ਆਵੇ ਤੇ ਕੰਢੇ ਉਤੇ ਇਕ ਸਿੱਖ ਬੈਠਾ ਦੀਵਾਨਾ, ਮਸਤਾਨਾ, ਪੁਛਿਆ ਮਾਂ ! ਅੱਜ ਚੌਦ੍ਹਵਾਂ ਦਿਨ ਹੈ, ਤੇਰੇ ਵੱਲ ਮੈਂ ਵੇਖਦਾ ਹਾਂ, ਬੜੀ ਤੇਜ਼ ਰਫਤਾਰ ਆਉਂਦੀ ਹੈਂ ਤੂੰ, ਬੜੇ ਟਾਈਮ ਸਿਰ ਆਉਂਦੀ ਹੈਂ ਤੂੰ, ਲਾਗੋਂ ਦੀ ਲੰਘ ਜਾਦੀ ਹੈਂ ਮਾਂ, ਤੂੰ ਕਿਥੇ ਜਾਂਦੀ ਹੈਂ ? ਤੇ ਮਾਂ ਖਲੋ ਕੇ ਕਹਿਣ ਲੱਗੀ, ਭਾਈ ! ਮੇਰੇ ਹਰਿਗੋਬਿੰਦ ਸਾਹਿਬ ਆਏ, ਮੀਰੀ ਪੀਰੀ ਦਾ ਮਾਲਿਕ ਆਇਆ, ਸੋਹਣਾ ਸੁਲਤਾਨ ਆਇਆ, ਨਾਲ ਰਾਗੀ ਨੇ, ਕਲਗੀ ਹੈ, ਚੋਲਾ ਹੈ, ਚਮਕਦਾ ਮਸਤਕ ਹੈ, ਭਰਵਾਂ ਚੇਹਰਾ ਹੈ, ਲੱਬਾਂ ਤੇ ਮੁਸਕਰਾਹਟ ਹੈ, ਚੌੜੀ ਜਿਹੀ ਛਾਤੀ ਵਿਚ ਦਰਦਾਂ ਦਾ ਭਰਿਆ ਦਿਲ ਹੈ, ਪਿਛੇ ਤੀਰਾਂ ਵਾਲਾ ਭੱਥਾ ਹੈ, ਕੰਧੇ ਉਤੇ ਕਮਾਨ ਹੈ, ਮੇਰੇ ਹਰਿਗੋਬਿੰਦ ਸਾਹਿਬ ਦੇ :

*"ਪੰਜਿ ਪਿਆਲੇ ਪੰਜਿ ਪੀਰ*
*ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨੁ ਕਾਇਆ ਪਲਟਿ ਕੈ*
*ਮੂਰਤਿ ਹਰਿਗੋਬਿੰਦ ਸਵਾਰੀ।*
*ਚਲੀ ਪੀੜੀ ਸੋਢੀਆ*
*ਰੂਪੁ ਦਿਖਾਵਣਿ ਵਾਰੋ ਵਾਰੀ।*
*ਵਾਰੋ ਵਾਰੀ ਰੂਪ ਦਿਖਾਵਣ ਜੀ ਵਾਰੋ ਵਾਰੀ।"*

ਰਸਤੇ ਵਿਚ ਪੁੱਛਣ ਵਾਲੇ ਭਾਈ ਨੂੰ ਮਾਤਾ ਨੇ ਕਿਹਾ, ਮੈਂ ਹਰਿਗੋਬਿੰਦ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੀ ਹਾਂ ਰੋਜ਼, ਤੇ ਪੁੱਛਣ ਵਾਲੇ ਨੇਤਰ ਉਠੇ ਉਤਾਂਹ, ਮਾਂ ! ਅੱਜ ਤੋਂ ਪਹਿਲਾਂ ਤੂੰ 13 ਵਾਰੀ ਵੇਖ ਲਏ ਗੁਰੂ ਹਰਿਗੋਬਿੰਦ ਸਾਹਿਬ ! ਮਾਂ ਨੇ ਕਿਹਾ, "ਹਾਂ। ਅੱਜ ਚੌਦ੍ਹਵੇਂ ਦਿਨ ਮੈਂ ਦਰਸ਼ਨ ਕਰਨ ਜਾ ਰਹੀ ਹਾਂ। 13 ਵਾਰੀ ਮੈਂ ਦਰਸ਼ਨ ਸਤਿਗੁਰ ਦੇ ਇਨ੍ਹਾਂ ਨੇਤਰਾਂ ਨਾਲ ਕਰ ਲਏ ਨੇ।

Sri Satguru Jagjit Singh Ji Elibrary NamdhariElibrary@gmail.com

ਇਹ ਦੀਵਾਨਾ ਮਸਤਾਨਾ ਜਿਹਾ ਸਿੱਖ ਖਲੋਤਾ, ਉਸ ਦੀਆਂ ਅੱਖਾਂ ਭਰ ਆਈਆਂ, ਤੇ ਮਾਂ ਦੇ ਸਾਹਮਣੇ ਹੱਥ ਜੋੜ ਲਏ, ਮਾਂ ! ਜਿਨ੍ਹਾਂ ਨੇਤਰਾਂ ਨਾਲ 13 ਵਾਰ ਤੂੰ ਹਰਿਗੋਬਿੰਦ ਸਾਹਿਬ ਵੇਖੇ ਨੇ, ਉਨ੍ਹਾਂ ਨੇਤਰਾਂ ਨਾਲ ਇਕ ਵੇਰਾਂ ਇਸ ਨਿਮਾਣੇ ਦਾਸ ਨੂੰ ਵੇਖ ਲਉ। ਤੇਰੀ ਅੰਮ੍ਰਿਤ ਨਿਗਾਹ ਹੋ ਗਈ, ਤੇਰੇ ਨੇਤਰ ਪਾਵਨ ਹੋ ਗਏ, ਤੂੰ ਤੇਰਾਂ ਵਾਰੀ ਹਰਿਗੋਬਿੰਦ ਸਾਹਿਬ ਵੇਖਿਆ, ਉਹਨਾਂ ਦਰਸ਼ਨਾਂ, ਉਹਨਾਂ ਨੇਤਰਾਂ ਦੀ ਨਦਰ ਮੇਰੇ ਉਤੇ ਪਾ ਦਿਉ, ਜਿਹੜੇ ਦਰਸ਼ਨਾਂ ਨਾਲ ਭਰ ਗਏ ਤੇਰੇ ਕਟੋਰੇ, ਮੇਰੇ ਵਰਗੇ ਗਰੀਬ ਦਾ ਵੀ ਬੇੜਾ ਪਾਰ ਹੋ ਜਾਵੇਗਾ। ਤੇ ਮਾਈ ਨੇ ਆਖਿਆ, ਜੇ ਦਰਸ਼ਨਾਂ ਦਾ ਬਹੁਤਾ ਪਿਆਰਾ ਹੈਂ ਤੇ ਪੈਂਦਾ ਉਥੇ ਮੁੱਲ ਵੀ ਨਹੀਂ, ਮੇਰੇ ਨਾਲ ਚੱਲ ਹਾਂ, ਦਰਸ਼ਨ ਕਰ ਲੈ। ਤੇ ਇਹ ਸੁਣ ਕੇ ਸਿੱਖ ਦਾ ਅੰਦਰਲਾ ਰੋ ਪਿਆ ਤੇ ਕਹਿਣ ਲੱਗਾ, "ਮਾਂ ! ਮੇਰੀ ਮਾਂ ਆਖਦੀ ਹੁੰਦੀ ਸੀ, ਮਹਾਂਪੁਰਸ਼ਾਂ ਨੂੰ ਮਿਲਣ ਜਾਈਏ ਤੇ ਖਾਲੀ ਹੱਥੀਂ ਨਹੀਂ ਜਾਈਦਾ, ਸੱਖਣੇ ਹੱਥੀਂ ਨਹੀਂ ਜਾਈਦਾ। ਅੰਮਾਂ ! ਮੈਂ ਗਰੀਬ ਹਾਂ, ਘਰ-ਘਾਟ ਮੇਰਾ ਕੋਈ ਨਹੀਂ, ਕੰਮ-ਕਾਰ ਮੈਂ ਕੋਈ ਨਹੀਂ ਕਰਦਾ, ਜੇ ਦਰਦ ਵਾਲਾ ਰੋਟੀ ਦੇ ਜਾਵੇ ਤਾਂ ਖਾ ਲੈਂਦਾ ਹਾਂ, ਨਹੀਂ ਤੇ ਏਸੇ ਤਰ੍ਹਾਂ ਗੁਜ਼ਾਰਾ ਹੁੰਦਾ ਜਾਂਦਾ ਹੈ। ਕਈ-ਕਈ ਦਿਨ ਮੈਨੂੰ ਭੁੱਖੇ ਨੂੰ ਵੀ ਕੱਟਣੇ ਪੈਂਦੇ ਨੇ ਅੰਮਾਂ ! ਮੇਰੇ ਪੱਲੇ ਕੁਝ ਨਹੀਂ ਤੇ ਮੈਂ ਖਾਲੀ ਹੱਥ ਸਤਿਗੁਰੂ ਹਰਿਗੋਬਿੰਦ ਨੂੰ ਵੇਖਣ ਨਹੀਂ ਜਾਣਾ। ਜਿਸ ਦਿਨ ਮੱਥਾ ਟੇਕਣ ਨੂੰ ਕੋਲ ਕੁਝ ਪ੍ਰਾਪਤ ਹੋ ਗਿਆ, ਉਸ ਦਿਨ ਦੀਦਾਰ ਕਰਾਂਗਾ।" ਮਾਈ ਚਲੀ ਗਈ, ਇਕ ਹੋਰ ਸਿੱਖ ਆ ਗਿਆ ਤੇ ਦੀਵਾਨੇ ਮਸਤਾਨੇ ਨੇ ਕਿਹਾ, ਅੱਜ ਸਵੇਰੇ ਇਕ ਮਾਂ ਦੇ ਦਰਸ਼ਨ ਹੋਏ ਨੇ, ਦੂਜੀ ਵੇਰਾਂ ਤੇਰਾ ਦੀਦਾਰ ਹੋਇਆ ਹੈ, ਕੀ ਗੱਲ ਹੈ, ਬੜੀ ਤੇਜ਼ ਰਫਤਾਰ ਨਾਲ ਜਾ ਰਿਹਾ ਹੈਂ ? ਕਹਿਣ ਲੱਗਾ, ਮੈਂ ਕਸ਼ਮੀਰੀ ਹਾਂ, ਮੇਰਾ ਕਲੀਨਿਕ ਹੈ। ਨਿੱਕੀਆਂ ਮੱਖੀਆਂ ਦਾ, ਚਿੱਟੇ ਰੰਗ ਦਾ ਸ਼ਹਿਦ ਪੈਦਾ ਕਰਕੇ ਵੇਚਦਾ ਹਾਂ ! ਤੇ ਮੈਂ ਇਸ ਬਰਤਨ ਕੁੱਜੇ ਵਿਚ ਸ਼ਹਿਦ ਪਾ ਕੇ, ਉਪਰੋਂ ਚਿੱਟੇ ਕਪੜੇ ਨਾਲ ਬੰਨ੍ਹ ਕੇ ਇਹ ਮੈਂ ਗੁਰੂ ਹਰਿਗੋਬਿੰਦ ਸਾਹਿਬ ਕੋਲ ਲੈ ਕੇ ਚਲਿਆ ਹਾਂ। ਸਰਕਾਰ ਇਸ ਨੂੰ ਭੋਗ ਲਾਵੇਗਾ। ਸ਼ਹਿਦ ਚਿੱਟਾ, ਬੜਾ ਸ਼ੀਰੀ, ਬੜਾ ਮਧੁਰ, ਬੜਾ ਪਿਆਰਾ, ਬੜਾ ਸੁੰਦਰ, ਬੜਾ ਮਨਹੁੰਦਕ, ਬੜਾ ਖੂਨ ਪੈਦਾ ਕਰ ਦਿੰਦਾ ਹੈ ਤੇ ਦੀਵਾਨੇ ਮਸਤਾਨੇ ਸਿੱਖ ਨੇ ਆਖਿਆ, ਤੇਰੀ ਜ਼ੁਬਾਨੋਂ ਸ਼ਹਿਦ ਦੀ ਉਪਮਾਂ ਸੁਣ ਕੇ ਨਾ ਸਾਡਾ ਮਨ ਰੀਝ ਗਿਆ। ਐਵੇਂ ਛਿਟ ਕੁ ਇਕ ਮੇਰੀ ਤੱਲੀ ਉਤੇ ਰੱਖ ਦੇ, ਤੇ ਮੈਂ ਚੱਖ ਕੇ ਵੇਖ ਲਵਾਂ ਕਿ ਜੋ ਕੁਝ ਤੂੰ ਆਖਦਾ ਹੈਂ, ਉਹ ਠੀਕ ਹੈ। ਸ਼ਹਿਦ ਵਾਲੇ ਸਿੱਖ ਨੇ ਭਰਵੱਟੇ ਕਮਾਨ ਵਾਂਗੂੰ ਕੱਸ ਲਏ, ਕਹਿਣ ਲੱਗਾ, "ਉਇ ! ਤੂੰ ਗੁਰੂ ਹਰਿਗੋਬਿੰਦ ਸਾਹਿਬ ਨਾਲੋਂ ਆਪਣੇ ਆਪ ਨੂੰ ਵੱਡਾ ਸਮਝਦਾ ਹੈਂ। ਉਹ ਸ਼ਹਿਦ ਜਾਇਗਾ ਹਰਿਗੋਬਿੰਦ ਸਾਹਿਬ ਦੇ ਦਰਬਾਰ, ਅਰਦਾਸ ਹੋਵੇਗੀ, ਸਰਕਾਰ ਨੂੰ ਭੋਗ ਲੱਗੇਗਾ, ਫਿਰ ਸ਼ੀਤ ਪ੍ਰਸ਼ਾਦਿ ਬਾਕੀਆਂ ਨੂੰ ਮਿਲੇਗਾ। ਉਸ ਦੀਵਾਨੇ ਸਿੱਖ ਨੇ ਫਿਰ ਦੂਜੀ ਵੇਰਾਂ ਆਖਿਆ, ਐਵੇਂ ਥੋੜਾ ਕੁ ਤਲੀ ਤੇ ਦੇ-ਦੇ, ਰੀਝ ਮੇਰੀ ਪੂਰੀ ਕਰ ਦੇ। ਉਸ ਸ਼ਹਿਦ ਵਾਲੇ ਸਿੱਖ ਨੇ ਇਨਕਾਰ ਕਰ ਦਿੱਤਾ। ਦੀਵਾਨੇ ਮਸਤਾਨੇ ਨੇ ਤੀਜੀ ਵੇਰਾਂ ਆਖਿਆ, ਐਵੇਂ ਬਰਤਨ

Sri Satguru Jagjit Singh Ji Elibrary NamdhariElibrary@gmail.com

ਵਿਚ ਉਂਗਲ ਡੋਬ ਕੇ ਮੇਰੀ ਤਲੀ ਉਤੇ ਲਾ ਦੇ, ਮੈਂ ਜ਼ਰਾ ਸਵਾਦ ਚੱਖ ਲਵਾਂ, ਮੇਰੀ ਰੀਝ ਪੂਰੀ ਹੋ ਜਾਵੇ। ਮਨ ਖੁਸ਼ ਹੋ ਜਾਵੇ। ਸ਼ਹਿਦ ਵਾਲਾ ਸਿੱਖ ਨਾ ਮੰਨਿਆ ਤੇ ਫਿਰ ਉਹ ਦੀਵਾਨਾ ਮਸਤਾਨਾ ਮੌਜ ਵਿਚ ਆ ਗਿਆ ਤੇ ਕਹਿਣ ਲੱਗਾ, ਭਲਾ ਜੇ ਗੁਰੂ ਹਰਿਗੋਬਿੰਦ ਸਾਹਿਬ ਤੇਰਾ ਸ਼ਹਿਦ ਪ੍ਰਵਾਨ ਕਰ ਲਏ ਤੇ ਤੈਨੂੰ ਕੁਝ ਦਵੇਗਾ ? ਸ਼ਹਿਦ ਵਾਲੇ ਸਿੱਖ ਨੇ ਆਖਿਆ ਪਤਾ ਨਹੀਂ ਕੀ ਦੇਵੇਗਾ ? ਜੇ ਰੀਝ ਗਿਆ ਤੇ ਪਤਾ ਨਹੀਂ ਕੀ ਦੇਵੇ। ਤੇ ਦੀਵਾਨਾ ਮਸਤਾਨਾ ਸਿੱਖ ਉਸ ਦੇ ਕੋਲ ਖਲੋ ਗਿਆ ਤੇ ਕਹਿਣ ਲੱਗਾ, ਜੇ ਨਿਰੰਕਾਰ ਦੀ ਕਿਰਪਾ ਹੋਈ ਨਾ ਗੁਰੂ ਕੇ ਪਿਆਰਿਆ ! ਤੇ ਜੋ ਕੁਝ ਹਰਿਗੋਬਿੰਦ ਸਾਹਿਬ ਤੈਨੂੰ ਦੇ ਸਕਦਾ ਹੈ ਨਾ, ਉਹ ਕੁਝ ਦੇ ਕੇ ਤੇਰੀਆਂ ਝੋਲੀਆਂ ਭਰ ਦਿਆਂਗੇ, ਇਥੇ ਗੱਡੀ ਤੇ ਦਾਸ ਆਏ, ਇਥੇ ਹੀ ਨਾਨਕ ਦੇ ਦਰ ਦੇ ਕੂਕਰ ਹਾਂ, ਯਾਰ ਰੀਝ ਤੇ ਪੂਰੀ ਕਰ ਦੇ। ਐਵੇਂ ਉਂਗਲੀ ਕੁ ਲਬੇੜ ਕੇ ਲਾ ਦੇ ਮੇਰੀ ਤਲੀ ਤੇ। ਜੋ ਕੁਝ ਹਰਿਗੋਬਿੰਦ ਸਾਹਿਬ ਦੇਵੇਗਾ, ਉਹੀ ਕੁਝ ਦੇ ਦੇਵਾਂਗੇ, ਸ਼ਹਿਦ ਵਾਲੇ ਸਿੱਖ ਦੇ ਅੰਦਰਲੇ ਨੇਤਰ ਹੈ ਨਹੀਂ ਸੀ, ਸਮਝ ਨਾ ਸਕਿਆ। ਉਹ ਸ਼ਹਿਦ ਵਾਲਾ ਸਿੱਖ ਚਲਾ ਗਿਆ ਹਰਿਗੋਬਿੰਦ ਸਾਹਿਬ ਦੇ ਦਰਬਾਰ 'ਤੇ, ਰੱਖਿਆ ਕੁੱਜਾ ਅੱਗੇ, ਮੱਥਾ ਟੇਕਿਆ। ਸਾਹਿਬਾਂ ਨੇ ਪੁੱਛਿਆ, "ਕੀ ਲਿਆਇਆ ਹੈਂ ?" ਕਹਿਣ ਲੱਗਾ, "ਸ਼ਹਿਦ ! ਨਿੱਕੀਆਂ ਮੱਖੀਆਂ ਦਾ ਸ਼ਹਿਦ, ਚਿੱਟੇ ਰੰਗ ਦਾ, ਬੜਾ ਮਧੁਰ, ਬੜਾ ਮਹਿੰਗਾ ਵਿਕਣ ਵਾਲਾ, ਬੜਾ ਮਿੱਠਾ।" ਸਾਹਿਬ ਕਹਿਣ ਲੱਗੇ, "ਕਿਸ ਦੇ ਲਈ ਲਿਆਇਆ ਹੈਂ ?" ਸ਼ਹਿਦ ਵਾਲਾ ਸਿੱਖ ਕਹਿਣ ਲੱਗਾ, "ਤੁਹਾਡੇ ਲਈ।" ਲਾਹਿਆ ਢੱਕਣ, ਚੁਕਿਆ ਢੱਕਣ, ਕਹਿੰਦੇ ਸ਼ਹਿਦ ਵਿਚ ਬਦਬੂ ਸੀ, ਬਰਤਨ ਵਿਚ ਕੀੜੇ ਪਏ ਸਨ, ਵੇਖਣ ਨੂੰ ਜੀਅ ਨਹੀਂ ਸੀ ਕਰਦਾ, ਸਾਰਿਆਂ ਸਿੱਖਾਂ ਨੇ ਆਪਣੇ ਨੱਕਾਂ ਅੱਗੇ ਕੱਪੜਾ ਰੱਖ ਲਿਆ ਤੇ ਸਾਹਿਬ ਹਰਿਗੋਬਿੰਦ ਸਾਹਿਬ ਕਹਿਣ ਲੱਗੇ, "ਸਿੱਖਾ ! ਕੀ ਲੈ ਕੇ ਆਇਆ ਹੈਂ ?" ਸ਼ਹਿਦ ਵਾਲਾ ਸਿੱਖ ਕਹਿਣ ਲੱਗਾ, "ਮਹਾਰਾਜ ! ਘਰੋਂ ਤੇ ਸ਼ਹਿਦ ਲੈ ਕੇ ਆਇਆ ਸਾਂ, ਪਤਾ ਨਹੀਂ ਰਾਹ ਵਿਚ ਕੋਈ ਕੀ ਭਾਣਾ ਵਰਤਿਆ। ਮਹਾਰਾਜ, ਮੈਨੂੰ ਸਮਝ ਨਾ ਆਈ।" ਗੁਰੂ ਜੀ ਕਹਿਣ ਲੱਗੇ, "ਕਿਸ ਦੇ ਵਾਸਤੇ ਲੈ ਕੇ ਚਲਿਆ ਸੈਂ ਸ਼ਹਿਦ।" ਗੁਰੂ ਜੀ ਤੁਹਾਡੇ ਲਈ। ਤੇ ਗਰੀਬ-ਨਿਵਾਜ਼ ਬੈਠੇ ਹੋਏ, ਆਪਣੀ ਗੱਦੀ ਉਤੇ ਕਹਿਣ ਲੱਗੇ, "ਸਿੱਖਾ ! ਐ ਜ਼ਮੀਨ ਪਰ ਦੇ ਫਾਸਲੇ ਉਤੇ ਮੈਂ ਤੇਰੇ ਅੱਗੇ ਹੱਥ ਜੋੜੇ, ਮੈਂ ਤੇਰੇ ਅੱਗੇ ਤਰਲੇ ਲਏ, ਮੈਂ ਇੰਨੀਆਂ ਮਿੰਨਤਾਂ ਕੀਤੀਆਂ, ਮੈਨੂੰ ਥੋੜਾ ਕੁ ਦੇ ਦੇ, ਮੇਰੀ ਤਲੀ ਉਤੇ ਉਂਗਲੀ ਕੁ ਲਾ ਦੇ, ਮੇਰੀ ਰੀਝ ਪੂਰੀ ਕਰ ਦੇ। ਮੈਂ ਤੈਨੂੰ ਯਕੀਨ ਵੀ ਦਿਵਾਇਆ ਕਿ ਬਾਬੇ ਨਾਨਕ ਦੇ ਘਰੋਂ ਤੇਰੇ ਆਰ-ਦੁਖਾਰ ਭਰ ਜਾਣਗੇ। ਪਰ ਜਦੋਂ ਮੈਂ ਆਪ ਮੰਗਦਾ ਸਾਂ, ਤਰਲੇ ਲੈਂਦਾ ਸਾਂ, ਹੱਥ ਜੋੜਦਾ ਸਾਂ, ਉਦੋਂ ਤੂੰ ਮੈਨੂੰ ਦਿੱਤਾ ਨਾ, ਹੁਣ ਇਹ ਮੇਰੇ ਕੰਮ ਦਾ ਨਹੀਂ ਰਿਹਾ, ਤੂੰ ਲੈ ਜਾ ਇਸ ਨੂੰ, ਭੋਗ ਨਹੀਂ ਲੱਗ ਸਕਦਾ ਇਸ ਨੂੰ, ਜਦੋਂ ਮੈਂ ਮੰਗਦਾ ਸਾਂ, ਤੂੰ ਉਦੋਂ ਨਹੀਂ ਬਖਸ਼ਿਆ, ਤੂੰ ਉਦੋਂ ਨਹੀਂ ਦਿੱਤਾ।" ਤੇ ਸਿੱਖ ਨੇ ਆਖਿਆ, ਮਹਾਰਾਜ ! ਉਹ ਤੁਸੀਂ ਤੇ ਨਹੀਂ ਸੀ, ਉਹ ਤੇ ਜਾਤ ਦਾ ਮੁਸਲਮਾਨ, ਨਾਮ ਉਸ ਦਾ ਭਾਈ

ਕੱਤੂ, ਦੀਵਾਨਾ ਮਸਤਾਨਾ, ਗਲੀਆਂ ਵਿਚ ਭੌਂਦਾ ਰਹਿੰਦਾ ਹੈ, ਉਹ ਤੇ ਉਹ ਸੀ ਮੰਗਣ ਵਾਲਾ, ਤੁਸੀ ਤੇ ਨਹੀਂ ਸੀ, ਤੇ ਹਰਿਗੋਬਿੰਦ ਸਾਹਿਬ ਦੇ ਨੇਤਰਾਂ ਵਿਚੋਂ ਦੋ ਮੋਤੀ ਡਿੱਗ ਪਏ ਤੇ ਕਹਿਣ ਲੱਗੇ, ਤੇਰੀ ਨਜਰ ਵਿਚ ਉਹ ਮੁਸਲਮਾਨ ਹੋਵੇਗਾ, ਤੇਰੀ ਨਜ਼ਰ ਵਿਚ ਉਹ ਕੱਤੂ ਭਾਈ ਦੀਵਾਨਾ ਮਸਤਾਨਾ ਹੋਵੇਗਾ, ਤੇਰੀ ਨਜ਼ਰ ਵਿਚ ਉਹ ਗਲੀਆਂ ਵਿਚ ਮੰਗਣ ਵਾਲਾ ਹੋਵੇਗਾ। ਗੁਰੂ ਕੇ ਸਿੱਖਾ ! ਅਜੇ ਵੀ ਵੇਲਾ ਹੱਥੋਂ ਨਾ ਗਵਾ, ਜੇ ਤੂੰ ਕੱਤੂ ਨੂੰ ਸ਼ਹਿਦ ਖਵਾ ਦਿੱਤਾ ਨਾ ਤੇ ਸਮਝੀਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੋਗ ਲੱਗ ਗਿਆ, ਜੋ ਕੁਝ ਤੈਨੂੰ ਬਾਬੇ ਨਾਨਕ ਦੇ ਦਰਬਾਰੋਂ ਮਿਲ ਸਕਦਾ ਹੈ, ਐਂ ਝੋਲੀਆਂ ਭਰ ਕੇ ਮਿਲ ਜਾਵੇਗਾ, ਜਾ ਕਿਤੇ ਭਾਈ ਕੱਤੂ ਨੂੰ ਲੱਭ ! ਪਹਿਲਾਂ ਉਸ ਦੀਆਂ ਖੁਸੀਆਂ ਲੈ, ਪਹਿਲਾਂ ਉਸ ਦਾ ਚਾਅ ਲੈ, ਫੇਰ ਤੇਰਾ ਆਉਣਾ ਜਾਣਾ ਸਫਲ ਹੋ ਜਾਏਗਾ। ਕੱਤੂ ਨੂੰ ਲੱਭਿਆ, ਸ਼ਹਿਦ ਉਸ ਦੀ ਤੱਲੀ ਉੱਤੇ ਰਖਿਆ, ਤਰਲੇ ਮਿੰਨਤਾਂ ਲਏ, ਨੱਕ ਰਗੜੇ, ਤੇ ਨਾਮ ਵਾਲਾ ਪ੍ਰਸੰਨ ਹੋ ਗਿਆ, ਨਾਮ ਵਾਲਾ ਰੀਝ ਗਿਆ, ਤੇ ਨਾਮ ਵਾਲਾ ਐਂ ਤ੍ਰਿਪਤ ਹੋ ਕੇ ਕਹਿਣ ਲੱਗਾ, ਜਾ ਹਰਿਗੋਬਿੰਦ ਸਾਹਿਬ ਸੱਚਾ ਪਾਤਿਸ਼ਾਹ, ਤੇਰੇ ਮਨ ਦੀਆਂ ਮੁਰਾਦਾਂ ਪੂਰੀਆਂ ਕਰੇਗਾ। ਮਨ ਦੀਆਂ ਪੂਰੀਆਂ ਹੋ ਗਈਆਂ। ਅੱਜ ਤੱਕ ਉਸ ਦਾ ਨਾਮ ਭਾਈ ਤੇ ਕੱਤੂ ਤੇ ਹਰਿਗੋਬਿੰਦ ਸਾਹਿਬ ਦੇ ਨਾਂ ਨਾਲ ਚਲਿਆ ਆਉਂਦਾ ਹੈ। ਸਿੱਖ ਇਤਿਹਾਸ ਵਿਚ ਮੇਰਾ ਗਰੀਬ-ਨਿਵਾਜ਼ ਬਾਪੂ ਗੁਰੂ ਗ੍ਰੰਥ ਸਾਹਿਬ ਇਹ ਗੱਲ ਕਹਿੰਦਾ ਹੈ ਕਿ ਜਿਸ ਤਰ੍ਹਾਂ ਨਾਮ ਦੀ ਉਪਮਾ ਮੈਂ ਬੜੀ ਆਖੀ ਹੈ, ਤੂੰ ਮਨ ਤੋਂ ਪਿੱਛੇ ਹੈਂ, ਤੂੰ ਬੁੱਧੀ ਤੋਂ ਪਿੱਛੇ ਹੈਂ, ਸੁਰਤੀ ਤੋਂ ਪਿੱਛੇ ਹੈਂ। ਗਰੀਬ-ਨਿਵਾਜ਼ ਗੁਰੂ ਕੀ ਸੰਗਤ ਜੀ ! ਮਾਨ ਸਿੰਘ ਝੌਰ ਦੱਸਦੇ ਨੇ ਮੈਂ ਆਪਣੇ ਆਪ ਨੂੰ ਸਿੱਧਾ ਸਿੱਖ ਜਾਣਦਾ ਹਾਂ। ਚਿਰ ਹੋਇਆ, ਪਾਕਿਸਤਾਨ ਬਣਨ ਤੋਂ ਪਹਿਲਾਂ ਮੇਰੇ ਨਿੱਕੇ ਭਰਾ ਨੂੰ ਕੋਈ ਰਿਸ਼ਤਾ ਲੈਕੇ ਆਇਆ ਤੇ ਮੈਂ ਬੈਠਕ ਵਿਚ ਬੈਠਾ ਸਾਂ ਤੇ ਉਸ ਬੈਠਕ ਦੀ ਖਿੜਕੀ ਤੋਂ ਮੇਰੀ ਜਨਾਨੀ ਨੇ ਅਵਾਜ਼ ਮਾਰੀ, ਭਈ ਗਿਆਨੀ ਜੀ ! ਗੱਲ ਸੁਣਿਓ, ਮੈਂ ਆ ਗਿਆ ਖਿੜਕੀ ਲਾਗੇ, ਮੈਂ ਕਿਹਾ, ਕੀ ਗੱਲ ਐ ? ਕਹਿੰਦੀ ਖੰਡ ਹੈ ਨਹੀਂ ਖੰਡ, ਪ੍ਰਾਹੁਣੇ ਆ ਗਏ ਨੇ। ਮੈਂ ਕਿਹਾ ਕੀ ਗੱਲ ਏ ਖੰਡ ਹੈ ਨਹੀਂ। ਉਸ ਵੇਲੇ ਤੇ ਭਾਂਡਾ ਹੀ ਭੰਨ ਦਿੱਤਾ। ਮੈਂ ਕਿਹਾ ਇਹ ਜਿਹੜੇ ਆਏ ਨੇ ਕੁੜੀ ਦਾ ਰਿਸ਼ਤਾ ਕਰਨ, ਇਨ੍ਹਾਂ ਕਿਹੜਾ ਕਾਰਖਾਨਾ ਲਾਇਆ ਹੈ। ਕੁੜੀ ਵਾਲੇ ਕਹਿਣ ਲੱਗੇ, ਸਭ ਕੁਝ ਤੇਰਾ ਛਕਿਆ, ਤੂੰ ਸਾਡਾ ਰਿਸ਼ਤਾ ਕਬੂਲ ਕਰ। ਮੈਂ ਅੱਜ ਸ੍ਰ: ਸੋਹਣ ਸਿੰਘ ਨਾਲ ਦੁੱਖ ਰੋਇਆ। ਭਈ ਸੋਹਣ ਸਿੰਘ ਜੀ ! ਤੁਸਾਂ ਮੈਨੂੰ ਸੱਦ ਤੇ ਲਿਆ ਹੈ ਇਥੇ, ਤੁਹਾਡੇ ਪੁੱਤਰਾਂ ਨੇ ਵੀ ਬੜਾ ਪਿਆਰ ਕੀਤਾ ਹੈ ਮੇਰੇ ਨਾਲ, ਸੰਗਤ ਵੀ ਆਉਂਦੀ ਹੈ, ਪਰ ਮੈਨੂੰ ਆਪਣੀ ਜਾਤ ਉਤੇ ਬੜਾ ਅਫਸੋਸ ਹੈ, ਪਰ ਤੁਹਾਡੀ ਸ਼ਿਖਸਤ ਕਰਕੇ ਫਿਰ ਫਤਹਿ ਵਿਚ ਹੀ ਮੈਨੂੰ ਮਾਲੂਮ ਹੁੰਦਾ ਹੈ।

*"ਬਸੰਤਿ ਸੁਰਗ ਲੋਕਹ*
*ਜਿਤਤੇ ਪ੍ਰਿਥਵੀ ਨਵ ਖੰਡਣਹ॥"*

THIS TOO IS MALOV
AS HE 16 no 19 was TAKEN BY ATMANOT HIS BA SHER
Malor To AMRIK'S UNCLES was god M.
'GOD

*'ਮਹਾ ਭਇਆਨੁ ਉਦਿਆਨ ਨਗਰ ਕਰਿ ਮਾਨਿਆ॥*
*ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥'*
*"ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ॥*
*-----------------------------------*
*ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥'*

ਕਹਿੰਦੇ ਨੇ ਮਰਾਸੀ ਕਿਤੇ ਗਿਆ ਪਾਣੀ ਭਰਨ, ਅੱਧ ਵਿਚ ਆ ਗਿਆ ਘੜਾ ਪਾਣੀ ਦਾ, ਤੇ ਉਧਰੋਂ ਕੋਈ ਗਾਉਂਦਾ ਸੀ:-

*"ਹੇ ਸੱਜਣ ਮੇਰੇ ਘਰ ਆ*
*ਸੱਜਣ ਮੇਰੇ ਘਰ ਆ ਆ—ਆ—ਆ।"*

ਕਿਸੇ ਨੇ ਪੁਛਿਆ, "ਇਹ ਕੀ ਗਾਉਂਦਾ ਹੈਂ ? ਭਰਿਆ ਹੋਇਆ ਘੜਾ ਹੀ ਤੂੰ ਖੂਹ ਵਿਚ ਸੁਟਵਾ ਦਿੱਤਾ। ਕਹਿੰਦਾ, ਖਸਮਾਂ ਖਾਣਾ ਘੜਾ ਤੇ ਬਾਹਰ ਕੱਢ ਲਵਾਂਗੇ, ਪਰ ਜਿਹੜਾ ਤਾਰੋਂ ਘੁੱਸ ਗਿਆ ਉਸਦਾ ਰਿਹਾ ਕੁਝ ਨਹੀਂ।

*"ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥"*

ਜੇ ਕੋਈ ਆਖੇ ਨਾ ਭਈ ਇਕੱਠਾ ਕਰਨ ਵਾਲਾ ਕੋਈ ਰਾਗੀ ਬਣ ਜਾਵੇ, ਤੇ ਅਠਾਰਾਂ ਆਨੇ ਝੂਠ ਹੈ। ਪਰ ਜੇ ਕੋਈ ਕਹੇ ਕਿ ਰਾਗੀ ਢਾਡੀ ਬਣ ਜਾਵੇ ਤੇ ਇਹ ਵੀਹ ਆਨੇ ਝੂਠ ਹੈ। ਤੇ ਜੇ ਕੋਈ ਕਹਿ ਦੇਵੇ ਕਿ ਢਾਡੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨ ਵਾਲਾ ਗਿਆਨੀ ਬਣ ਜਾਵੇ ਤੇ ਇਹ ਛੱਤੀ ਆਨੇ ਝੂਠ ਹੈ, ਕਥਾ ਕਦੋਂ ਬਣਦੀ ਹੈ ? ਸਰੋਤਾ ਕਦੋਂ ਰਚਦਾ ਹੈ ? ਵਕਤੇ ਦਾ ਮਨ ਕਦੋਂ ਪ੍ਰਸੰਨ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ:-

*"ਜਾ ਤੂੰ ਮੇਰੇ ਵਲਿ ਹੈ"*

ਇਹ ਸੰਸਕ੍ਰਿਤ ਨਹੀਂ ਹੈ, ਹਾਲਾਂਕਿ ਗੁਰੂ ਗ੍ਰੰਥ ਸਾਹਿਬ ਵਿਚ ਬੜੇ ਔਖੇ ਸ਼ਬਦ ਆਉਂਦੇ ਨੇ। ਵੱਲ ਦਾ ਅਰਥ ਹੈ ਮੇਰੇ ਪਾਸੇ ਅਰਥਾਤ ਜੇ ਤੂੰ ਮੇਰੇ ਪਾਸੇ ਵੱਲ ਹੈਂ, ਮੇਰੇ ਹੱਥ ਵਿਚ ਹੋ ਜਾਵੇਂ। ਐ ਵਾਹਿਗੁਰੂ ਜਿਸ ਦੇ ਵੱਲ ਤੂੰ ਹੋ ਜਾਵੇਂ, ਜਿਸ ਦੇ ਹੱਕ ਵਿਚ ਤੂੰ ਹੋ ਜਾਵੇਂ, ਜਿਸ ਦੀ ਤਰਫ ਤੂੰ ਹੋ ਜਾਵੇਂ, ਉਹ ਕਿਸੇ ਦੀ ਮੁਥਾਜੀ ਨਹੀਂ ਕਰ ਸਕਦਾ ਤੇ ਬੰਦਗੀ ਉਹ ਕਰ ਸਕਦਾ ਹੈ, ਜਿਸ ਦੇ ਉਤੇ ਤੇਰੀ ਰਹਿਮਤ ਹੋਵੇ। ਵੱਲ ਦੇ ਤਾਂ ਮੈਂ ਅਰਥ ਕਰ ਦਿੱਤੇ ਨੇ, ਪਰ ਇਹ ਜਿਹੜੇ ਕੀਰਤਨ ਕਰਦੇ ਹੈ ਨਾ ਮਹਾਂਪੁਰਸ਼, ਜਦੋਂ ਇਨ੍ਹਾਂ ਕੋਲ ਬੈਠੀਏ ਨਾ, ਗੱਲਾਂ ਵੱਲਾਂ ਇਨ੍ਹਾਂ ਦੀਆਂ ਸੁਣੀਏ, ਤੇ ਆਪਣੀਆਂ ਗੱਲਾਂ ਵਿਚ ਲਫਜ਼ ਇਹ ਵੀ ਬੋਲਦੇ ਨੇ ਵੱਲ, ਪਰ ਇਸ ਵੱਲ ਦਾ ਅਰਥ ਹੱਕ, ਤਰਸ, ਪਾਸਾ ਜਾਂ ਧੜਾ ਨਹੀਂ ਕਰਦੇ, ਇਹ ਇਕ ਹੋਰ ਹੀ ਅਰਥ ਕਰ ਜਾਂਦੇ ਨੇ, ਭਈ ਤਬਲਾ ਵਜਾਉਣ ਦਾ ਤੇ ਮੈਨੂੰ ਵੱਲ ਹੈ ਪਰ ਵਾਜਾ ਵਜਾਉਣ ਦਾ ਮੈਨੂੰ ਵੱਲ ਨਹੀਂ। ਹੁਣ ਵੱਲ ਦੇ ਅਰਥ ਕੀ ਕਰੋਗੇ ਭਲਾ ? ਜਾਚ, ਢੰਗ, ਤਰੀਕਾ, ਜੁਗਤੀ। ਜਿਹੜੇ ਲੋਕ

ਸਬਜ਼ੀਆਂ ਤਰਕਾਰੀਆਂ ਦਾ ਕੰਮ ਕਰਦੇ ਨੇ, ਆਪਣੀ ਗੁਫਤਗੂ ਵਿਚ ਉਹ ਵੀ ਸ਼ਬਦ ਬੋਲਦੇ ਨੇ ਵੱਲ, ਪਰ ਉਹ ਉਸ ਦਾ ਹੋਰ ਹੀ ਤਰੀਕੇ ਨਾਲ ਅਰਥ ਕਰਦੇ ਨੇ। ਲੰਮੀ ਜਿਹੀ ਲਚਕਦਾਰ ਕੱਦੂਆਂ ਦੀ ਵੱਲ, ਕਰੇਲਿਆਂ ਦੀ ਵੱਲ। ਕਿੰਨੇ ਅਰਥ ਹੋ ਗਏ ਨਾ ਵੱਲ ਦੇ। ਜੇ ਕਿਸੇ ਦਾ ਕੁੜੀ ਮੁੰਡਾ ਬੀਮਾਰ ਹੋ ਜਾਵੇ, ਵਾਹਿਗੁਰੂ ਨਾ ਕਰੇ ਵੈਸੇ ਤੇ ਉਸ ਦੀ ਖਬਰ ਸੁਰਤ ਲੈਣ ਜਾਈਏ, ਤੀਜੇ ਕੁ ਦਿਨ ਉਸ ਲੜਕੇ ਦਾ ਬਾਪ ਬਜ਼ਾਰ ਵਿਚ ਮਿਲ ਜਾਵੇ ਤੇ ਉਸ ਨੂੰ ਪੁਛੀਏ ਸੁਣਾ ਕਾਕੇ ਦਾ ਕੀ ਹਾਲ ਹੈ ? ਕਹਿੰਦਾ ਪਰਸੋਂ ਨਾਲੋਂ ਕੁਝ ਵੱਲ ਹੈ, ਚੌਥਾ ਅਰਥ ਹੋ ਗਿਆ ਨਾ ਵੱਲ ਦਾ। ਪੰਜਾਬੀ ਦਾ ਸਬਦ ਹੈ ਭਈ ਅੱਗੇ ਨਾਲੋਂ ਸਹਿਤ ਹੈ। ਜਿਹੜਾ ਕੁੜੀ-ਮੁੰਡਾ ਸਿਨੇਮਾ ਵੇਖਕੇ ਵਿਗੜ ਜਾਏ ਨਾ, ਮੈਂ ਕਿਹਾ ਇਹ ਕੀ ਆਖਿਆ ਵਿਗੜ ਜਾਏ, ਮੈਂ ਆਖ੍ਿਆ ਮੈਂ ਸੱਚ ਆਖਦਾ ਹਾਂ ਵਿਗੜੇ ਹੋਏ। ਤੁਸੀਂ ਮੈਨੂੰ ਇਕ ਕੋਈ ਕੁੜੀ ਮੁੰਡਾ ਵਿਖਾਓ ਕਿ ਇਹ ਫ਼ੇਸ਼ ਭਗਤ ਸਿਨੇਮਾ ਵੇਖ ਕੇ ਬਣਿਆ ਆ, ਬ੍ਰਹਮ ਗਿਆਨੀ ਸਿਨੇਮਾ ਵੇਖ ਕੇ ਬਣਿਆ, ਵਿਗੜੇ ਹੋਏ ਕੁੜੀ-ਮੁੰਡੇ ਤੇ ਮੈਂ ਤੁਹਾਨੂੰ ਦਿਖਾ ਦੇਨਾ ਹਾਂ ਗਲੀ-ਗਲੀ। ਸਿਨੇਮਾ ਵੇਖ ਕੇ ਵਿਗੜੇ ਹੋਏ ਮੈਂ ਚੋਰ ਬਣੇ ਵੇਖੇ ਨੇ, ਡਾਕੂ ਬਣੇ ਹੋਏ ਵੇਖੇ ਨੇ, ਹੱਥਕੜੀਆਂ ਲੱਗੀਆਂ ਹੋਈਆਂ। ਉਹਨਾਂ ਨੇ ਬਿਆਨ ਦਿੱਤਾ ਕਿ ਇਹ ਸਾਰਾ ਕੁਝ ਇਹਨਾਂ ਨੇ ਸਿਨੇਮਾ ਵਿਚੋਂ ਸਿੱਖਿਆ। ਮਾਨ ਸਿੰਘ ਝੌਰ ਜੀ ਦੱਸਦੇ ਨੇ ਮੈਂ ਆਪਣੀ ਜ਼ਿੰਦਗੀ ਵਿਚ ਕਦੇ ਸਿਨੇਮਾ ਨਹੀਂ ਵੇਖਿਆ। ਉਹਨਾਂ ਦੱਸਿਆ ਕਿ ਇਕ ਇੰਡੀਆ ਲੋਕਾਂ ਨੇ ਖੇਲ ਬਣਾਇਆ ਹੈ, ਮਦਰ ਇੰਡੀਆ। ਉਹ ਜਿਹੜੀ ਹੀਰੋਇਨ ਸੀ ਨਾ ਉਸ ਨੇ ਖੌਰਾਂ ਸੌ ਵੇਰਾਂ ਆਖਿਆ ਉਸ ਮੁੰਡੇ ਨੂੰ ਪੁੱਤ ਤੇ ਉਹ ਜਿਹੜਾ ਮੁੰਡਾ ਸੀ ਨਾ, ਉਸ ਨੇ ਵੀ ਖੇਲ ਵਿਚ ਸੌ ਕੁ ਵੇਰਾਂ ਆਖਿਆ ਹੋਣਾ ਹੈ ਉਸ ਨੂੰ ਮਾਂ, ਤੇ ਖੇਲ ਜਦੋਂ ਖਤਮ ਹੋਇਆ ਨਾ, ਮਾਂ ਪੁੱਤ ਨੇ ਨਿਕਾਹ ਕਰਵਾ ਲਿਆ। ਤੁਸੀਂ ਦੱਸੋ ਜਵਾਨ ਮੁੰਡਾ ਕੁੜੀ ਉਥੋਂ ਕੀ ਲੈ ਕੇ ਆਵੇਗਾ, ਸਿਨੇਮਾ ਤੋਂ ਜਿਥੇ ਐ ਕਰਤੂਤ ਹੋ ਰਹੀ ਹੈ। ਜੇ ਕੋਈ ਕੁੜੀ ਮੁੰਡਾ ਖੇਲ ਵੇਖ ਕੇ ਵਿਗੜ ਜਾਏ, ਉਸ ਦਾ ਸੁਧਾਰ ਸ਼ੁਰੂ ਕਰੀਏ, ਤੇ ਛੇ ਕੁ ਮਹੀਨਿਆਂ ਬਾਅਦ ਉਸ ਦੇ ਮਾਂ ਪਿਉ ਨੂੰ ਪੁੱਛਿਆ ਜਾਵੇ, ਸੁਣਾ ਕੀ ਹਾਲ ਹੈ ? ਕਹਿੰਦਾ ਉਸੇ ਤਰ੍ਹਾਂ ਹੀ ਹੈ। ਜੇ ਕੋਈ ਲੜਕੀ ਬਜ਼ਾਰਾਂ ਵਿਚ ਆਵਾਰਾ ਹੀ ਫਿਰਦੀ ਰਹੇ ਤੇ ਉਸ ਨੂੰ ਆਖੀਏ ਤੂੰ ਆਵਾਰਾ ਹੀ ਫਿਰਦੀ ਰਹਿੰਦੀ ਹੈਂ, ਕਿਤੇ ਦੋ ਘੜੀਆਂ ਬੈਠ ਕੇ ਚਰਖਾ ਹੀ ਕੱਤ ਲਿਆ ਕਰ। ਕਹਿਣ ਲੱਗੀ ਚਰਖਾ ਤੇ ਕੱਤ ਲਵਾਂ, ਪਰ ਖਸਮ ਖਾਣੇ ਤਰਕੱਤੇ ਨੂੰ ਵੱਲ ਪੈ ਗਿਆ। ਸਾਨੂੰ ਤੇ ਵੱਲ ਦਾ ਹੀ ਨਹੀਂ ਪਤਾ, ਕਿੰਨੇ ਕੁ ਅਰਥ ਨੇ, ਪੰਜਾਬੀ ਦਾ ਸ਼ਬਦ ਹੈ ਤੇ ਹੁਣ ਦੁਹਾਈ ਰੱਬ ਦੀ ਹੈ ਕਿਸੇ ਗਿਆਨੀ ਤੋਂ ਬਿਨਾਂ ਤੇ ਨਹੀਂ ਨਾ ਗੱਲ ਬਣਨੀ। ਵਿੰਨ੍ਹੋ ਫਿਰ ਕੁੜੀ ਦੇ ਕੰਨ, ਉਧਰੋਂ ਮਿਲਣ ਦਾ ਵੇਲਾ ਹੋਇਆ ਹੋਵੇ ਤੇ ਉਹ ਰੋਂਦੀ ਹੋਵੇ, ਕਿਹੜੇ ਪਾਸੇ ਪੈ ਗਈ ਮੈਂ। ਜਿੰਨੇ ਗੁਰੂ ਕੇ ਸਿੱਖ ਬੈਠੇ ਹੋ, ਸਾਰੇ ਇਸ ਗੱਲ ਦੇ ਉਤੇ ਮੁਤਫਿਕ ਹੋ ਜਾਉ ਕਿ ਕਿਸੇ ਢਾਡੀ ਨੂੰ ਢਾਡੀ ਨਾਲ ਵੀ ਤੋਲਿਆ ਜਾ ਸਕਦਾ ਹੈ, ਕਿਸੇ ਗਿਆਨੀ ਨੂੰ ਗਿਆਨੀ ਨਾਲ ਵੀ ਤੋਲਿਆ ਜਾ ਸਕਦਾ ਹੈ, ਕਿਸੇ ਰਾਗੀ ਨੂੰ ਰਾਗੀ ਨਾਲ ਹੀ ਤੋਲਿਆ ਜਾ ਸਕਦਾ ਹੈ। ਇਕ

Sri Satguru Jagjit Singh Ji Elibrary NamdhariElibrary@gmail.com

ਦੂਜੇ ਵਰਗਾ ਤਾਂ ਕੋਈ ਬਣ ਹੀ ਨਹੀਂ ਸਕਦਾ।

*"ਬਸੰਤਿ ਸ੍ਵਰਗ ਲੋਕਹ"*

ਸਵਰਗ ਲੋਕ ਨੂੰ ਬੜਾ ਕੁਝ ਜਾਣਦੇ ਨੇ, ਲੋਕ ਕਹਿੰਦੇ ਨੇ ਸਵਰਗ, ਤੇ ਜਦੋਂ ਮੈਂ ਸਿੱਖਾਂ ਦੇ ਮੂੰਹੋਂ ਸਵਰਗ ਸਵਰਗ ਸੁਣਦਾ ਹਾਂ ਤੇ ਮੈਂ ਹੈਰਾਨ ਹੋ ਜਾਂਦਾ ਹਾਂ, ਮਾਨ ਸਿੰਘ ਝੌਰ ਜੀ ਆਪਣੇ ਬਾਰੇ ਦੱਸਦੇ ਨੇ ਕਿ ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਨਹੀਂ ਸੁਣਿਆ। ਗੁਰੂ ਗ੍ਰੰਥ ਸਾਹਿਬ ਜੀ ਤਾਂ ਕਹਿੰਦੇ ਨੇ:-

*"ਕਿਆ ਸਵਰਗ ਕਿਆ ਨਰਕ ਬਿਚਾਰਾ॥"*

ਸੰਤਾਂ ਨੂੰ ਨਾ ਸਵਰਗ ਦੀ ਇੱਛਾ ਹੈ, ਨਾ ਨਰਕਾਂ ਦਾ ਡਰ ਹੈ, ਸੰਤ ਨੂੰ ਨਾ ਸਵਰਗ ਦੀ ਖਾਹਿਸ਼ ਹੈ, ਨਾ ਨਰਕਾਂ ਦਾ ਡਰ ਹੈ। ਜਿਨ੍ਹਾਂ ਨੂੰ ਰੱਬ ਮਿਲ ਗਿਆ ਹੈ ਨਾ ਰੱਬ, ਉਹ ਵਾਹਿਗੁਰੂ ਦੀ ਕਿਰਪਾ ਨਾਲ ਕਿਸੇ ਦੀ ਮੁਥਾਜੀ ਨਹੀਂ ਕਰਦੇ। ਆਮ ਲੋਕ ਸਵਰਗਾਂ ਦੀ ਬੜੀ ਖਾਹਿਸ ਰਖਦੇ ਨੇ, ਲਾਲਚ ਵੀ ਸਵਰਗਾਂ ਦਾ ਹੀ ਦਿੰਦੇ ਨੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ ਇਹ ਹੈ ਕਿ ਸਵਰਗ ਤੇ ਕਿਤੇ ਰਿਹਾ, ਗਿਆਨਵਾਨ ਪੁਰਸ਼ ਤਾਂ ਮੁਕਤੀ ਦਾ ਵੀ ਤਿਆਗ ਕਰਦਾ ਹੈ। ਮਾਨ ਸਿੰਘ ਝੌਰ ਜੀ ਦੱਸਦੇ ਹਨ, ਮੈਂ ਇਕ ਮੁਸਲਮਾਨ ਦਾ ਬਚਨ ਪੜ੍ਹਿਆ ਹੈ ਕਿ ਇਹ ਜਿਹੜਾ ਬਹਿਸ਼ਤ ਹੈ, ਇਹ ਜਿਹੜਾ ਸਵਰਗ ਹੈ, ਇਹ ਥੱਕੇ ਹੋਏ ਲੋਕਾਂ ਦਾ ਥਾਂ ਹੈ, ਇਸ ਤੋਂ ਅਗੇ ਜਾਣ ਨੂੰ ਜੀਅ ਨਹੀਂ ਕਰਦਾ, ਇਥੇ ਹੀ ਬੈਠ ਜਾਉ। ਕਹਿੰਦਾ ਮੈਂ ਤੇ ਕਿਤੇ ਅਗਾਂਹ ਹੀ ਜਾਣਾ, ਜਿਨ੍ਹਾਂ ਨੂੰ ਸਵਰਗ ਚੰਗਾ ਲੱਗਦਾ ਹੈ ਉਹ ਖਲੋ ਜਾਉ, ਮੈਂ ਤੇ ਸਵਰਗ ਨਹੀਂ ਜਾਣਾ, ਮੇਰਾ ਤੇ ਟਿਕਾਣਾ ਸਵਰਗ ਨਹੀਂ, ਮੇਰੀ ਤੇ ਇਹ ਮੰਜ਼ਿਲ ਨਹੀਂ। ਡਾ: ਸਾਹਿਬ ਇਕਬਾਲ ਨੇ ਇਕ ਗੱਲ ਕਹੀ ਹੈ, ਕਰੋੜ ਰੁਪਏ ਉਸ ਦਾ ਮੁੱਲ ਨਹੀਂ, ਕਹਿੰਦਾ:

*"ਨਿਕਲ ਜਾ ਅਕਲ ਸੇ ਦੂਰ,*
*ਯੇ ਕਿਰਾਏ ਰੌਂਦਾ ਹੈ।"*

ਜਿਹੜੀ ਅਕਲ ਹੈ ਨਾ ਤੇਰੀ, ਜਿਥੇ ਤੇਰੀ ਮੰਜ਼ਿਲ ਹੈ ਨਾ, ਉਸ ਮੰਜ਼ਿਲ ਦੇ ਰਸਤੇ ਦਾ ਦੀਵਾ ਹੈ ਅਕਲ ! ਚਿਰਾਗ ਹੈ ਉਸ ਰਸਤੇ ਦੀ ਅਕਲ। ਅਕਲ ਨੂੰ ਕਿਤੇ ਮੰਜਿਲ ਨਾ ਸਮਝ ਬੈਠੀਂ। ਦਾਨਾ ਬਣ ਜਾ, ਸਿਆਣਾ ਬਣ ਜਾ, ਕਿਤੇ ਅਕਲ ਨੂੰ ਪੰਧ ਨਾ ਆਪਣਾ ਸਮਝ ਬੈਠੀ, ਧੋਖਾ ਖਾਵੇਂਗਾ, ਪੰਧ ਹੋਰ ਹੈ। ਮੰਜ਼ਿਲ ਕਿਤੇ ਦੂਰ ਹੈ, ਇਹ ਉਨ੍ਹਾਂ ਨੂੰ ਪੁੱਛ ਜਿਨ੍ਹਾਂ ਨੇ ਮੰਜ਼ਿਲ ਉਤੇ ਪਹੁੰਚਣਾ ਹੈ, ਉਹ ਤੇ ਸਵਰਗਾਂ ਦੀ ਖਾਹਿਸ਼ ਨਹੀਂ ਰੱਖਦੇ। ਪੁੰਨ ਕਰਦਾ-ਕਰਦਾ ਭਾਵੇਂ ਸਵਰਗ ਲੋਕ ਵਿਚ ਚਲਾ ਜਾਵੇਂ, ਤੇ ਧੂਣੀ ਤਪਦਾ-ਤਪਦਾ ਭਾਵੇਂ ਨੌਂ-ਖੰਡ ਪ੍ਰਿਥਵੀ ਦਾ ਰਾਜਾ ਬਣ ਜਾਵੇਂ, ਲੇਕਿਨ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ਨੌਂ-ਖੰਡ ਪ੍ਰਿਥਵੀ ਦਾ ਰਾਜਾ ਬਣ ਕੇ, ਸਵਰਗਾਂ ਵਿਚ ਆਪਣਾ ਵਾਸ ਕਰਕੇ, ਜੇ ਉਸ ਨੂੰ ਭੁੱਲ ਗਿਆ ਹੈ "ਸਤਿਨਾਮ ਵਾਹਿਗੁਰੂ"

ਹਜ਼ੂਰ ਕਹਿੰਦੇ ਨੇ ਫਿਰ ਉਸ ਨੂੰ ਸਵਰਗਾਂ ਦਾ ਵਾਸੀ ਨਾ ਸਮਝਿਓ, ਸਮਝਿਓ ਉਹ ਕੋਈ ਰਾਹ ਵਿਚ ਰਸਤਿਓਂ ਭੁੱਲਾ ਹੋਇਆ ਰਾਹੀ ਹੈ, ਜਿਹੜਾ ਜੰਗਲਾਂ ਵਿਚ ਟੱਕਰਾਂ ਮਾਰਦਾ ਫਿਰਦਾ ਹੈ। ਜਿਸ ਨੂੰ ਮੰਜਿਲ ਨਹੀਂ ਲੱਭਦੀ, ਇਧਰ ਉਧਰ ਹੱਥ-ਪਲੇ ਮਾਰਦਾ ਜਿੰਦਗੀ ਗੁਜ਼ਾਰ ਰਿਹਾ ਹੈ। ਕਰੋੜਾਂ ਤਮਾਸ਼ੇ ਰੱਖ ਲਏ, ਅੱਜ ਲਤਾ ਮੰਗੇਸ਼ਕਰ ਨੇ ਆਉਣਾ ਹੈ, ਅੱਜ ਵੈਜੰਤੀ ਮਾਲਾ ਨੇ ਆਉਣਾ ਹੈ, ਅੱਜ ਸੁਰਿੰਦਰ ਕੌਰ ਨੇ ਆਉਣਾ ਹੈ, ਕਲਯੁਗ ਏਸੇ ਨੂੰ ਹੀ ਆਖਦੇ ਨੇ। ਰਾਜਪੂਤਾਨੇ ਦਾ ਇਕ ਰਾਜਾ ਹੋਇਆ, ਉਸ ਕੋਲ ਇਕ ਮਹਾਂਪੁਰਸ਼ ਰਹਿੰਦੇ ਸਨ ਦਾਨੇ, ਉਹ ਬੜੀਆਂ ਉੱਚੀਆਂ ਗੱਲਾਂ ਕਰਦੇ ਸੀ, ਉਹ ਕਹਿੰਦੇ ਸੀ ਕਿ:

*'ਪੂਤ ਵਹੀ ਮਰ ਜਾਏ ਜੋ ਕੁੱਲ ਕੋ ਦਾਗ ਲਗਾਵੇ।*
*ਬ੍ਰਹਮਣ ਸੋ ਮਰ ਜਾਏ ਹਾਥ ਲੇ ਮਦਰਾ ਪਿਆਵੇ।'*

ਉਸ ਬ੍ਰਾਹਮਣ ਦਾ ਵੀ ਸਤਿਆਨਾਸ ਹੋ ਜਾਣਾ ਚਾਹੀਦਾ ਹੈ, ਬੇੜਾ ਗਰਕ ਹੋ ਜਾਣਾ ਚਾਹੀਦਾ ਹੈ, ਜਿਹੜਾ ਬ੍ਰਾਹਮਣ ਆਪ ਜਜਮਾਨਾਂ ਨੂੰ ਪਿਆਲੇ ਭਰ-ਭਰ ਕੇ ਸ਼ਰਾਬ ਦੇ ਪਿਆਵੇ। ਤੇ ਜਿਹੜੇ ਰਾਜੇ ਨੂੰ ਰਾਜਨੀਤੀ ਨਾ ਆਉਂਦੀ ਹੋਵੇ, ਉਸ ਨੂੰ ਮਰ ਜਾਣਾ ਹੀ ਚਾਹੀਦਾ ਹੈ। ਉਸ ਦੇ ਜੀਉਣ ਦਾ ਕੋਈ ਫਾਇਦਾ ਨਹੀਂ। ਐ ਬਿਕ੍ਰਮ ਦੱਤ ਜੇ ਇੰਨੇ ਜਾਣੇ ਮਰ ਜਾਣ, ਕਿਤੇ ਅੱਥਰੂ ਨਾ ਕੱਢੀਂ, ਚੰਗਾ ਹੋਇਆ ਸਿਆਪਾ ਮੁਕਿਆ, ਬਿਕ੍ਰਮ ਦੱਤ ਨੇ ਪੁੱਛਿਆ, "ਬੈਤਾਲ ! ਕਲਯੁਗ ਕਦੋਂ ਆਏਗਾ ?" ਤੇ ਬੈਤਾਲ ਨੇ ਸਿਰ ਹਿਲਾ ਕੇ ਕਿਹਾ, ਦਇਆ ਖਤਮ ਹੋ ਗਈ, ਇਸਤਰੀ ਪੁਰਸ਼ ਝੂਠ ਬੋਲਣ ਲੱਗ ਪਏ, ਪਾਪ ਜਿਹੜਾ ਸੀ ਉਹ ਹਰ ਵਰਣ, ਹਰ ਸੁਸਾਇਟੀ ਵਿਚ ਵੜ ਗਿਆ। ਜਿਸ ਵੇਲੇ ਪਾਪ ਕਿਰਤ ਵਿਚ ਆ ਜਾਏ, ਦੁਹਾਈ ਰੱਬ ਦੀ ਉਸ ਨੂੰ ਵੱਖਰਿਆਂ ਕਰਨਾ ਔਖਾ ਹੋ ਜਾਂਦਾ ਹੈ। ਕੀ ਕੰਮ ਕਰਦੇ ਹੋ ? ਭਾਈ ਜੀ ਸਾਡੀ ਮੋਟਰ ਸਪੇਅਰ-ਪਾਰਟ ਦੀ ਦੁਕਾਨ ਹੈ। ਦੂਜੇ ਨੂੰ ਪੁੱਛਿਆ, ਤੁਸੀਂ ਕੀ ਕਰਦੇ ਹੋ ? ਜੀ ਮੈਂ ਟਾਇਰਾਂ ਦਾ ਕੰਮ ਕਰਦਾ ਹਾਂ, ਤੀਜੇ ਨੂੰ ਪੁੱਛਿਆ ਤੇ ਉਸ ਨੇ ਕਿਹਾ, ਐਵੇਂ ਕੁ ਥੋੜੀ ਜਿਹੀ ਬਲੈਕ ਮਾਰਕੀਟ ਕਰੀਦੀ ਹੈ। ਉਹ ਖਸਮਾਂ ਖਾਣਾ ਜਦੋਂ ਕਿਰਤ ਵਿਚ ਫਸ ਜਾਏ ਪਾਪ, ਤੇ ਉਸ ਕਿਰਤ ਵਿਚੋਂ ਕਮਾਈ ਹੋਈ ਰੋਟੀ ਸਾਰੇ ਪਰਿਵਾਰ ਨੇ ਖਾਣੀ ਹੈ, ਸਾਰਿਆਂ ਦੀਆਂ ਬੁੱਧੀਆਂ ਭ੍ਰਿਸ਼ਟ ਹੋ ਜਾਂਦੀਆਂ ਹਨ, ਧਰਮ ਲਭੋਗੇ ਕਿਥੋਂ ? ਜਿਹੜਾ ਰਾਜਾ ਹੈ, ਉਹ ਲੋਕਾਂ ਕੋਲੋਂ ਦਾਨ ਮੰਗਣ ਲੱਗਦਾ ਹੈ। ਬੈਤਾਲ ਕਹਿੰਦਾ, ਜਦੋਂ ਇਸ ਤਰ੍ਹਾਂ ਹੋ ਜਾਵੇ ਤਾਂ ਕਲਯੁਗ ਆ ਹੀ ਜਾਂਦਾ ਹੈ। ਇਸ ਵੇਲੇ ਕਲਯੁਗ ਜ਼ੋਰਾਂ ਉਤੇ ਹੈ। ਮਾਨ ਸਿੰਘ ਝੌਰ ਜੀ ਦੱਸਦੇ ਨੇ, ਮੈਂ ਦਿੱਲੀ ਵਿਚ ਵੇਖਿਆ ਸਿੱਖਾਂ ਦੇ ਘਰਾਣਿਆਂ ਨੂੰ, ਬੜੀਆਂ-ਬੜੀਆਂ ਵੱਡੀਆਂ ਪੱਗਾਂ ਬੰਨ੍ਹਦੇ ਨੇ, ਵਿਚ ਵੰਝ ਦੀਆਂ ਸੋਟੀਆਂ ਦਿੰਦੇ ਨੇ, ਇਕ ਪੱਗ ਭਾਰੀ ਜਾਪੇ। ਦਾੜ੍ਹੀ ਬੜੀ ਸੋਹਣੀ ਪ੍ਰੈਸ ਕਰਦੇ ਨੇ, ਜਵਾਨ ਬੜੇ-ਬੜੇ ਤਗੜੇ ਨੇ। ਇਕ ਪਾਸੇ ਡਾਇਨਿੰਗ ਟੇਬਲ ਤੇ ਮਾਂ ਬੈਠੀ ਹੁੰਦੀ ਹੈ, ਨਾਲ ਪਿਉ ਬੈਠਾ ਹੁੰਦਾ ਹੈ, ਦੂਜੇ ਪਾਸੇ ਭਰਾ ਬੈਠੇ ਹੁੰਦੇ ਹਨ ਤੇ ਭੈਣ ਉਹਨਾਂ ਦੀ ਘੁੰਗਰੂ ਬੰਨ੍ਹ ਕੇ ਨੱਚਦੀ ਹੈ ਕਿ ਮੇਰੇ ਮਾਪੇ ਰੋਟੀ ਖਾਂਦੇ ਨੇ, ਇਹ ਉਦੋਂ

Sri Satguru Jagjit Singh Ji Elibrary NamdhariElibrary@gmail.com

ਬੜੇ ਖੁਸ਼ ਹੁੰਦੇ ਨੇ ਕਿ ਅੱਜ ਸ਼ਾਂਤੀ ਨੇ ਬੜਾ ਵਧੀਆ ਡਾਂਸ ਕੀਤਾ ਹੈ। ਮਾਪੇ ਧੀ ਨੂੰ ਜਦੋਂ ਇਹ ਗੱਲਾਂ ਆਖਣ ਲੱਗ ਪੈਣ ਤੇ ਹੋਰ ਕਦੋਂ ਕਲਯੁਗ ਆਉਣਾ ਹੈ ? ਕਲਯੁਗ ਆ ਗਿਆ ਹੋਇਆ ਹੈ, ਉਸ ਨੇ ਆਪਣਾ ਜਾਲ ਪਸਾਰ ਦਿੱਤਾ ਹੋਇਆ ਹੈ, ਅਸੀਂ ਹੁਣ ਇਸ ਵਿਚ ਫਸ ਗਏ ਹਾਂ। ਪਰ ਇਕ ਗੱਲ ਬਾਪੂ ਕਹਿੰਦਾ ਹੈ ਕਿ ਬੱਚਿਆਂ ਨੂੰ ਕਾਬੂ ਵਿਚ ਰੱਖੋ, ਕਰੋੜਾਂ ਤਮਾਸ਼ੇ, ਕਰੋੜਾਂ ਪ੍ਰੋਗਰਾਮ, ਕਰੋੜਾਂ ਨਾਚ, ਰੰਗ ਮੁਜਰੇ ਹੋ ਜਾਣ, ਪਰ ਨਾ ਚੇਤੇ ਆਵੇ "ਸਤਿਨਾਮ ਵਾਹਿਗੁਰੂ।" ਜਿਹੜੇ ਥਾਂ ਵਿਚ ਕੌਤਕ ਤੇ ਹੈ, ਭੰਗੜੇ ਤੇ ਹੈ, ਜਿਹੜੇ ਥਾਂ ਵਿਚ ਮੁਜਰੇ ਤੇ ਪੈਂਦੇ ਨੇ, ਜਿਹੜੇ ਥਾਂ ਵਿਚ ਵਿਸਕੀਆਂ ਤੇ ਉਡਦੀਆਂ ਨੇ, ਜਿਹੜੇ ਥਾਂ ਵਿਚ ਮੁਰਗੇ ਮਸਾਲੇ ਤੇ ਉਡਦੇ ਨੇ, ਪਰ ਨਹੀਂ ਚੇਤੇ ਆਉਂਦਾ "ਸਤਿਨਾਮ ਵਾਹਿਗੁਰੂ", ਮੇਰੇ ਬਾਪੂ ਦੇ ਬਚਨ ਨੇ ਵਾਹਿਗੁਰੂ ਕਰੇ ਉਹ ਥਾਂ ਗਰਕ ਹੋ ਜਾਵੇ, ਅੱਗ ਲਗ ਜਾਏ, ਸੜ ਜਾਏ, ਉੱਜੜ ਜਾਏ ਉਹ ਥਾਂ, ਜਿਥੇ ਭੁੱਲ ਗਿਆ ਲੋਕਾਂ ਨੂੰ "ਸਤਿਨਾਮ ਵਾਹਿਗੁਰੂ" ! ਬਾਪੂ ਕਹਿੰਦਾ ਹੈ, ਇਹ ਦੁਨੀਆਂ ਤਾਂ ਬੜੀ ਉਜਾੜ ਹੈ, ਇਥੇ ਅੱਗ ਬਲ ਰਹੀ ਹੈ, ਝੂਠ ਬੋਲਿਆ ਜਾ ਰਿਹਾ ਹੈ, ਕਾਮ ਦੀਆਂ ਚਾਰ-ਚੁਫੇਰੇ ਨਦੀਆਂ ਵਹਿ ਰਹੀਆਂ ਨੇ, ਹਰ ਆਦਮੀ ਫਰੇਬ ਕਰ ਰਿਹਾ ਹੈ, ਮੈਂ ਕਹਿਦਾ ਹਾਂ ਜਿਸ ਦੇ ਅੰਦਰ ਪਾਪ ਵੜ ਗਿਆ, ਜਿਸ ਦੀ ਕਿਰਤ ਵਿਚ ਪਾਪ ਵੜ ਗਿਆ, ਆਹਾਰ ਵਿਚ ਪਾਪ ਵੜ ਗਿਆ, ਉਹ ਸੱਚ ਕਿਥੋਂ ਕਹੇਗਾ ? ਸਾਹਿਬ ਕਹਿੰਦੇ ਨੇ, ਇਹ ਦੁਨੀਆਂ ਉਜਾੜ ਹੈ, ਚਾਰ ਦਿਨ ਦਾ ਮੇਲਾ ਹੈ, ਜਿਸ ਵਿਚ ਤੂੰ ਪੈਰ ਪਸਾਰ ਬੈਠਾ ਹੈਂ, ਤੂੰ ਇਸ ਨੂੰ ਵੱਸਦੀ ਹੋਈ ਨਗਰੀ ਸਮਝ ਬੈਠਾ ਹੈਂ, ਬੜੇ ਲੰਮੇ ਪੈਰ ਪਸਾਰੇ। ਜਿੰਨੀ ਤੇਰੀ ਸਮੱਗਰੀ ਹੈ, ਹਾਥੀ ਨੇ, ਘੋੜੇ ਨੇ, ਬੈਲ ਨੇ, ਗਾਈਂ ਨੇ, ਮੱਝੀਂ ਨੇ, ਵਪਾਰ ਹੈ, ਇਹ ਸਾਰੀ ਸਮੱਗਰੀ ਹੀ ਝੂਠੀ, ਤੂੰ ਇਸ ਨੂੰ ਸੱਚਿਆਂ ਸਮਝ ਬੈਠਾ ਕਿ ਤੂੰ ਇਸ ਦਾ ਮਾਲਿਕ ਹੈਂ, ਇਸ ਨੇ ਮਰਦੇ ਦਮਾਂ ਤੱਕ ਮੇਰੀ ਰਹਿਣਾ ਹੈ। ਕਾਮ ਵਿਚ, ਕ੍ਰੋਧ ਵਿਚ, ਲੋਭ ਵਿਚ, ਮੋਹ-ਹੰਕਾਰ ਵਿਚ, ਪਾਗਲ ਹੋਇਆ ਫਿਰਦਾ ਹੈਂ ਤੂੰ, ਦੀਵਾਨਾ ਹੋਇਆ ਫਿਰਦਾ ਹੈਂ ਤੂੰ, ਸ਼ੁਦਾਈ ਹੋਇਆ ਫਿਰਦਾ ਹੈਂ ਤੂੰ, ਇਕ ਗੱਲ ਚੇਤੇ ਰੱਖੀਂ:

*"ਸਿਰਿ ਲਗਾ ਜਮ ਡੰਡੂ ਤਾ ਪਛਤਾਨਿਆ॥*
*ਉਹ ਜੀ ਬਿਨ ਗੁਰਦੇਵ ਫਿਰੈ ਸੈਤਾਨਿਆ॥*
*ਬਿਨ ਪੂਰੇ ਗੁਰਦੇਵ ਫਿਰੈ ਸੈਤਾਨਿਆ॥"*

ਮਾਨ ਸਿੰਘ ਝੌਰ ਜੀ ਦੱਸਦੇ ਨੇ, ਭਾਈ ਗੁਰਦਾਸ ਜੀ ਦੀਆਂ ਵਾਰਾਂ ਪੜ੍ਹਿਆ ਕਰੋ, ਮੈਂ ਉਸ ਦਾ ਬੜਾ ਪ੍ਰੇਮੀ ਹਾਂ। ਭਾਈ ਗੁਰਦਾਸ ਜੀ ਕਹਿੰਦੇ ਹਨ:

*"ਕਰਤਾ ਪੁਰਖੁ ਨਾ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ।"*

ਰੱਬ ਨੂੰ ਤੇ ਸਿਮਰਦਾ ਨਹੀਂ, ਜਿਹੜੀਆਂ ਚੀਜ਼ਾਂ ਰੱਬ ਨੇ ਬਣਾਈਆਂ ਹਨ, ਇਨਸਾਨ ਉਸ ਨੂੰ ਹੀ ਕਰਤਾ-ਪੁਰਖ ਮੰਨ ਕੇ ਬੈਠ ਗਿਆ ਹੈ। ਹੁਣ ਰੋਕਣ ਜੋਗਾ ਹੀ ਕੋਈ ਨਹੀਂ। ਕਿਥੋਂ ਜੰਮ

Sri Satguru Jagjit Singh Ji Elibrary NamdhariElibrary@gmail.com

ਪਏ ਹੁਣ ਫੂਲਾ ਸਿੰਘ ਜਿਹੜਾ ਜਾ ਕੇ ਕਹੇ ਸਿੰਘ ਸਾਹਿਬ ਜੀ ! ਕਦੇ ਨਹੀਂ ਸੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਸਾਹਿਬ ਆਖਿਆ ਅਕਾਲੀ ਜੀ ਨੇ। ਸਿੰਘ ਸਾਹਿਬ ਜੀ ! ਮੈਂ ਸੁਣਿਆ ਕੱਲ ਤੁਸਾਂ ਲਾਹੌਰ ਦੀ ਇਕ ਵੇਸਵਾ ਮੋਰਾਂ, ਉਸ ਦਾ ਨਾਚ ਵੇਖਿਆ, ਸੁਣਿਆ ਹੈ ਉਸ ਦੇ ਗੰਦੇ ਗੀਤ ਵੀ ਤੁਸਾਂ ਸੁਣੇ ਨੇ। ਇਹ ਮਨਮੱਤ ਹੈ, ਤੇ ਸ਼ੇਰੇ ਪੰਜਾਬ ਬੇਪ੍ਰਵਾਹ ਜਿਹਾ ਹੋ ਕੇ ਕਹਿਣ ਲੱਗਾ, "ਭਾਈ ਜੀ ! ਰਾਜੇ ਮਹਾਰਾਜੇ ਐਸਾ ਕਰਦੇ ਹੀ ਨੇ। ਇਕ ਭਾਈ ਜਿਹਾ ਜਾਣਿਆ ਉਸ ਨੂੰ ਕਿ ਗੁਰਦੁਆਰੇ ਦਾ ਭਾਈ ਜਿਹਾ ਹੀ ਹੈ। ਅਕਾਲੀ ਜੀ ਨੇ ਆਖਿਆ, ਪੁੱਤ ! ਭਾਈ ਜੀ ਦਾ ਲੱਗ ਜਾਊਗਾ ਪਤਾ ਸਵੇਰੇ ! ਅਕਾਲੀ ਫੂਲਾ ਸਿੰਘ ਨੇ ਰਾਤੋਂ-ਰਾਤ ਤਿੰਨ ਸਰਕੂਲਰ ਜਾਰੀ ਕੀਤੇ। ਪਹਿਲਾ ਇਹ ਕਿ ਜਿਸ ਨੂੰ ਵੀ ਸਵੇਰੇ ਰਣਜੀਤ ਸਿੰਘ ਮਿਲੇ, ਭਾਵੇਂ ਮਿਲਟਰੀ ਮੈਨ, ਭਾਵੇਂ ਦੁਕਾਨਦਾਰ, ਭਾਵੇਂ ਕੋਈ, ਰਣਜੀਤ ਸਿੰਘ ਨੂੰ ਕੋਈ ਫਤਹਿ ਨਾ ਬੁਲਾਇਓ, ਇਹ ਮਨਮਤੀਆ ਹੈ। ਦੂਸਰਾ ਹੁਕਮ ਜਾਰੀ ਕੀਤਾ, ਜਿਹੜੀ ਰੋਜ਼ ਅਰਦਾਸ ਹੁੰਦੀ ਹੈ ਨਾ ਹਰਿਮੰਦਰ ਸਾਹਿਬ ਕਿ ਰਣਜੀਤ ਸਿੰਘ ਦਾ ਰਾਜ ਅਟੱਲ ਰਹੇ, ਉਹ ਅਰਦਾਸ ਸਵੇਰੇ ਨਹੀਂ ਹੋਵੇਗੀ, ਮਨਮਤੀਏ ਦਾ ਰਾਜ ਭਾਗ ਅਟੱਲ ਨਹੀਂ ਰੱਖਿਆ ਜਾਵੇਗਾ। ਤੀਸਰਾ ਹੁਕਮ ਵੀ ਰਾਤੋਂ-ਰਾਤ ਜਾਰੀ ਕੀਤਾ ਕਿ ਜਿਹੜੀ ਕੜਾਹ ਪ੍ਰਸ਼ਾਦਿ ਵਾਸਤੇ ਰਕਮ ਆਉਂਦੀ ਹੈ ਨਾ ਖਜ਼ਾਨੇ ਵਿਚੋਂ ਰੋਜ਼, ਉਹ ਭਲਕੇ ਨਹੀਂ ਵਸੂਲ ਕੀਤੀ ਜਾਏਗੀ। ਮਨਮਤੀਏ ਦਾ ਕੜਾਹ ਪ੍ਰਸ਼ਾਦਿ ਨਹੀਂ ਵਸੂਲ ਕੀਤਾ ਜਾਏਗਾ। ਜਿਸ ਵੇਲੇ ਚੜ੍ਹਿਆ ਦਿਨ, ਬਜ਼ਾਰ ਵਿਚ ਜਿਸ ਨੂੰ ਮਿਲੇ ਰਣਜੀਤ ਸਿੰਘ, ਕੋਈ ਫਤਹਿ ਵੀ ਨਾ ਬੁਲਾਏ, ਹਰਿਮੰਦਰ ਸਾਹਿਬ ਦੇ ਸੇਵਾਦਾਰ ਦਾ ਸੁਨੇਹਾ ਆ ਗਿਆ, ਮਹਾਰਾਜ ਜੀ, ਅੱਜ ਤੁਹਾਡੀ ਅਰਦਾਸ ਨਹੀਂ ਜੇ ਹੋਈ। ਦੂਜਾ ਸੁਨੇਹਾ ਆ ਗਿਆ, ਮਹਾਰਾਜ ਜੀ, ਰਕਮ ਵੀ ਵਾਪਸ ਆ ਗਈ ਜੇ ਕੜਾਹ ਪ੍ਰਸ਼ਾਦਿ ਵਾਲੀ। ਫਿਰ ਮੱਥਾ ਠਰਕਿਆ ਰਣਜੀਤ ਸਿੰਘ ਦਾ, ਉਫ ! ਜਿਸ ਨੂੰ ਮੈਂ ਭਾਈ ਜਿਹਾ ਸਮਝਿਆ ਸੀ ਉਸ ਨੇ ਤਾਂ ਚੱਕਰੀ ਘੁਮਾ ਦਿੱਤੀ। ਫੇਰ ਰਣਜੀਤ ਸਿੰਘ ਨੇ ਬੁਲਾਇਆ ਅਕਾਲੀ ਜੀ ਨੂੰ, ਮਹਾਰਾਜ ਮੈਂ ਭੁੱਲ ਗਿਆ ਹਾਂ। ਕਹਿਣ ਲੱਗੇ, "ਬੇਟਾ ! ਰਾਤੀਂ ਸੀ ਮਾਮਲਾ ਤੇਰੇ ਮੇਰੇ ਵਿਚ ! ਹੁਣ ਇਹ ਮਾਮਲਾ ਆ ਗਿਆ ਹੈ ਪੰਥ ਵਿਚ, ਹੁਣ ਗੁਨਾਹ-ਗਾਰਾਂ ਦੀ ਤਰ੍ਹਾਂ ਤੈਨੂੰ ਅਕਾਲ ਤਖਤ ਸਾਹਿਬ ਮੌਜੂਦ ਹੋਣਾ ਹੀ ਪਵੇਗਾ।" ਮੰਨ ਗਿਆ ਰਣਜੀਤ ਸਿੰਘ ਕਿ ਹੋ ਜਾਵਾਂਗਾ। ਤੇ ਮੋਰਾਂ ਨੂੰ ਕਿਤੇ ਪਤਾ ਲੱਗਾ ਕਿ ਰਣਜੀਤ ਸਿੰਘ ਕਿਤੇ ਦਬਕੇ ਤੋਂ ਜਰਕ ਗਿਆ ਹੈ। ਉਹ ਮਿਲਣ ਵਾਸਤੇ ਆਈ, ਭਈ ਮਹਾਰਾਜ ਸਾਹਿਬ ! ਮੈਂ ਸੁਣਿਆ ਸੀ ਕਿ ਤੁਸੀਂ ਮੈਨੂੰ ਆਖਿਆ ਸੀ ਨਾ ਮੈਂ ਪਟਰਾਨੀ ਬਣਾ ਲਵਾਂਗਾ ਤੈਨੂੰ, ਤੇ ਮੁੱਕਰ ਗਏ ਹੋ। ਕਹਿਣ ਲੱਗੇ, ਬਿਲਕੁਲ ਮੁੱਕਰ ਗਏ ਹਾਂ, ਤੇਰੇ ਵਰਗੀ ਵੇਸਵਾ ਮੇਰੇ ਮਹੱਲਾਂ ਵਿਚ ਆ ਕੇ ਪਟਰਾਨੀ ਨਹੀਂ ਬਣ ਸਕਦੀ। ਕਹਿਣ ਲੱਗੀ, ਮੈਂ ਤੇ ਸੁਣਿਆ ਸੀ ਗੁਰੂ ਕਾ ਸਿੱਖ ਬਚਨ ਕਹਿ ਕੇ ਫਿਰ ਮੁੱਕਰਦਾ ਨਹੀਂ ਤੇ ਤੂੰ ਗੁਰੂ ਗੋਬਿੰਦ ਸਿੰਘ ਦਾ ਸਿੱਖ ਹੋ ਕੇ ਮੁੱਕਰ ਗਿਆ ਹੈਂ। ਕਲ੍ਹ ਕਿਹਾ, ਮੈਂ ਤੈਨੂੰ ਪਟਰਾਨੀ ਬਣਾ ਲਵਾਂਗਾ, ਅੱਜ ਮੁੱਕਰ ਗਿਆ ਹੈਂ ? ਤੇ ਰਣਜੀਤ ਸਿੰਘ

ਖਿੜ-ਖਿੜਾ ਕੇ ਹੱਸਿਆ, ਮੋਰਾਂ, ਜਦੋਂ ਤੇਰੇ ਵਰਗੀ ਤਿੰਨਾਂ ਪੈਸਿਆਂ ਦੀ ਜੋਬਨ ਜਵਾਨੀ ਵੇਚਣ ਵਾਲੀ ਬੇਵਕੂਫ ਔਰਤ ਉਤੇ, ਉਸ ਦੇ ਚਮੜੇ ਉਤੇ ਮਸਤ ਹੋ ਕੇ ਜਦੋਂ ਮੈਂ ਤੈਨੂੰ ਕਹਿ ਦਿੱਤਾ, ਮੈਂ ਪਟਰਾਨੀ ਬਣਾ ਲਵਾਂਗਾ, ਉਦੋਂ ਦਰ-ਹਕੀਕਤ ਮੈਂ ਸਿੱਖ ਹੀ ਨਹੀਂ ਸੀ ਰਿਹਾ, ਉਦੋਂ ਮੇਰੇ ਤੋਂ ਸਿੱਖੀ ਨਿਕਲ ਗਈ। ਹੁਣ ਮੈਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਹਾਂ, ਤੇਰੇ ਵਰਗੀ ਵੇਸਵਾ ਮੇਰੇ ਮਹੱਲਾਂ ਵਿਚ ਨਹੀਂ ਵੜ ਸਕਦੀ। ਮੋਰਾਂ ਨੇ ਕਰਵਟ ਬਦਲੀ, ਕਹਿਣ ਲੱਗੀ, ਤੇਰੀਆਂ ਫੌਜਾਂ ਨੇ, ਤੇਰੇ ਰਸਾਲੇ ਨੇ, ਤੇਰੇ ਕੋਲ ਤੋਪਾਂ ਵਿਚ ਭਰਨ ਵਾਲੇ ਗੋਲੇ ਨੇ, ਕਿਉਂ ਜਰਕਦਾ ਹੈਂ ? ਤੇ ਰਣਜੀਤ ਸਿੰਘ ਦੇ ਅੱਥਰੂ ਨਿਕਲ ਗਏ ਸਨ, ਕਹਿਣ ਲੱਗੇ, "ਮੋਰਾਂ ! ਪੰਥ ਦੇ ਹੁਕਮ ਸਾਹਮਣੇ ਰਣਜੀਤ ਸਿੰਘ ਦੀਆਂ ਤੋਪਾਂ ਠੰਢੀਆਂ ਹੋ ਜਾਂਦੀਆਂ ਨੇ। ਪੰਥ ਦੇ ਹੁਕਮ ਸਾਹਮਣੇ ਰਣਜੀਤ ਸਿੰਘ ਦੀਆਂ ਫੌਜਾਂ ਦੀਆਂ ਤਲਵਾਰਾਂ ਖੁੰਢੀਆਂ ਹੋ ਜਾਣਗੀਆਂ। ਜੋ ਪੰਥ ਆਖੇਗਾ, ਉਹ ਰਣਜੀਤ ਸਿੰਘ ਨੂੰ ਮੰਨਣਾ ਹੀ ਪਵੇਗਾ।" ਪੰਥਾ ! ਇਹ ਤੇਰੀ ਸ਼ਾਨ ਸੀ, ਇਹ ਤੇਰਾ ਪ੍ਰਭਾਵ ਸੀ, ਪੰਥਾ ਇਹ ਤੇਰਾ ਬੋਲ-ਬਾਲਾ ਸੀ, ਆ ਗਿਆ ਰਣਜੀਤ ਸਿੰਘ, ਲੱਗ ਗਿਆ ਫਤਵਾ, ਲੱਗ ਗਿਆ ਕਪੜੇ ਲਾਹੁਣ, ਪਾਉਣਾ ਸੀ ਦਰੱਖਤ ਨੂੰ ਜੱਫਾ, ਵੱਜਣੇ ਸੀ ਕੋੜੇ ਤੇ ਫਿਰ ਅਕਾਲੀ ਫੂਲਾ ਸਿੰਘ ਜੀ ਨੇ ਆਖਿਆ, ਖਾਲਸਾ ਜੀ ! ਇਸ ਦੇ ਅੰਦਰੋਂ ਹਉਮੈ ਨਿਕਲ ਗਈ ਹੈ, ਇਸ ਦੇ ਅੰਦਰ ਜਿਹੜਾ ਰੋਗ ਸੀ ਉਹ ਨਿਕਲ ਗਿਆ ਹੈ, ਹੁਣ ਇਸ ਨੂੰ ਮਾਫ ਕਰ ਛੱਡੋ। ਮੈਂ ਕਈਆਂ ਸਿੱਖਾਂ ਵੱਲ ਵੇਖਦਾ ਹਾਂ ਇੰਡੀਆਂ ਵਿਚ, ਮਾਨ ਸਿੰਘ ਝੌਰ ਜੀ ਦੱਸਦੇ ਹਨ, ਜੇ ਕੋਈ ਸਹਿਜਧਾਰੀ ਆ ਜਾਏ ਨਾ, ਸਿਰ ਹੋਵੇ ਉਸ ਦਾ ਨੰਗਾ ਮੱਥਾ ਟੇਕਦੇ, ਤੇ ਜਿੰਨੇ ਕੇਸਾਂ ਵਾਲੇ, ਦਾੜ੍ਹੀ ਵਾਲੇ ਹੁੰਦੇ ਨੇ, ਸਾਰੇ ਡੋਲ ਜਾਂਦੇ ਨੇ। ਜਿਸ ਵੇਲੇ ਸਾਰੇ ਤਲਬਲਾ ਜਾਂਦੇ ਨੇ। ਮੈਂ ਉਦੋਂ ਬੜਾ ਹੈਰਾਨ ਹੁੰਦਾ ਹਾਂ ਕਿ ਇਹ ਜਿਹੜੇ ਬਹੁਤੇ ਔਖੇ ਹੋਏ ਨੇ, ਇਨ੍ਹਾਂ ਨੇ ਕਦੇ ਆਪਣੀ ਨੂੰਹ ਵੱਲ ਨਹੀਂ ਵੇਖਿਆ ਕਿ ਉਸ ਦੀਆਂ ਗੁੱਤਾਂ ਦੋ ਨੇ ਕਿ ਚਾਰ ? ਇਹ ਜਿਹੜੇ ਬਹੁਤੇ ਆਵਾਜ਼ਾਰ ਹੋਏ ਨੇ ਨਾ ਸਹਿਜਧਾਰੀ ਵੱਲ ਵੇਖ ਕੇ, ਕਦੇ ਨਹੀਂ ਧਿਆਨ ਪਾਇਆ ਕਿ ਕੁੜੀ ਦੇ ਕੇਸ ਮੁੰਨੇ ਹੋਏ ਨੇ ਕਿ ਕੱਟੇ ਹੋਏ ਨੇ। ਲੋਕਾਂ ਵਲ ਅਸੀਂ ਵੇਖਦੇ ਹਾਂ, ਆਪਣੇ ਵਲ ਅਸੀਂ ਵੇਖਦੇ ਨਹੀਂ, ਆਪਣੇ ਅੰਦਰ ਝਾਤੀ ਮਾਰਦੇ ਨਹੀਂ, ਆਪਣੇ ਔਗੁਣਾਂ ਨੂੰ ਚੁਣਦੇ ਨਹੀਂ, ਲੋਕਾਂ ਉਤੇ ਚਿੱਕੜ ਸੁੱਟਣ ਦੀ ਕੋਸ਼ਿਸ਼ ਕਰਦੇ ਹਾਂ ਕਿ ਪਿਆਰਿਆ ! ਵਰਜਣ ਵਾਲਾ ਕੋਈ ਨਹੀਂ ਰਿਹਾ, ਜੋ ਕਿਸੇ ਦਾ ਜੀਅ ਆਉਂਦਾ ਹੈ, ਕਰੀ ਜਾਂਦਾ ਹੈ। ਭਾਈ ਸਾਹਿਬ ਕਹਿੰਦੇ ਨੇ, ਕੋਈ ਜਵਾਨ ਹੋ ਗਿਆ, ਕੋਈ ਨਾਰੀ ਬਣ ਕੇ ਇਸ ਦੇ ਘਰ ਆ ਗਈ ਹੈ। ਉਸ ਦਾ ਪਤੀ ਬਣ ਗਿਆ, ਇਨ੍ਹਾਂ ਦੇ ਪਿਆਰ ਦੇ ਨਤੀਜੇ ਕਾਕਾ ਜੰਮ ਪਿਆ, ਅਗੋਂ ਕਾਕਾ ਵਿਆਹ ਦਿੱਤਾ, ਫਿਰ ਉਸ ਦੇ ਘਰ ਕਾਕਾ ਜੰਮ ਪਿਆ, ਫਿਰ ਆਪਣਾ ਕਾਕਾ ਪਿਤਾ ਜੀ, ਪਿਤਾ ਜੀ, ਆਖਣ ਲੱਗ ਪਿਆ। ਕੋਈ ਮੁੰਡਾ ਪਿਤਾ ਨੂੰ ਵੇਖ ਕੇ ਪਿਤਾ ਕਹੇ, ਚਪੇੜਾਂ ਖਾਣੀਆਂ ਏਂ। ਉਹ ਡੈਡੀ ਆਖਦਾ ਹੈ, ਡੈਡੀ। ਉਹ ਮਾਂ ਅਖਵਾ ਕੇ ਨਹੀਂ ਰਾਜ਼ੀ, ਕਹਿੰਦੀ ਮੰਮੀ ਕਹੋ, ਮੰਮੀ ! ਉਹ ਇਕ ਬੰਦੇ ਨੇ ਪੁਛਿਆ ਜੀ ਮੈਂ, ਕਿਥੇ ਚਲਿਆ ਹੈਂ ?

ਕਹਿੰਦਾ ਜੀ ਮੈਂ ਚਲਿਆ ਹਾਂ ਨਮੀਨੀ ਕਰਾਰੀ, ਆਇਆ ਕਿਥੋਂ ਹੈਂ ? ਨੀਵੇਂ ਧਕਾਲਿਓਂ। ਨਾਂ ਕੀ ਉ ? ਆਖੇ ਨਿੱਕੂ ! ਆਖਦਾ ਫਿਰ ਗਰਕ ਹੋਣ ਦੀ ਕਸਰ ਰਹਿ ਗਈ ਉ ਬਾਕੀ। ਹੁਣ ਤੈਨੂੰ ਮਾਂ ਸਬਦ ਨਹੀਂ ਚੰਗਾ ਲੱਗਦਾ, ਤੈਨੂੰ ਪਿਉ ਸ਼ਬਦ ਨਹੀਂ ਚੰਗਾ ਲੱਗਦਾ। ਤੇਰੇ ਭਾਣੇ ਤੇ ਗੁਰੂ ਗ੍ਰੰਥ ਸਾਹਿਬ ਝੂਠ ਹੀ ਬੋਲਦਾ ਹੈ ਨਾ:

*"ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥*
*ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥*
*ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥ ੧॥"*

ਤੇਰੇ ਵਾਸਤੇ ਤਾਂ ਗੁਰੂ ਅਰਜਨ ਸਾਹਿਬ ਗਲਤ ਲਿਖ ਗਿਆ ਨਾ, ਭਈ ਮਾਂ ਪਿਉ ਨਹੀਂ ਸੀ ਲਿਖਣਾ। ਸਿੰਘਾ ! ਆਪਣੀ ਸੰਸਕ੍ਰਿਤੀ ਨਾ ਛੱਡ ! ਸਹੁਰੇ ਬਣ ਗਏ, ਪੇਕੇ ਬਣ ਗਏ, ਨਾਨਕੇ ਬਣ ਗਏ, ਬਦੋ-ਬਦੀ ਪਰਵਾਰ ਬਣ ਗਿਆ। ਹੁਣ ਹੋ ਗਿਆ ਵੱਡਾ ਪਰਵਾਰ। ਜਿਹੜੇ ਪਿੰਡ ਦੇ ਸਰਪੰਚ ਆਗੂ ਲੋਕ ਨੇ, ਉਹਨਾਂ ਵਿਚ ਵੀ ਪੱਤ ਹੈ। ਭਾਈਆ ! ਜਿਹੜਾ ਲਾਗ ਜੋੜ ਦੇਣਾ ਹੈ, ਇਹ ਵੱਡ ਪਰਿਵਾਰ ਹੈ, ਇਹ ਦਵੇਗਾ। ਜਿਸ ਵੇਲੇ ਅੰਤ ਦਾ ਵੇਲਾ ਆਇਆ, ਜਮਾਂ ਨੇ ਆਪਣੀ ਜਾਲੀ ਵਿਚ ਫਸਾ ਲਿਆ, ਨਾ ਭੈਣ, ਨਾ ਭਰਾ, ਨਾ ਜਨਾਨੀ, ਨਾ ਪੁੱਤ, ਨਾ ਪੋਤਰਾ, ਨਾ ਦੋਤਰਾ, ਕਿਸੇ ਸਾਥ ਨਹੀਂ ਦਿੱਤਾ। ਭਾਈ ਜੀ ਸਤਵੀਂ ਤੁੱਕ ਵਿਚ ਕਹਿੰਦੇ ਨੇ:

*"ਗੁਰ ਪੂਰੇ ਵਿਣੁ ਜਾਇ ਜਮਾਣੈ।"*

ਗੁਰੂ ਪੂਰੇ ਦੀ ਸੇਵਾ ਨਹੀਂ ਕੀਤੀ, ਜਮਾਣੇ ਦਾ ਅਰਥਾਤ ਜਮਾਂ ਦੀ ਪੁਰੀ ਵਿਚ ਜਾਣਾ ਪਵੇਗਾ, ਨਰਕਾਂ ਵਿਚ ਜਾਣਾ ਪਵੇਗਾ:

*"ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ।"*

ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਦੁਆਰਾ ਪਿੱਪਲੀ ਸਾਹਿਬ ਚਾਰ ਮੀਲ ਹੈ। ਪਿਛੋੜ, ਅਫਗਾਨਿਸਤਾਨ ਉਥੋਂ ਆ ਰਹੇ ਨੇ, ਧੰਨ ਜਗਤ ਦੀਆਂ ਸੰਗਤਾਂ, ਸਾਰੀਆਂ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀਆਂ ਹੋ ਕੇ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਨੂੰ ਆਈਆਂ। ਸ੍ਰੀ ਹਰਿਮੰਦਰ ਸਾਹਿਬ ਦੀਦਾਰ ਕਰਾਂਗੇ, ਤੇ ਉਤਾਰਾ ਲੈ ਲਿਆ ਗੁਰਦੁਆਰਾ ਪਿੱਪਲੀ ਸਾਹਿਬ। ਡੇਰੇ ਲਾ ਲਏ ਪਿੱਪਲੀ ਸਾਹਿਬ, ਕੀਰਤਨ ਉਥੇ ਜਾਰੀ, ਦਰਬਾਰ ਸੱਚੇ, ਰੋਜ਼ ਅੰਮ੍ਰਿਤ ਬਰਸੇ। ਅਸੀਂ ਹੁਣ ਕੀਰਤਨ ਨਾਲ ਵੀ ਰੁਚੀ ਘੱਟ ਰੱਖਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ, ਨਾ ਵਹਿਗੁਰੂ ਦਾ ਜੱਸ ਸੁਣਦਾ, ਨਾ ਕਰਦਾ, ਤੇ ਗੱਲਾਂ ਨਾਲ ਅਸਮਾਨ ਦੀਆਂ ਟਾਕੀਆਂ ਵੀ ਤੋੜ ਲੈਂਦਾ ਹੈ:

*"ਐਸੇ ਲੋਗਨ ਸਿਉ ਕਿਆ ਕਹੀਐ॥"*

ਜਿਨ੍ਹਾਂ ਨੂੰ ਵਾਹਿਗੁਰੂ ਨੇ ਭਗਤੀ ਨਹੀਂ ਨਾ ਆਪਣੀ ਬਖਸ਼ੀ, ਉਹਨਾਂ ਕੋਲੋਂ ਸਦਾ ਡਰੋ, ਉਹਨਾਂ ਕੋਲੋਂ ਸਦਾ ਖੌਫ ਖਾਉ, ਉਹਨਾਂ ਕੋਲੋਂ ਸਦਾ ਆਪਣਾ ਪੱਲੂ ਬਚਾਉ। ਆਪ ਤੇ ਕਿਸੇ ਨੂੰ ਚੁਲੀ ਪਾਣੀ ਦੇਣ ਜੋਗੇ ਵੀ ਨਹੀਂ ਪਿਆਸੇ ਨੂੰ ! ਤੇ ਨਿੰਦਿਆ ਉਹਨਾਂ ਦੀ ਕਰਦੇ ਨੇ ਜਿਨ੍ਹਾਂ ਪਹਾੜਾਂ ਤੋਂ ਗੰਗਾ ਧਰਤੀ ਉਤੇ ਲੈ ਆਂਦੀ। ਉਠਦਿਆਂ, ਬੈਠਦਿਆਂ ਖੋਟਾਪਣ ਵਰਤਦੇ ਨੇ, ਕਹਿੰਦੇ ਆਪ ਅੰਨ੍ਹੇ ਕਾਣੇ ਨੇ, ਰੱਬ ਲੱਭਦਾ ਨਹੀਂ, ਸੰਗਤ ਵਿਚ ਆਉਂਦਾ ਕੋਈ ਨਹੀਂ, ਮਹਾਂਪੁਰਸ਼ਾਂ ਦੀ ਸੇਵਾ ਕਰਦੇ ਕੋਈ ਨਹੀਂ, ਲੋਕਾਂ ਤੇ ਹੱਸਦੇ ਨੇ, ਲੋਕਾਂ ਤੇ ਮਖੌਲ ਕਰਦੇ ਨੇ, ਇਹੋ ਜਿਹੇ ਲੋਕਾਂ ਨੂੰ ਵੇਖ ਕੇ ਕਬੀਰ ਕਹਿੰਦਾ, ਮੈਂ ਸ਼ਰਮਿੰਦਾ ਹੋ ਗਿਆ ਹਾਂ, ਭਈ ਮੈਨੂੰ ਲੱਜਾ ਆਉਂਦੀ ਹੈ, ਕਿ ਇਹੋ ਜਿਹੇ ਲੋਕ ਕਿਉਂ ਜੰਮ ਪਏ ਨੇ। ਇਨ੍ਹਾਂ ਲੋਕਾਂ ਦੇ ਆਉਣ ਦਾ ਕੀ ਫਾਇਦਾ। ਮਾਨ ਸਿੰਘ ਜੀ ਦੱਸਦੇ ਨੇ ਮੈਂ ਇਕ ਸਲੋਕ ਪੜ੍ਹਿਆ ਹੈ, ਭਈ ਜਿਹੜੇ ਬੇਈਮਾਨ ਮਹਾਂਪੁਰਸ਼ ਨੇ ਨਾ, ਇਹ ਬੱਕਰੀ ਦੇ ਗਲ ਵਿਚ ਲੂਲਾਂ ਵਰਗੇ ਨੇ। ਬੱਕਰੀ ਦੇ ਗਲ ਵਿਚ ਵੀ ਦੋ ਥੱਣ ਹੁੰਦੇ ਨੇ। ਜੇ ਗਲ ਵਿਚ ਉਹ ਦੋ ਥਣ ਹੋਣ ਤਾਂ ਬੱਕਰੀ ਨੇ ਕੁਝ ਹੋਰ ਨਹੀਂ ਬਣ ਜਾਣਾ। ਜਿਹੜੇ ਵਾਹਯਾਤ ਪੁਰਸ ਨੇ, ਬੇਈਮਾਨ ਜੇ ਉਹ ਜੰਮ ਪੈਣ ਤਾਂ ਕੋਈ ਫਾਇਦਾ ਨਹੀਂ। ਮਹਾਂਪੁਰਸ਼ ਕਹਿੰਦੇ ਨੇ, ਜਿਹੜੀ ਬੱਕਰੀ ਦੇ ਗਲ ਦੀਆਂ ਦੋ ਲੂਲਾਂ ਨੇ ਨਾ, ਕਿਸੇ ਮਾਸਾਹਾਰੀ ਨੂੰ ਉਸ ਵਿਚੋਂ ਮਾਸ ਨਹੀਂ ਲੱਭਦਾ, ਮਾਸ ਹੁੰਦਾ ਹੀ ਨਹੀਂ ਉਹਨਾਂ ਵਿਚ। ਜੇ ਕੋਈ ਚਮੜੇ ਦਾ ਵਪਾਰੀ ਆ ਜਾਏ ਇਨ੍ਹਾਂ ਉਤੋਂ ਚਮੜਾ ਲਾਹੁਣ, ਤਾਂ ਉਹਨਾਂ ਨੂੰ ਚਮੜਾ ਨਹੀਂ ਮਿਲਦਾ। ਚਮੜੇ ਵਾਲੇ ਨੂੰ ਚਮੜਾ ਨਹੀਂ ਲੱਭਦਾ, ਮਾਸ ਵਾਲੇ ਨੂੰ ਮਾਸ ਨਹੀਂ ਲੱਭਦਾ, ਤਾਂ ਨਿਕੰਮੀਆਂ ਨੇ, ਵਾਹਯਾਤ ਨੇ, ਫਜ਼ੂਲ ਨੇ ਇਹ ਬੱਕਰੀਆਂ। ਇਸੇ ਤਰ੍ਹਾਂ ਜਿਹੜੇ ਧਰਤੀ ਤੇ ਬੇਈਮਾਨ ਪੁਰਸ਼ ਨੇ, ਉਹ ਫਜ਼ੂਲ ਨੇ, ਉਹਨਾਂ ਵਲ ਭਾਈ ਗੁਰਦਾਸ ਜੀ ਨੇ ਵੇਖ ਕੇ ਆਖਿਆ ਹੈ ਕਿ ਜਿਹੜੇ ਅਕ੍ਰਿਤਘਣ ਲੋਕ ਨੇ, ਵਾਹਿਗੁਰੂ ਦੇ ਕੀਤੇ ਨੂੰ ਨਾ ਜਾਣਨ ਵਾਲੇ ਨੇ, ਉਹ ਮੰਦੇ ਤੋਂ ਮੰਦੇ ਨੇ। ਸਿਮਰ ਪਿਆਰਿਆ ਵਾਹਿਗੁਰੂ ਦਾ ਨਾਂ, ਜੇ ਆਪਣਾ ਬੇੜਾ ਪਾਰ ਕਰਨਾ ਈ। ਦੂਸਰੇ ਦਿਨ ਗੁਰੂ ਅਰਜਨ ਦੇਵ ਜੀ ਦੇ ਕੰਨਾਂ ਤੱਕ ਇਹ ਖਬਰ ਪਹੁੰਚ ਗਈ ਕਿ ਭਾਈ ਸੰਗਤਾਂ ਆਈਆਂ ਨੇ ਹਜ਼ਾਰਾਂ, ਕੱਲ੍ਹ ਦੀਆਂ ਉਤਰੀਆਂ ਨੇ ਪਿੱਪਲੀ ਸਾਹਿਬ, ਬੜੇ-ਬੜੇ ਵੱਡੇ ਦਰਬਾਰ ਸਜੇ ਨੇ, ਅੰਮ੍ਰਿਤ-ਬਾਣੀ ਦਾ ਕੀਰਤਨ ਹੁੰਦਾ ਹੈ, ਸਰੋਤੇ ਜਨਮ-ਜਨਮਾਂਤਰਾਂ ਦੀਆਂ ਪਿਆਸਾਂ ਬੁਝਾ ਰਹੇ ਨੇ, ਪਰ ਗਰੀਬ-ਨਿਵਾਜ਼ ਬਾਪੂ ਨੂੰ ਪਤਾ ਲੱਗਾ ਕਿ ਉਥੇ ਲੰਗਰ ਕੋਈ ਨਹੀਂ। ਸੰਗਤਾਂ ਭੁੱਖੀਆਂ ਨੇ ਤੇ ਪੰਜਵੇਂ ਬਾਪੂ ਸਾਹਿਬ ਸੱਚੇ ਪਾਤਿਸ਼ਾਹ ਨੇ ਆਪਣੀ ਪਤਨੀ ਨੂੰ ਘਰ ਸੁਨੇਹਾ ਭੇਜਿਆ, ਖੁਦ ਉਹਨਾਂ ਨੇ ਦਰਬਾਰ ਵਿਚ ਬੁਲਾਇਆ, ਗੰਗਾ ਗੱਦ-ਗੱਦ ਹੋਈ, ਇਹ ਨਹੀਂ ਸਮਝਿਆ ਕਿ ਮੇਰਾ ਨਿਰਾਦਰ ਹੋਇਆ ਹੈ, ਇਹ ਨਹੀਂ ਸਮਝਿਆ ਕਿ ਮੈਨੂੰ ਦਰਬਾਰ ਵਿਚ ਕਿਉਂ ਬੁਲਾਇਆ ਹੈ, ਇਹ ਨਹੀਂ ਸਮਝਿਆ ਕਿ ਮੈਂ ਪਾਪ ਕੋਈ ਨਹੀਂ ਕੀਤਾ, ਮੈਨੂੰ ਦਰਬਾਰ ਵਿਚ ਕਿਉਂ ਸੱਦਣ ਲੱਗੇ ਨੇ ? ਗੱਦ-ਗੱਦ ਹੋ ਗਈ, ਪਤੀਦੇਵ ਦਾ ਹੁਕਮ ਆਇਆ ਹੈ, ਮੇਰੇ ਸਾਂਈਂ ਦਾ ਹੁਕਮ ਆਇਆ

Sri Satguru Jagjit Singh Ji Elibrary NamdhariElibrary@gmail.com

ਹੈ, ਜਿਸ ਨੂੰ ਹੁਕਮ ਨਹੀਂ ਮੰਨਣਾ ਆਇਆ, ਉਹ ਜ਼ਿੰਦਗੀ ਵਿਚ ਕਦੇ ਕਾਮਯਾਬ ਨਹੀਂ ਹੋ ਸਕਦਾ। ਮੇਰੇ ਸਾਹਿਬ ਸੱਚਾ ਪਾਤਿਸ਼ਾਹ ਕਹਿੰਦੇ ਨੇ:

*"ਨਾਨਕ ਹੁਕਮੁ ਤਿਨਾ ਮਨਾਇਸੀ ਭਾਈ*
*ਜਿਨਾ ਪੂਰੇ ਕਮਾਇਆ ਨਾਉ ॥"*

---

*"ਅਖੀ ਬਾਝਹੁ ਵੇਖਣਾ*
*ਵਿਣੁ ਕੰਨਾ ਸੁਨਣਾ ॥"*
*"ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥*
*ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥"*

ਇਸ ਪੰਕਤੀ ਵਿਚ ਕਹਿੰਦੇ ਨੇ, ਸਾਧ ਸੰਗਤ ਜੀ ! ਜਿਸ ਨੇ ਗੁਰੂ ਦਾ ਹੁਕਮ ਮੰਨ ਲਿਆ, ਉਹ ਸਦਾ ਖੁਸ਼ ਰਹਿੰਦਾ ਹੈ, ਉਸ ਦਾ ਬੇੜਾ ਪਾਰ ਹੋ ਜਾਂਦਾ ਹੈ। ਸਾਨੂੰ ਸਾਰਿਆਂ ਨੂੰ ਸੱਚੀ ਕਿਰਤ ਕਰਨੀ ਚਾਹੀਦੀ ਹੈ, ਕਿਉਂਕਿ ਝੂਠੀ ਕਿਰਤ ਕਰਨ ਵਾਲਿਆਂ ਨਾਲੋਂ ਵਾਹਿਗੁਰੂ ਰੁੱਠ ਜਾਂਦਾ ਹੈ, ਸਦਾ ਉਹਨਾਂ ਤੋਂ ਦੂਰ ਹੋ ਜਾਂਦਾ ਹੈ।

◆◆◆◆

# ਕਾਇਆਂ ਦਾ ਕਿਲ੍ਹਾ

ਸੰਸਾਰੀ ਢਾਂਚਾ ਐਸੀ ਢਾਲਣਾ ਵਿਚ ਢਾਲਿਆ ਗਿਆ ਹੈ, ਜਿਸ ਵਿਚ ਹਰ ਇਕ ਮਨੁੱਖ ਦੇਵਤਾ, ਸੂਰਮਾ, ਰਾਕਸ਼ਸ਼ ਆਪਣੇ ਆਪ ਨੂੰ ਤਾਕਤਵਰ ਸਮਝਦੇ ਨੇ। ਆਪਣੇ ਆਪ ਨੂੰ ਤੇ ਆਪਣੇ ਸ਼ਸ਼ਤਰਾਂ ਨੂੰ ਸਭ ਤੋਂ ਵੱਧ ਸ਼ਕਤੀਸ਼ਾਲੀ ਸਮਝਦੇ ਨੇ, ਪਰ ਗੁਰੂ ਜੀ ਸਾਨੂੰ ਦੱਸਦੇ ਨੇ ਕਿ ਵਾਹਿਗੁਰੂ ਦੀ ਤਲਵਾਰ ਨੂੰ ਵੇਖ ਕੇ ਸਾਰੇ ਦੇਵਤੇ, ਸੂਰਮੇ, ਦੈਂਤ, ਰਾਕਸ਼ਸ਼, ਪੀਰ ਪੈਗ਼ੰਬਰ, ਇਹ ਸਾਰੇ ਭੱਜ ਜਾਂਦੇ ਨੇ। ਇਹ ਤਲਵਾਰ ਹੈ ਵਾਹਿਗੁਰੂ ਦੀ, ਤਲਵਾਰ ਹੈ ਹੁਕਮ ਦੀ ਤੇ ਉਸ ਦਾ ਹੁਕਮ ਅਟੱਲ ਹੈ। ਵਾਹਿਗੁਰੂ ਦੀ ਤਲਵਾਰ ਅੱਗੇ ਨਾ ਕੋਈ ਰਾਕਸ਼ਸ਼ ਟਿਕਿਆ ਹੈ, ਨਾ ਕੋਈ ਸੂਰਮਾ, ਨਾ ਕੋਈ ਦੇਵਤਾ, ਨਾ ਕੋਈ ਦੈਂਤ ਤੇ ਨਾ ਹੀ ਕੋਈ ਪੀਰ ਪੈਗ਼ੰਬਰ ਟਿਕਿਆ ਹੈ। ਗਰੀਬ ਨਿਵਾਜ਼ ਸਾਹਿਬ ਸੱਚਾ ਪਾਤਿਸ਼ਾਹ ਸਾਨੂੰ ਇਕ ਹੋਕਾ ਦੇ ਰਹੇ ਨੇ ਕਿ ਕਰ ਦਾ ਅਰਥ ਹੈ, ਕਿਲ੍ਹਾ, ਬੰਕਾ ਦਾ ਅਰਥ ਹੈ ਬੜਾ ਪੱਕਾ ਮਜ਼ਬੂਤ ਕਿਲ੍ਹਾ। ਹੇ ਭਰਾਵੋ ! ਇਹ ਕਾਇਆਂ ਦਾ ਕਿਲ੍ਹਾ ਬੜਾ ਪੱਕਾ ਹੈ, ਕਾਇਆਂ ਦਾ ਕਿਲ੍ਹਾ ਬੜਾ ਮਜ਼ਬੂਤ ਹੈ। ਇਸ ਦੇ ਕਿਲ੍ਹੇ ਦੀ ਦੀਵਾਰ ਹੈ ਰਾਗ ਔਰ ਦ੍ਵੈਸ਼ ਦੀ। ਰਾਗ ਦਾ ਅਰਥ ਹੈ ਪ੍ਰੇਮ ਤੇ ਦ੍ਵੈਸ਼ ਦਾ ਅਰਥ ਹੈ ਵੈਰ। ਇਹ ਦੋਹਰੀ ਕੰਧ ਹੈ, ਇਸ ਕਿਲ੍ਹੇ ਦੇ ਚਾਰ-ਚੁਫੇਰੇ। ਕਹਿੰਦੇ ਨੇ, "ਆ ਕਾਕਾ ਸੁੱਖ ਨਾਲ ਸਾਡਾ, ਆ ਭਰਾ ਸੁੱਖ ਨਾਲ ਮੇਰਾ, ਇਹ ਭੂਆ ਦਾ ਪੋਤਰਾ, ਚਾਚੇ ਦਾ ਪੁੱਤ, ਸੁੱਖ ਨਾਲ ਮੇਰਾ, ਤੇ ਇਹ ਯਾਰ ਪਤਾ ਨਹੀਂ ਕਿਥੋਂ ਆ ਗਏ ਨਾਲ। ਉਹਨੂੰ ਨਹੀਂ ਸਮਝਦਾ ਕਿ ਇਹ ਰੱਬ ਦਾ ਬੰਦਾ ਹੈ, ਉਹਨੂੰ ਨਹੀਂ ਸਮਝਦਾ ਐਹ ਵੀ ਕਿਸੇ ਮਾਂ ਦਾ ਪੁੱਤ ਹੈ, ਇਸ ਨੂੰ ਵੀ ਕਿਸੇ ਨੇ ਜਨਮ ਦਿੱਤਾ ਹੈ, ਉਹਨੂੰ ਤਾਂ ਇਹ ਚਿੰਗੜ-ਬੋਟ ਹੀ ਸਮਝਦਾ ਹੈ। ਇਹ ਦੋਹਰਾ ਕੋਟ ਹੈ, ਇਸ ਕਿਲ੍ਹੇ ਦੇ ਚਾਰ-ਚੁਫੇਰੇ।

*"ਦੋਵਰ ਕੋਟ ਅਰੁ ਤੇਵਰ ਖਾਈ॥"*

ਇਹ ਜਿਹੜੇ ਤਿੰਨ ਗੁਣ ਨੇ ਨਾ ਰਜੋ, ਸਤੋ, ਤਮੋ। ਇਹ ਤਿੰਨਾਂ ਗੁਣਾਂ ਦੀ ਖਾਈ ਹੈ ਇਸ ਕਾਇਆਂ ਦੇ ਚਾਰ-ਚੁਫੇਰੇ।

*"ਕਿਉ ਲੀਜੈ ਗਢੁ ਬੰਕਾ ਭਾਈ॥ ਦੋਵਰ ਕੋਟ ਅਰੁ ਤੇਵਰ ਖਾਈ॥"*
*ਪਾਂਚ ਪਚੀਸ ਮੋਹ ਮਦ ਮਤਸਰ......*

ਪੰਜ ਤੱਤ ਨੇ ਤੇ ਪੰਝੀ, ਇਹ ਤੱਤਾਂ ਦੀਆਂ ਪ੍ਰਕਿਰਤੀਆਂ ਨੇ, ਮੱਧ ਦਾ ਹੰਕਾਰ ਤੇ ਮੱਧਖਰ ਦਾ ਅਰਥ ਹੈ, "ਈਰਖਾ"। ਇਹ ਫੌਜ ਹੈ, ਇਸ ਕਿਲ੍ਹੇ ਦੇ ਵਿਚ ਰਹਿਣ ਵਾਲੀ ਇਹ ਫੌਜ ਹੈ। ਪੰਜਾਂ ਤੱਤਾਂ ਦੀ ਤੇ ਪੰਝੀਆਂ ਪ੍ਰਕਿਰਤੀਆਂ ਦੀ, ਮੋਹ ਦੀ, ਮੱਧ ਹੰਕਾਰ ਦੀ, ਈਰਖਾ ਦੀ

ਇਸ ਕਿਲ੍ਹੇ ਦੇ ਅੰਦਰ ਫੌਜ ਹੈ ਤੇ ਜਿਹੜੀ ਪਰਬਲ ਮਾਇਆ ਹੈ, ਸ਼ਕਤੀਸਾਲੀ, ਤਾਕਤਵਾਰ ਮਾਇਆ ਹੈ, ਜਿਸ ਨੇ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਉਛਾਇਆ। ਪਰਬਲ ਮਾਇਆ ਇਸ ਕਿਲ੍ਹੇ ਦਾ ਮੋਰਚਾ ਹੈ, ਜਿਹੜੇ ਮੋਰਚੇ ਵਿਚ ਲੁਕ ਕੇ ਸਿਪਾਹੀ ਲੜਦੇ ਨੇ। ਮੈਂ ਗਰੀਬ ਦਾਸ ਹਾਂ, ਮੈਂ ਨਿਮਾਣਾ ਇਕੱਲਾ ਹਾਂ, ਮੇਰੀ ਕੋਈ ਪੇਸ਼ ਨਹੀਂ ਚਲਦੀ, ਮੇਰਾ ਕੋਈ ਜ਼ੋਰ ਨਹੀਂ ਚਲਦਾ।

*ਕਹੁ ਕਰੋ ਰਘੂ ਰਾਇਆ ਪਿਆਰੇ ਕਹਾ ਕਰੋ ਰਘੂ ਰਾਇਆ।*

ਰਘੂ ਦਾ ਅਰਥ ਹੈ ਹੇਤ ਰਾਗ ਮੱਧੀਪੁਰ ਦੇ ਰਾਇਆ ਅਰਥਾਤ ਰਾਜਾ ਤੇ ਰਘੂ ਰਾਗਵਾਂ ਦੀ ਕੁੱਲ ਦਾ ਰਾਜਾ ਰਾਮ ਚੰਦਰ ਨੂੰ ਮੰਨਦੇ ਨੇ। ਹੇ ਰਾਮ ਚੰਦਰ ! ਮੈਂ ਕੀ ਕਰਾਂ ! ਮੈਂ ਕਿਵੇ ਬਚਾਂ ! ਮੇਰਾ ਪਾਰ-ਉਤਾਰਾ ਕਿਸ ਤਰ੍ਹਾਂ ਹੋਵੇ ?

*"ਕਾਮੁ ਕਿਵਾਰੀ"*

ਕਾਮ ਦਾ ਅਰਥ ਹੈ ਕਾਮਨਾ, ਖਾਹਿਸ਼ ਤੇ ਕੇਵਾਰੀ ਦਾ ਅਰਥ ਹੈ ਤਖ਼ਤੇ। ਜਿਹੜੀਆਂ ਸਾਡੀਆਂ ਕਾਮਨਾਵਾਂ ਨੇ ਨਾ, ਜਿਹੜੀਆਂ ਸਾਡੀਆਂ ਇਛਾਵਾਂ ਨੇਂ ਨਾ, ਇਹ ਤਖ਼ਤੇ ਨੇ ਬੜੇ ਮਜ਼ਬੂਤ। ਦੁੱਖ ਤੇ ਸੁਖ ਇਹ ਦੋ ਪਹਿਰੇਦਾਰ ਨੇ ਇਸ ਕਿਲ੍ਹੇ ਦੇ। ਪਾਪ ਤੇ ਪੁੰਨ ਇਸ ਕਾਇਆਂ ਦੇ ਕਿਲ੍ਹੇ ਦਾ ਦਰਵਾਜ਼ਾ ਹੈ। ਕ੍ਰੋਧ, ਝਗੜੇ, ਬੜੇ-ਬੜੇ ਵੱਡੀਆਂ ਲੜਾਈਆਂ, ਇਸ ਕਿਲ੍ਹੇ ਦਾ ਪ੍ਰਧਾਨ ਮੰਤਰੀ ਹੈ ਤੇ ਇਹੋ ਜਿਹੇ ਕਾਇਆਂ ਦੇ ਕਿਲ੍ਹੇ ਵਿਚ ਜਿਹੜਾ ਮਨ ਹੈ ਉਹ ਇਕ ਰਾਜਾ ਬਣ ਕੇ ਬੈਠਾ ਹੋਇਆ, ਬੜਾ ਆਕੜ ਖਾਂ ਰਾਜਾ ਬਣ ਕੇ ਬੈਠਾ ਹੋਇਆ। ਜਿਹੜੇ ਜਾ ਕੇ ਚਖਣੇ ਨੇ ਨਾ ਸੁਆਦ ਲੈਣੇ, ਇਹ ਮਨ ਰਾਜੇ ਦੇ ਗਲ ਸੰਯੋਹ ਪਾਈ ਹੋਈ ਹੈ। ਬੜਾ ਜ਼ਾਇਕੇਦਾਰ ਹੈ ਇਹ ਮਨ, ਬੜਾ ਸੁਆਦ ਚੱਖਣ ਦਾ ਆਦੀ ਹੈ ਮਨ। ਦਿਨੇ ਰਾਤ ਸੁਆਦਾਂ ਵਿਚ ਭੱਜਿਆ ਫਿਰਦਾ ਹੈ ਮਨ। ਜਿਹੜੀ ਮਨ ਦੀ ਮਮਤਾ ਹੈ ਨਾ, ਕਿ ਇਹ ਸਾਡੀ ਹੈ, ਮੇਰੀ ਹੈ, ਆਹ ਫਲਾਣੀ ਹੋਵੇ, ਇਹ ਮਮਤਾ ਹੈ। ਜਿਹੜੀ ਚੀਜ਼ ਹੱਥ ਵਿਚ ਆ ਜਾਵੇ, ਉਸ ਨੂੰ ਛੱਡਣਾ ਈ ਨਹੀਂ, ਭਾਵੇਂ ਕੱਚ ਦਾ ਟੁਕੜਾ ਹੋਵੇ, ਉਂਗਲੀ ਵੱਢ ਸੁੱਟੇ ਭਾਵੇਂ, ਪਰ ਉਹਨੂੰ ਛੱਡਣਾ ਨਹੀਂ, ਮਮਤਾ ਹੈ ਨਾ। ਮਮਤਾ ਦਾ ਇਹ ਟੋਪ ਪਾਇਆ ਹੋਇਆ ਹੈ ਮਨਮੁੱਖੀ ਰਾਜੇ ਨੇ, ਮਮਤਾ ਦਾ ਟੋਪ। ਜਿਹੜੀ ਖੋਟੀ ਬੁੱਧੀ ਹੈ, ਮਾੜੀ ਬੁੱਧੀ ਹੈ, ਨਿਕੰਮੀ ਬੁੱਧੀ ਹੈ, ਪਾਪਾਂ ਵਾਲੀ ਖਿੱਚ ਜਾਣ ਵਾਲੀ ਬੁੱਧੀ ਹੈ, ਉਹ ਇਸ ਰਾਜੇ ਕੋਲ ਕਮਾਨ ਹੈ ਤੇ ਜਿਹੜੀ ਘਟ ਦਾ ਅਰਥ ਹੈ ਤ੍ਰਿਸ਼ਨਾ ਅਰਥਾਤ ਜਿਹੜੀ ਹਿਰਦੇ ਅੰਦਰ ਤ੍ਰਿਸ਼ਨਾ ਹੈ ਨਾ, ਉਹ ਇਸ ਮਨ ਰੂਪੀ ਰਾਜੇ ਦੇ ਭੱਥੇ ਵਿਚ ਤੀਰ ਨੇ। ਤ੍ਰਿਸ਼ਨਾ ਦੇ ਤੀਰ, ਤੀਰ ਜਿਹਨੂੰ ਵੱਜ ਜਾਏ ਨੋਕਾਂ ਵਾਲਾ, ਉਹਨੂੰ ਫਿਰ ਛੱਡਦਾ ਨਹੀਂ। ਮਾਨ ਸਿੰਘ ਝੌਰ ਜੀ ਦੱਸਦੇ ਨੇ, ਮੈਂ ਜਦੋਂ ਇਸਲਾਮ ਦੀ "History of Kuran" ਪੜ੍ਹਿਆ ਹੈ, ਮੈਨੂੰ ਓਦੋਂ ਦੀ ਕਥਾ ਇਕ ਯਾਦ ਹੈ, "ਹਜ਼ਰਤ ਐਲੀ" ਨੂੰ ਵੱਜ ਗਿਆ ਤੀਰ ! ਨੋਕਾਂ ਵਾਲਾ ਅਨਿਆਲਾ ਤੀਰ ਜਿਹਨੂੰ ਆਖਦੇ ਨੇ। ਨਮਾਜ਼ ਪੜ੍ਹਨੀ ਕਿਸ ਨੂੰ ਆਖਦੇ ਨੇ, ਇਹ

Sri Satguru Jagjit Singh Ji Elibrary NamdhariElibrary@gmail.com

ਹਜ਼ਰਤ ਐਲੀ ਕੋਲੋਂ ਸਿੱਖਣੀ ਚਾਹੀਦੀ ਹੈ। ਜਿਸ ਵੇਲੇ ਨੋਕਾਂ ਵਾਲਾ ਤੀਰ ਵੱਜ ਗਿਆ, ਪੀੜ ਬੜੀ ਹੋਈ, ਤੜਪਿਆ, ਤੇ ਯਾਰਾਂ ਦੋਸਤਾਂ ਨੇ, ਪਿਆਰ ਵਾਲੇ ਮੁਸਲਮਾਨਾਂ ਨੇ ਉਹ ਤੀਰ ਖਿੱਚਣਾ ਚਾਹਿਆ। ਜਿਸ ਵੇਲੇ ਉਹ ਤੀਰ ਖਿੱਚਣ ਤੇ ਪੀੜ ਵਧੇਰੀ ਹੋਵੇ, ਕਿਉਂਕਿ ਨੋਕਾਂ ਵਾਲਾ ਸੀ। ਆਖਰ ਐਲੀ ਨੂੰ ਬਹਾਦਰ ਮੰਨਿਆ ਹੈ। ਤੁਸੀਂ ਅਜੇ ਵੀ ਵੇਖੋ, ਪੰਜਾਬ ਵਿਚ ਬ੍ਰਾਹਮਣਾਂ ਦਾ ਮੁੰਡਾ ਕੁਸ਼ਤੀ ਲੜਨੀ ਜਾਣਦਾ ਹੋਵੇ, ਬ੍ਰਾਹਮਣਾਂ ਦਾ, ਕ੍ਰਿਸ਼ਨ ਦਾ ਪੁਜਾਰੀ, ਜਿਸ ਵੇਲੇ ਲੰਗੋਟ ਕੱਸ ਕੇ ਆਉਂਦਾ ਹੈ ਨਾ ਮੈਦਾਨ ਵਿਚ ਕੁਸ਼ਤੀ ਲੜਨ ਲਈ ਤੇ ਕਹਿੰਦਾ ਹੈ 'ਯਾ-ਐਲੀ' ਤੇ ਫਿਰ ਕੁਝ ਹੈ ਨਾ ਉਹਦੀ ਜਾਦੂਗਰੀ। ਸਿੱਖਾਂ ਦਾ ਮੁੰਡਾ ਵੀ ਇਸ ਤਰ੍ਹਾਂ ਹੀ ਆਖਦਾ ਹੈ। ਮੈਂ ਇਕ ਮੁਸਲਮਾਨ ਵੇਖਿਆ, ਜਦੋਂ ਜਬਿਸਕੋ ਤੇ ਗਾਮੇ ਦਾ ਘੋਲ ਹੋਇਆ ਹੈ ਨਾ ਪਟਿਆਲੇ, ਤੇ ਮੈਂ ਉਦੋਂ ਕਥਾ ਕਰਦਾ ਸਾਂ ਪਿਸ਼ੌਰ ਤਿੰਨ ਸਭਾ ਗੁਰਦੁਆਰੇ। ਕਥਾ ਵਿਚੇ ਛੱਡ ਕੇ ਮੈਂ ਉਹ ਕੁਸ਼ਤੀ ਵੇਖਣ ਆਇਆ ਪਟਿਆਲੇ। ਜਿਸ ਵੇਲੇ ਜਬਿਸਕੋ ਨੇ ਕਪੜੇ ਲਾਹੇ ਤੇ ਬੜਾ ਤਗੜਾ ਉਸ ਦਾ ਵਜੂਦ ਸੀ, ਇੰਝ ਸੀ, ਜਿਵੇਂ ਘੜ-ਘੜ ਕੇ ਚਿਪਤਾਂ ਲਾਈਆਂ ਹੋਣ। ਜੀਅ ਕਰਦਾ ਸੀ ਉਹ ਕਪੜੇ ਨਾ ਪਾਵੇ ਤੇ ਉਸ ਨੂੰ ਇੰਝ ਹੀ ਵੇਖਦੇ ਰਹੀਏ। ਗਾਮੇ ਨੇ ਵੀ ਕਪੜੇ ਲਾਹੇ, ਓਡੀ ਕੁ ਦੂਰ ਜਾ ਕੇ ਮੁੜ ਆਇਆ ਤੇ ਮਹਾਰਾਜਾ ਪਟਿਆਲਾ ਕਹਿਣ ਲੱਗਾ, ਮੁੜ ਆਇਆ ਏਂ ! ਕਹਿਣ ਲੱਗਾ, ਇਕ ਗੱਲ ਕਰਨੀ ਹੈ। ਤੇ ਮਹਾਰਾਜਾ ਪਟਿਆਲਾ ਕਹਿਣ ਲੱਗਾ, ਲੜਨੀਆਂ ਕੁਸ਼ਤੀਆਂ ਤੇ ਕਰਨੀਆਂ ਗੱਲਾਂ। ਕਹਿਣ ਲੱਗਾ, ਸਾਹਿਬ ਕਰਨ ਵਾਲੀ ਏ ਗੱਲ। ਕਹਿੰਦੇ ਕੀ ? ਕਹਿੰਦਾ, ਆਦਮੀ ਬੜਾ ਤਗੜਾ ਹੈ, ਮੇਰੇ ਨਾਲੋਂ ਵੇਖਣ ਵਿਚ ਹੀ ਦੂਣਾ ਜਾਪਦਾ ਹੈ। ਮੈਂ ਖੁਦ ਮਹਿਸੂਸ ਕਰਦਾ ਹਾਂ ਕਿ ਮੈਂ ਉਹਦੇ ਨਾਲੋਂ ਕਮਜ਼ੋਰ ਹਾਂ। ਦਾਅ-ਪੇਚ ਮੇਰੇ ਕੋਲ ਬੜਾ ਹੈ, ਚੁਸਤੀ ਚਲਾਕੀ ਮੇਰੇ ਕੋਲ ਬੜੀ ਹੈ। ਪਰ ਤਾਕਤ ਉਹਦੇ ਕੋਲ ਮੇਰੇ ਨਾਲੋਂ ਜ਼ਿਆਦਾ ਜਾਪਦੀ ਹੈ। ਮਹਾਰਾਜ ਗੁੱਸੇ ਵਿਚ ਆ ਗਏ ਤੇ ਕਹਿਣ ਲੱਗੇ, ਤੂੰ ਆਖਰ ਗੱਲ ਕਰ, ਕੀ ਕਰਨ ਆਇਆ ਹੈਂ ? ਤੇ ਨੀਵਾਂ ਹੋ ਗਿਆ ਗਾਮਾ, ਕਹਿਣ ਲੱਗਾ, "ਹਜ਼ੂਰ ਇਸ ਕਰਕੇ ਆਇਆ ਹਾਂ ਕਿ ਤੂੰ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਿੱਖ ਹੈਂ ਤੇ ਮੈਂ ਤੇਰਾ ਨਿਮਕ ਖਾਧਾ ਹੈ, ਮੇਰੀ ਕੰਡ ਤੇ ਥਾਪੜਾ ਦੇ-ਦੇ। ਗੁਰੂ ਗੋਬਿੰਦ ਸਿੰਘ ਦਾ ਸਿੱਖ ਬਣ ਕੇ ਬਈ ਜਾ ਕਲਗੀ ਵਾਲਾ ਤੈਨੂੰ ਫਤਹਿ ਬਖਸ਼ੇਗਾ। ਓਸ ਗਾਮੇ ਨੂੰ ਵੇਖਿਆ ਕਿ ਉਸ ਨੇ ਅੰਤ ਵੇਲੇ ਮੰਗ ਮੰਗੀ, ਮਹਾਰਾਜ ਪਟਿਆਲੇ ਕੋਲੋਂ ਕਿ ਮੇਰੀ ਇਹ ਮੰਗ ਹੈ ਕਿ ਜਾਹ ਤੈਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਫਤਹਿ ਬਖਸ਼ਣਗੇ ਤੇ ਮਹਾਰਾਜਾ ਖੁਸ਼ ਹੋ ਗਏ, ਕਹਿਣ ਲੱਗੇ, "ਗਾਮਿਆ ! ਜਾਹ ਗੁਰੂ ਗੋਬਿੰਦ ਸਿੰਘ ਸਾਹਿਬ ਤੈਨੂੰ ਫਤਹਿ ਬਖਸ਼ਣਗੇ।" ਡੇਢ ਮਿੰਟ ਵਿਚ ਜਬਿਸਕੋ ਨੂੰ ਢਾਹਿਆ, ਡੇਢ ਮਿੰਟ ਵਿਚ। ਮੈਨੂੰ ਚੰਗੀ ਤਰ੍ਹਾਂ ਉਸ ਕੁਸ਼ਤੀ ਦਾ ਪਤਾ ਹੈ, ਅੰਗਰੇਜ਼ਾਂ ਨੇ ਰੌਲਾ ਪਾਇਆ, ਨਹੀਂ ਗਿਰਿਆ, ਨਹੀਂ ਗਿਰਿਆ, ਲੇਕਿਨ ਮੈਂ ਜਬਿਸਕੋ ਨੂੰ ਮਰਦ ਸਮਝਦਾ ਹਾਂ ਜਿਹੜਾ ਉਠ ਕੇ ਖਲੋ ਗਿਆ, ਕਹਿਣ ਲੱਗਾ, "ਯਹ ਅੰਗਰੇਜ਼ ਲੋਕ ਬੱਕਤਾ ਹੈ, ਹਮ ਗਿਰ ਗਏ ਹੈਂ।" ਆਪਣਾ ਸੈਕਟਰੀ ਬੁਲਾ ਕੇ, ਅਟੈਚੀਕੇਸ ਮੰਗਵਾ ਕੇ ਉਹਦੇ

ਵਿਚੋਂ ਬਨਿਆਨ ਕੱਢ ਕੇ, ਗਾਮੇ ਨੂੰ ਪਹਿਣਾ ਕੇ ਤੇ ਆਪਣੇ ਹੱਥਾਂ ਨਾਲ ਤਮਗਾ ਲਾਇਆ ਕਿ "ਆਪ ਰੁਸਤਮੇ-ਜ਼ਮਾਂ ਹੈਂ, ਅਬ ਹਮ ਨਹੀਂ, ਕਿਉਂਕਿ ਹਮ ਗਿਰ ਗਏ।" ਕਹਿਣ ਤੋਂ ਮੇਰਾ ਮਤਲਬ ਕਿ ਐਲੀ ਨੂੰ ਕੁਸ਼ਤੀ ਲੜਨ ਵਾਲੇ ਸਾਰੇ ਹੀ ਯਾਦ ਕਰਦੇ ਨੇ, ਪਰ ਜਦੋਂ ਮੁਸਲਮਾਨ ਤੀਰ ਖਿੱਚਣ ਤੇ ਓਦੋਂ ਰੋਵੇ ਤੇ ਐਲੀ ਕਹਿਣ ਲੱਗਾ, ਤੀਰ ਨਾ ਖਿਚੋ ਜਦੋਂ ਨਮਾਜ਼ ਦਾ ਵੇਲਾ ਆਵੇਗਾ ਨਾ, ਓਦੋਂ ਮੈਂ ਨਮਾਜ਼ ਪੜ੍ਹਦਾ-ਪੜ੍ਹਦਾ ਆਪਣਾ ਮੱਥਾ ਜ਼ਮੀਨ ਤੇ ਰੱਖ ਦੇਵਾਂ ਤਾਂ ਓਦੋਂ ਇਹ ਤੀਰ ਖਿੱਚਣਾ। ਮੁਸਲਮਾਨਾਂ ਤੀਰ ਖਿੱਚਿਆ ਤੇ ਹਜਰਤ ਐਲੀ ਬੋਲਿਆ ਈ ਨਾ, ਨਾ ਹਾਇ, ਨਾ ਹੂੰ, ਨਾ ਹਾਂ। ਨਮਾਜ਼ ਪੜ੍ਹੀ ਗਈ ਤੇ ਮੁਸਲਮਾਨਾਂ ਪੁਛਿਆ, ਨਮਾਜ਼ ਤੋਂ ਪਹਿਲਾਂ ਤੀਰ ਖਿੱਚਦੇ ਸਾਂ ਤੇ ਤੁਸੀਂ ਰੋਂਦੇ ਬੜੇ ਸਾਓ, ਹਾਇ ਹਾਇ ਪੁਕਾਰਦੇ ਸਾਓ। ਪਰ ਨਮਾਜ਼ ਵੇਲੇ ਤੀਰ ਖਿੱਚਿਆ ਤੁਹਾਨੂੰ ਪਤਾ ਈ ਨਾ ਲੱਗਿਆ, ਦੱਸੋ ਕਾਰਨ ਕੀ ਹੈ ? ਹਜ਼ਰਤ ਐਲੀ ਨੇ ਜਵਾਬ ਦਿੱਤਾ ਕਿ ਜਦੋਂ ਸੱਚਾ ਨਮਾਜ਼ੀ, ਨਮਾਜ਼ ਪੜ੍ਹਦਾ-ਪੜ੍ਹਦਾ ਆਪਣਾ ਮੱਥਾ ਜ਼ਮੀਨ ਤੇ ਰੱਖਦਾ ਹੈ ਨਾ, ਓਦੋਂ ਉਸ ਦੇ ਦਿਲ ਦਾ ਤਾਲੁਕ ਅੱਲਾ ਨਾਲ ਜੁੜ ਜਾਂਦਾ ਹੈ, ਫਿਰ ਉਹਦੀ ਕਾਇਆਂ ਨੂੰ ਵੱਢ ਦਿਓ, ਟੋਟੇ ਕਰ ਦਿਓ, ਫੇਰ ਉਸ ਨੂੰ ਪੀੜ ਨਹੀਂ ਹੁੰਦੀ। ਪਰ ਨਮਾਜ਼ੀ ਸੱਚਾ ਹੋਵੇ, ਜਿਹੜਾ ਨਮਾਜ਼ੀ ਨਮਾਜ਼ ਪੜ੍ਹਦਿਆਂ ਰੌਲਾ ਪਾਵੇ ਨਾ ਕਿ ਇਧਰ ਸੰਖ ਕਿਉਂ ਵਜਾਇਆ ਬ੍ਰਾਹਮਣ ਓਏ ! ਮੇਰੀ ਨਮਾਜ਼ ਕਜਾ ਹੋ ਗਈ ਤੇ ਉਹ ਦੂਜਾ ਕਹਿੰਦਾ ਹੈ ਤੇਰਾ ਬੇੜਾ ਤਰ ਜਾਏ, ਤੂੰ ਨਮਾਜ਼ ਪੜ੍ਹਦਾ ਹੈਂ ਕਿ ਸੰਖ ਸੁਣਦਾ ਪਿਆ ਹੈਂ। ਤੇਰਾ ਤੇ ਧਿਆਨ ਈ ਸੰਖ ਵੱਲ ਹੈ। ਜਿਹੜਾ ਬ੍ਰਾਹਮਣ ਕਹਿੰਦਾ ਹੈ ਨਾ ਮੇਰੀ ਆਰਤੀ ਖਰਾਬ ਹੋ ਗਈ, ਮੈਂ ਆਰਤੀ ਉਤਾਰਦਾ ਸਾਂ, ਮੌਲਾਣੇ ਨੇ ਬਾਂਗ ਦੇ ਦਿੱਤੀ। ਓਏ ਤੈਨੂੰ ਆਰਤੀ ਕਰਨੀ ਆਈ ਹੀ ਨਹੀਂ। ਮੈਂ ਆਰਤੀ ਕਰਦੀ ਵੇਖੀ ਹੈ ਰਾਧੇ ਨੂੰ, ਉਹਨੂੰ ਆਰਤੀ ਕਰਨੀ ਆਉਂਦੀ ਸੀ, ਜਵਾਨ ਹੋ ਗਈ, ਕਿਤੇ ਕ੍ਰਿਸ਼ਨ ਨੇ ਬੰਸਰੀ ਵਜਾਈ, ਅਵਾਜ਼ ਸੁਣ ਕੇ ਦੌੜੀ ਬੰਸਰੀ ਸੁਣਨ ਲਈ, ਮਾਂ ਨੇ ਪੁੱਛਿਆ, "ਕਿਥੇ ਚੱਲੀ ਹੈਂ ?" ਕਹਿੰਦੀ ਬੰਸਰੀ ਸੁਣਨ ਲਈ ਚੱਲੀ ਹਾਂ। ਖਿੱਚ ਕੇ ਮਾਂ ਗਲ ਪੈ ਗਈ, ਬੇਵਕੂਫੇ ਜਵਾਨ ਹੋ ਗਈ ਹੈਂ, ਲੋਕਾਂ ਦੇ ਤਾਹਨੇ-ਮਿਹਨਿਆਂ ਦਾ ਤੈਨੂੰ ਡਰ ਨਹੀਂ, ਨਾਨਕਿਆਂ-ਦਾਦਕਿਆਂ ਦੀ ਤੈਨੂੰ ਲੱਜਾ ਕੋਈ ਨਹੀਂ, ਸੌ-ਸੌ ਗੱਲਾਂ ਲੋਕੀਂ ਕਰਦੇ ਨੇ, ਕੁਝ ਤੇ ਕੰਨਾਂ ਨਾਲ ਸੁਣ। ਲੋਕੀਂ ਫਿਟਕਾਰਾਂ ਪਾਉਂਦੇ ਨੇ, ਲਾਹਨਤਾਂ ਪਾਉਂਦੇ ਨੇ, ਕਈ ਤਾਹਨੇ-ਮਿਹਨੇ ਦਿੰਦੇ ਨੇ, ਕਿਉਂ ਮੇਰੀ ਕੁੱਖ ਨੂੰ ਤੂੰ ਬਦਨਾਮ ਕਰਦੀ ਹੈਂ ? ਖਬਰਦਾਰ ਜੇ ਤੂੰ ਹੁਣ ਬੰਸਰੀ ਸੁਣਨ ਗਈ। ਤੇ ਬੰਸਰੀ ਦੇ ਰਸਤੇ ਵਿਚ ਪਈ ਰੁਕਾਵਟ ਨੂੰ ਵੇਖ ਕੇ ਬੋਲ ਉਠੀ, "ਇਕ ਲਾਹਨਤ ਦੀ ਕੋਈ ਗੱਲ ਨਹੀਂ, ਭਾਵੇਂ ਮੇਰੇ ਤੇ ਸੌ-ਸੌ ਲਾਹਨਤਾਂ ਪਾਵੋ ਤੇ ਮੇਰਿਆਂ ਪੈਰਾਂ ਨੂੰ ਭਾਵੇਂ ਲੋਹੇ ਦੀਆਂ ਬੇੜੀਆਂ ਪਹਿਨਾ ਦੇਵੋ। ਮੈਂ ਬਰਦਾਸ਼ਤ ਕਰਾਂਗੀ। ਮੇਰੇ ਪਰਿਵਾਰ ਦੇ ਲੋਕੋ, ਮੇਰਿਆਂ ਹੱਥਾਂ ਨੂੰ ਬੜੀਆਂ ਜ਼ਬਰਦਸਤ ਹੱਥਕੜੀਆਂ ਪਹਿਨਾ ਕੇ ਚੰਗੇ ਮਜ਼ਬੂਤ ਤਾਲੇ ਮਾਰ ਦਿਓ, ਮੈਂ ਬਰਦਾਸ਼ਤ ਕਰਾਂਗੀ। ਐ ਮੇਰੇ ਪਰਿਵਾਰ ਦੇ ਲੋਕੋ ! ਮੇਰੀ ਜੀਊਂਦੀ ਜਾਗਦੀ ਦੀ ਖੱਲ ਪੈਰ ਦੇ ਅੰਗੂਠੇ ਤੋਂ ਫੜ ਕੇ ਪੁੱਠੀ ਕਰਕੇ ਸਾਰੀ ਖਿੱਚ ਦਿਉ। ਤੁਸੀਂ

ਖੱਲ ਲਾਹ ਦਿਉਗੇ, ਮੈਂ ਤੜਪ-ਤੜਪ ਕੇ ਮਰ ਜਾਵਾਂਗੀ, ਤੁਹਾਡਾ ਰਸਤਾ ਸਾਫ ਹੋ ਜਾਏਗਾ। ਮੈਂ ਇਸ ਦੁੱਖ ਨੂੰ ਵੀ ਬੜੇ ਠੰਢੇ ਜਿਗਰੇ ਨਾਲ ਜਰਾਂਗੀ। ਮੈਨੂੰ ਜ਼ਹਿਰ ਦਾ ਪਿਆਲਾ ਭਾਵੇਂ ਪਿਲਾ ਦਿਉ ਮੇਰੇ ਕੁਟੰਬ ਦੇ ਲੋਕੋ, ਮੈਂ ਪੀ ਜਾਵਾਂਗੀ। ਮੈਨੂੰ ਪਤਾ ਹੈ ਮੈਂ ਮਰ ਜਾਣਾ ਹੈ, ਪਰ ਮੈਂ ਪਿਆਲਾ ਪੀ ਲਵਾਂਗੀ। ਇਕ ਮੈਂ ਹੋਰ ਵੀ ਗੱਲ ਕਰਨੀ ਚਾਹੁੰਦੀ ਹਾਂ ਕਿ ਕਿਸੇ ਮੰਤਰ ਪੜ੍ਹਨ ਵਾਲੇ ਨੂੰ ਸੱਦ ਕੇ ਤੇ ਮੰਤਰ ਪੜ੍ਹ ਕੇ ਮੁੱਠ ਚਲਾ ਦਿਉ, ਆਖਦੇ ਨੇ ਕਿ ਕਈ ਮੰਤਰ ਐਸੇ ਹੁੰਦੇ ਨੇ, ਮੁੱਠ ਚਲਾ ਦਿੰਦੇ ਨੇ ਤੇ ਬੰਦਾ ਮਾਰ ਦਿੰਦੇ ਨੇ। ਤੁਸੀਂ ਮੁੱਠ ਚਲਵਾ ਦਿਓ, ਮੈਂ ਮਰ ਜਾਵਾਂਗੀ ਤੇ ਤੁਹਾਡਾ ਰਸਤਾ ਸਾਫ ਹੋ ਜਾਏਗਾ। ਮੈਂ ਉਸ ਮੌਤ ਨੂੰ ਸਵੀਕਾਰ ਕਰਾਂਗੀ। ਇਕ ਗੱਲ ਹੋਰ ਵੀ ਅਰਜ਼ ਕਰਨੀ ਚਾਹੁੰਦੀ ਹਾਂ, ਦੁੱਖ ਗਿਣੀ ਜਾਂਦੀ ਹਾਂ ਕਿ ਮੈਂ ਕਿੰਨੇ ਕੁ ਦੁੱਖ ਜਰ ਸਕਦੀ ਹਾਂ।

*"ਵਿਖਲੇ ਪਿਲਾਉ ਤਾਂਪੇ ਮੁਠ ਭੀ ਚਲਾਉ,*
*ਮੰਜਧਾਰ ਮੈਂ ਬਹਾਵੋ ਬਾਂਧ ਪੱਥਰ ਕਮਾਲਸੇ।"*

ਰਾਧਾ ਕਹਿੰਦੀ ਹੈ ਕਿ ਮੇਰੀ ਕਾਇਆਂ ਨੂੰ ਮੋਟੇ-ਮੋਟੇ ਪੱਥਰ ਬੰਨ੍ਹ ਕੇ ਤੇ ਨਦੀ ਵਿਚ ਸੁੱਟ ਦਿਉ। ਉਹ ਪੱਥਰ ਮੈਨੂੰ ਲੈ ਕੇ ਡੁੱਬ ਜਾਣਗੇ, ਮੇਰੇ ਹਲਕ ਦੇ ਜ਼ਰੀਏ ਮੇਰੇ ਪੇਟ ਵਿਚ ਪਾਣੀ ਭਰ ਜਾਏਗਾ, ਮੈਂ ਰੁੜ੍ਹ ਜਾਵਾਂਗੀ, ਮੈਨੂੰ ਪਾਣੀ ਦੇ ਜੀਵ ਖਾ ਲੈਣਗੇ, ਤੁਹਾਡਾ ਰਸਤਾ ਸਾਫ ਹੋ ਜਾਏਗਾ। ਤੇ ਮੈਂ ਇਹੋ ਜਿਹੀ ਮੌਤ ਵੀ ਖਿੜੇ ਮੱਥੇ ਕਬੂਲ ਕਰਾਂਗੀ।

*"ਬਿੱਛੂ ਤੇ ਬਿਛਾਵੋ।"*

ਜੇ ਤੁਹਾਨੂੰ ਅਜੇ ਵੀ ਚੈਨ ਨਾ ਆਵੇ, ਮੇਰੇ ਕੁਟੰਬ ਦੇ ਲੋਕੋ, ਮੇਰੀ ਸੇਜਾ ਉਤੇ ਬਿੱਛੂ ਵਿਛਵਾ ਦਿਉ, ਠੂਹੇਂ ਵਿਛਵਾ ਦਿਓ, ਮੇਰੀ ਸੇਜਾ ਉਤੇ ਨੱਸੇ ਫਿਰਨ। ਜਿਸ ਵੇਲੇ ਮੇਰੀ ਸੇਜਾ ਭਰ ਜਾਏ ਬਿੱਛੂਆਂ ਨਾਲ, ਬਿੱਛੂਆਂ ਦੀ ਸੇਜ ਉਤੇ ਮੈਨੂੰ ਸੁਆਲ ਦਿਓ, ਉਹ ਡੰਗ ਮਾਰਨਗੇ, ਜ਼ਹਿਰ ਪ੍ਰਵੇਸ਼ ਕਰ ਜਾਏਗਾ, ਮੈਂ ਤੜਪ-ਤੜਪ ਕੇ ਮਰ ਜਾਵਾਂਗੀ, ਤੁਹਾਡਾ ਦਿਲ ਠੰਢਾ ਹੋ ਜਾਏਗਾ। ਮੈਂ ਏਸ ਮੌਤ ਨੂੰ ਵੀ ਸਵੀਕਾਰ ਕਰਦੀ ਹਾਂ। ਔਰ-

*"ਫਿਰ ਆਗ ਭੀ ਲਗਾਵੋ ਬੰਧ ਕਾਪੜ ਦੁਸ਼ਾਲਸੇ।"*

ਜੇ ਮੈਂ ਫੇਰ ਵੀ ਨਾ ਮਰਾਂ, ਤੇ ਫਿਰ ਮੈਨੂੰ ਦੁਸ਼ਾਲਿਆਂ ਵਿਚ ਬੰਨ੍ਹ ਕੇ, ਰੇਸ਼ਮ ਦਿਆਂ ਕਪੜਿਆਂ ਵਿਚ ਬੰਨ੍ਹ ਕੇ, ਮੈਨੂੰ ਅੱਗ ਲਾ ਦਿਓ। ਰੇਸ਼ਮ ਨੂੰ ਤੇ ਦੁਸ਼ਾਲਿਆਂ ਨੂੰ ਲੱਗੀ ਹੋਈ ਅੱਗ ਬੁੱਝਦੀ ਨਹੀਂ ਤੇ ਮੈਂ ਸਿਸਕੀਆਂ ਭਰ-ਭਰ ਕੇ ਮਰ ਜਾਵਾਂਗੀ, ਪਰ ਤੁਹਾਡਾ ਦਿਲ ਤੇ ਠੰਢਾ ਹੋ ਜਾਵੇਗਾ, ਮੈਂ ਐਸੀ ਖਤਰਨਾਕ ਔਰ ਭਿਆਨਕ ਮੌਤ ਵੀ ਕਬੂਲ ਕਰਾਂਗੀ। ਕੁਟੰਬ ਦੇ ਲੋਕੋ ਜੇ ਤੁਹਾਨੂੰ ਫਿਰ ਵੀ ਚੈਨ ਨਾ ਆਵੇ ਤਾਂ ਮੈਨੂੰ ਪਹਾੜ ਦੀ ਚੋਟੀ ਉਤੇ ਲੈ ਜਾਇਓ ਤੇ ਮੈਨੂੰ ਧੱਕਾ ਦੇ ਦੇਇਉ। ਮੈਂ ਪੱਥਰਾਂ ਨਾਲ ਪਟਕ-ਪਟਕ ਕੇ ਮਰ ਜਾਵਾਂਗੀ ਤੇ ਤੁਹਾਡਾ ਦਿਲ ਠੰਢਾ ਹੋ ਜਾਏਗਾ। ਜੇ ਪੱਥਰਾਂ ਤੇ ਵੀ ਮੈਂ ਪਟਕ-ਪਟਕ ਕੇ ਨਾ ਮਰਾਂ ਤੇ ਮੈਨੂੰ ਕਾਲੇ ਸੱਪ ਅੱਗੇ ਪਾ ਦਿਉ, ਨਾਗਾਂ

ਅੱਗੇ ਪਾ ਦਿਓ। ਉਹ ਕਾਲੇ ਨਾਗ ਡੰਗ ਮਾਰਨਗੇ, ਜ਼ਹਿਰ ਪ੍ਰਵੇਸ਼ ਕਰ ਜਾਏਗਾ, ਮੈਂ ਸਿਸਕੀਆਂ ਭਰ ਕੇ ਮਰ ਜਾਵਾਂਗੀ। ਮੈਨੂੰ ਸੱਪਾਂ ਅੱਗੇ ਪਾ ਦਿਓ, ਪਹਾੜ ਤੋਂ ਸੁੱਟ ਦਿਓ, ਅੱਗ ਵਿਚ ਪਾ ਕੇ ਸਾੜ ਦਿਓ, ਜਹਿਰ ਦਾ ਪਿਆਲਾ ਪਾ ਦਿਓ, ਹੱਥਕੜੀਆਂ ਲਾ ਦਿਓ, ਬਿਛੂਏ ਦੀ ਸੇਜਾ ਉਤੇ ਸਵਾ ਦਿਓ, ਜੀਊਂਦੀ ਜਾਗਦੀ ਦੀ ਮੇਰੀ ਖੱਲ ਲਾਹ ਲਵੋ, ਮੇਰਾ ਅਰਾਮ ਲੈ ਲਵੋ, ਜਾਨ ਲੈ ਲਵੋ, ਜਿੰਦ ਲੈ ਲਵੋ, ਜਹਾਨ ਲੈ ਲਵੋ, ਸੁਖ ਲੈ ਲਵੋ, ਮੇਰਾ ਸਭੋ ਕੁਝ ਖੋਹ ਲਵੋ, ਪਰ ਕੁਟੰਬ ਦੇ ਲੋਕੋ ਮੇਰੇ ਕੋਲੋਂ ਇਕ ਚੀਜ ਨਾ ਖੋਹਿਓ। ਕੁਟੰਬ ਦੇ ਲੋਕੀਂ ਹੈਰਾਨ ਸਨ ਕਿ ਰਾਧੇ ! ਤੂੰ ਜਿੰਦ, ਜਾਨ, ਪ੍ਰਾਣ ਸਭੋ ਕੁਝ ਵਾਰਨੀ ਹੈਂ, ਕਈ ਮੌਤਾਂ ਤੂੰ ਕਬੂਲ ਕਰਦੀ ਹੈਂ, ਤੇ ਉਹ ਇਕ ਚੀਜ਼ ਕਿਹੜੀ ਹੈ ਜਿਹੜੀ ਤੂੰ ਨਹੀਂ ਦੇਣਾ ਚਾਹੁੰਦੀ, ਜਿਸ ਦੇ ਨਾਲ ਤੈਨੂੰ ਇਤਨਾ ਪ੍ਰੇਮ ਹੈ। ਤੇ ਆਰਤੀ ਉਤਾਰਨ ਵਾਲੀ ਰਾਧੇ ਨੇ, ਆਰਤੀ ਮੰਡਲ ਵਿਚ ਜਾ ਕੇ ਇਹ ਗੱਲ ਕਹੀ:

*'ਤੌਕ ਪਹਿਨਾਵੇ, ਪਾਏ ਬੇੜੀ ਲੈ ਪਹਿਰਾਵੇ,*
*ਗਾੜ੍ਹੇ ਬੰਧਨ ਬੰਧਾਵੇ।*
*ਵਿਸ਼ਲੇ ਪਿਲਾਵੇ, ਤਾਪੇ ਮੂਠ ਭੀ ਚਲਾਵੇ,*
*ਮੰਝਧਾਰ ਮੇਂ ਬਹਾਵੇ, ਬਾਂਧ ਪਥਰ ਕਮਾਲਸੋਂ।*
*ਬਿੱਛੂ ਲੇ ਬਿਛਾਵੇ, ਤਾਂਪੇ ਮੋਹਿ ਲੈ ਸੁਲਾਵੇ,*
*ਫਿਰ ਆਗ ਭੀ ਲਗਾਵੇ, ਬੰਨ ਕਾਪੜ ਦੁਸ਼ਾਲਸੋਂ।*
*ਗਿਰ ਸੇ ਗਿਰਾਵੇ, ਕਾਲੇ ਨਾਗ ਸੋਂ ਡੰਸਾਵੇ,*
*ਪਰ ਹਾ-ਹਾ ਪ੍ਰੀਤ ਨਾ ਛੁਡਾਵੇ, ਗਿਰਧਾਰੀ ਨੰਦ ਲਾਲ ਕੀ।'*

ਰਾਧਾ ਕਹਿੰਦੀ ਹੈ ਕਿ ਮੇਰੇ ਕੋਲੋਂ ਸਭ ਕੁਝ ਖੋਹ ਲਵੋ, ਪਰ ਮੁਰਲੀ ਮਨੋਹਰ ਨਾਲ ਜਿਹੜੀ ਮੇਰੀ ਪ੍ਰੀਤੀ ਜੁੜੀ ਹੋਈ ਹੈ ਨਾ, ਉਹ ਨਾ ਖੋਹਿਉ ! ਮੇਰੀ ਪ੍ਰੀਤ ਵਿਚ, ਮੇਰੇ ਪਿਆਰ ਵਿਚ ਵਿਘਨ ਨਾ ਪਾਇਉ, ਇਹਨੂੰ ਆਰਤੀ ਉਤਾਰਨੀ ਆਉਂਦੀ ਹੈ, ਇਹੋ ਜਿਹੀ ਦੀ ਆਰਤੀ ਬਾਂਗ ਨਾਲ ਕਦੇ ਅਪਵਿੱਤਰ ਨਹੀਂ ਹੁੰਦੀ। ਸੱਚੇ ਨਮਾਜ਼ੀ ਦੀ ਨਮਾਜ਼ ਕਦੇ ਬ੍ਰਾਹਮਣ ਦੇ ਸੰਖ ਨਾਲ ਕਜ਼ਾ ਨਹੀਂ ਹੁੰਦੀ, ਪਰ ਜੇ ਨਮਾਜ਼ ਕਿਸੇ ਨੂੰ ਪੜ੍ਹਨੀ ਆ ਜਾਵੇ, ਮੇਰੇ ਬਾਪੂ ਨੇ ਐਵੇਂ ਨਹੀਂ ਕਹਿਆ:

*'ਪੰਜਿ ਨਮਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥'* *(ਪੰਨਾ ੧੪੧)*

ਜਿਸ ਨੂੰ ਇਹ ਬਾਂਗਾਂ ਦੇਣੀਆਂ ਆ ਜਾਣ, ਜਿਸ ਨੂੰ ਇਹ ਨਮਾਜ਼ਾਂ ਪੜ੍ਹਨੀਆਂ ਆ ਜਾਣ। ਕਦੇ ਉਹਦੀ ਨਮਾਜ਼ ਕਜ਼ਾ ਹੋ ਸਕਦੀ ਹੈ ? ਦਿਖਾਵੇ ਦੀ ਨਮਾਜ਼, ਦਿਖਾਵੇ ਦੀ ਆਰਤੀ, ਦਿਖਾਵੇ ਦਾ ਅਖੰਡ ਪਾਠ ਤੇ ਭਾਵੇਂ ਖੰਡਨ ਹੋ ਜਾਵੇ। ਜਿਨ੍ਹਾਂ ਸੱਚੇ ਲੋਕਾਂ ਨੇ ਸੱਚੇ ਕੰਮ ਕੀਤੇ ਹੁੰਦੇ ਨੇ, ਉਹ

Sri Satguru Jagjit Singh Ji Elibrary NamdhariElibrary@gmail.com

ਕਦੇ ਖਰਾਬ ਨਹੀਂ ਹੋਏ। ਇੱਡਾ ਜ਼ਬਰਦਸਤ ਉਹ ਕਿਲ੍ਹਾ ਹੈ ਕਾਇਆਂ ਦਾ:

*"ਇਉ ਗੜ੍ਹ ਲੀਓ ਨ ਜਾਈ ਪਿਆਰੇ ਇਉ ਗੜ੍ਹ ਲੀਓ ਨ ਜਾਈ॥"*

ਇੰਉ ਦਾ ਅਰਥ ਹੈ ਐਸ ਕਰਕੇ, ਗੜ੍ਹ ਦਾ ਅਰਥ ਕਿਲ੍ਹਾ ਹੈ ਕਾਇਆਂ ਦਾ, ਲੀਓ ਦਾ ਅਰਥ ਹੈ ਫਤਹਿ ਕਰਨਾ, ਫਤਹਿ ਨਹੀਂ ਹੋ ਸਕਦਾ। ਇਹ ਜਿੱਤਿਆ ਨਹੀਂ ਜਾ ਸਕਦਾ, ਕਾਇਆਂ ਦਾ ਹੰਕਾਰ ਮਿਟਦਾ ਈ ਨਹੀਂ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਰਨ ਕਾਰਨ ਕਾਦਰ ਹਿੰਦ ਦੀ ਚਾਦਰ ਮਹਾਰਾਜ, ਪੰਜਾਬ ਦੀ ਧਰਤੀ ਤੋਂ ਵਿਚਰਦੇ-ਵਿਚਰਦੇ ਜਦੋਂ ਮਾਲਵੇ ਦੇਸ਼ ਕਾਂਜਲੇ ਪਿੰਡ ਗਏ ਨੇ ਨਾ, ਤੇ ਕਾਂਜਲੇ ਪਿੰਡ ਵਾਲਿਆਂ ਨੇ ਸੇਵਾ ਕੀਤੀ ਰੱਜ ਕੇ, ਜਿਨ੍ਹਾਂ-ਜਿਨ੍ਹਾਂ ਲੋਕਾਂ ਇਤਿਹਾਸ ਪੜ੍ਹਿਆ ਹੈ ਉਹਨਾਂ ਨੂੰ ਪਤਾ ਹੋਵੇਗਾ ਕਾਂਜਲੇ ਦੇ ਕੋੜ੍ਹੀ ਸਾਰੇ ਪੰਜਾਬ ਵਿਚ ਮਸ਼ਹੂਰ ਸਨ। ਜਿਹੜਾ ਬੱਚਾ ਜੰਮਦਾ ਸੀ, ਉਹ ਜੰਮਦਿਆਂ ਹੀ ਕੋੜ੍ਹਾ। ਬਦਬੂ ਆਉਂਦੀ ਸੀ ਪਿੰਡ ਵਿਚੋਂ, ਅੰਗ-ਸਾਕ ਨਹੀਂ ਸੀ ਵੜਦੇ ਕਾਂਜਲੇ, ਭਈ ਕਿਤੇ ਕੋੜ੍ਹਿਆਂ ਦੀ ਹਵਾ ਲੱਗ ਕੇ ਅਸੀਂ ਕਿਤੇ ਕੋੜ੍ਹੇ ਨਾ ਹੋ ਜਾਈਏ। ਰਿਸ਼ਤੇਦਾਰੀਆਂ ਉਹਨਾਂ ਦੀਆਂ ਟੁੱਟ ਗਈਆਂ, ਅੰਗ-ਸਾਕ ਉਹਨਾਂ ਦੇ ਮਿਲਣੋਂ ਹੱਟ ਗਏ। ਉਹ ਖੁਦ ਬੜੇ ਅਵਾਜ਼ਾਰ ਸਨ ਕਿ ਪਤਾ ਨਹੀਂ ਸਾਡੇ ਵੱਡੇ-ਵਡੇਰਿਆਂ ਕੋਲੋਂ ਕੀ ਗੁਨਾਹ ਹੋਇਆ, ਜੋ ਲੜਕੀ-ਲੜਕਾ ਜੰਮਦਾ ਸਭ ਕੋੜ੍ਹਾ। ਤੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਕੋੜ੍ਹਿਆਂ ਦੀ ਬਸਤੀ ਚਲੇ ਗਏ, ਕੋੜ੍ਹਿਆਂ ਦੇ ਪਿੰਡ ਜਾ ਡੇਰਾ ਲਾਇਆ ਤੇ ਫਿਰ ਕੋੜ੍ਹਿਆਂ ਨੇ ਦਿਲ ਖੋਲ੍ਹ ਕੇ ਸੇਵਾ ਕੀਤੀ ਸੰਗਤ ਦੀ ! ਲੰਗਰ ਲੱਗ ਗਏ, ਦਰਬਾਰ ਸੱਜ ਗਏ, ਜੈ-ਜੈਕਾਰ ਹੋਣ ਲੱਗ ਪਈ ਤੇ ਸੇਵਾ ਕਰਦਿਆਂ ਨੂੰ ਚਾਰ ਦਿਨ ਰਹੇ ਨੇ, ਹਜ਼ੂਰ ਨੇ ਨਫਰਤ ਨਹੀਂ ਕੀਤੀ, ਮੂੰਹ-ਨੱਕ ਨਹੀਂ ਵੱਟਿਆ, ਚਾਰ ਦਿਨ ਸੇਵਾ ਕੀਤੀ, ਸੇਵਾ ਟਹਿਲ ਤੋਂ ਰੀਝ ਕੇ ਫਿਰ ਬਖਸ਼ਿਸ਼ ਦੇ ਘਰ ਵਿਚ ਆ ਕੇ ਜ਼ੁਬਾਨੇ-ਪਾਕ ਵਿਚੋਂ ਇਹ ਬਚਨ ਕਹਿ ਦਿੱਤਾ, ਭਈ ਅੱਜ ਤੋਂ ਲੈ ਕੇ ਤੁਹਾਡੀ ਨਗਰੀ ਵਿਚ ਕੋਈ ਕੋੜ੍ਹਾ ਨਹੀਂ ਜੰਮੇਗਾ, ਤੁਸੀਂ ਟਹਿਲ ਕਮਾਈ ਹੈ, ਤੁਸਾਂ ਗੁਰੂ ਕੀ ਸੇਵਾ ਕੀਤੀ ਹੈ।

ਅਸੀਂ ਨਿੱਕੀਆਂ-ਨਿੱਕੀਆਂ ਗੱਲਾਂ ਵਲ ਧਿਆਨ ਨਹੀਂ ਦਿੰਦੇ। ਗੁਰੂ ਰਾਮਦਾਸ ਸੋਢੀ ਸੁਲਤਾਨ ਸੱਚੇ ਪਾਤਿਸ਼ਾਹ ਦੇ ਦੋ ਸਿੱਖ ਹੋਏ ਨੇ। ਉਹ ਆ ਕੇ ਮਹਾਰਾਜ ਦੇ ਚਰਨਾਂ ਉੱਤੇ ਢਹਿ ਕੇ ਰੋ ਹੀ ਪਏ। ਤੇ ਮਹਾਰਾਜ ਕਹਿਣ ਲੱਗੇ, ਬੁੱਧੀਰਾਜਾ, ਇਹ ਬਿਧੀ ਚੰਦਾ ! ਬੜੇ ਕਰੁਣਾ-ਰਸ ਵਿਚ ਆ ਗਏ ਹੋ, ਬੜੇ ਵੈਰਾਗ ਵਿਚ ਆ ਗਏ ਹੋ, ਸੰਗਤ ਵਿਚ ਤੁਹਾਡੀਆਂ ਚੀਖਾਂ ਨੇ ਪ੍ਰੇਸ਼ਾਨੀ ਕਰ ਦਿੱਤੀ ਹੈ, ਕਿਉਂ ਰੋਂਦੇ ਹੋ ? ਕਿਉਂ ਕੁਰਲਾਟ ਕਰਦੇ ਹੋ ? ਕਹਿੰਦੇ, "ਮਹਾਰਾਜ ! ਜਿਸ ਵੇਲੇ ਕਥਾ ਸੁਣਨ ਜਾਈਦਾ ਹੈ ਨਾ, ਕੀਰਤਨ ਸੁਣਨ ਗੁਰਦੁਆਰੇ ਜਾਈਦਾ ਹੈ ਨਾ, ਤੇ ਜਿਸ ਵੇਲੇ ਜਨਮ-ਜਮਾਂਤਰਾਂ ਦੀ ਕੋਈ ਗੱਲ ਹਿਲਦੀ ਹੈ ਨਾ ਤੇ ਸਾਨੂੰ ਪੁਰਾਣੇ ਜਨਮ ਚੇਤੇ ਆਉਂਦੇ ਨੇ। ਕਿੰਨੀ ਕੁ ਬਿਰਤੀ ਜੁੜੀ ਹੋਏਗੀ ਉਨ੍ਹਾਂ ਦੀ। ਬਾਰਾਂ ਵਰ੍ਹੇ ਹੀ ਗਰਭਾਸ ਵਿਚ ਸੁਖ ਲਈ ਜੰਮਦਿਆਂ ਹੀ ਉਦਾਸੀ ਹੀ, ਤੇ ਇਸ ਨੂੰ ਪੁਛਿਆ ਗਿਆ ਕਿ ਤੂੰ ਜਨਮ ਕਿਉਂ ਨਹੀਂ ਲੈਂਦਾ

ਸੁਖਦੇਵ ਨੂੰ, ਮਾਂ ਤੇਰੀ ਔਖੀ, ਬੜੀ ਤੰਗ ਹੈ, ਤੂੰ ਜਨਮ ਕਿਉਂ ਨਹੀਂ ਲੈਂਦਾ ? ਤੇ ਏਸ ਨੇ ਜਵਾਬ ਦਿੱਤਾ ਸੀ, ਨਾਰਦ ਮੁਨੀ ਨੂੰ ਕਿ ਨਾਰਦ ਮੁਨੀ ! ਮਾਂ ਦੇ ਗਰਭ ਵਿਚ ਮੈਨੂੰ ਪੁਰਾਣੇ ਸੌ ਜਨਮ ਦਾ ਗਿਆਨ ਹੈ। ਮੈਂ ਇਕ ਜਨਮ ਕੁੱਤੇ ਦਾ ਵੀ ਗੁਜ਼ਾਰਿਆ ਹੈ, ਮੈਂ ਇਕ ਜਨਮ ਚਿੱਚੜ ਦਾ ਵੀ ਗੁਜਾਰਿਆ ਹੈ, ਕੁੱਤੇ ਦੇ ਕੰਨ ਨਾਲ ਮੈਂ ਚਿੱਚੜ ਬਣ ਕੇ ਚੰਬੜਿਆਂ ਹੋਇਆ ਸਾਂ। ਕੁੱਤਾ ਭੁੱਖ ਦਾ ਮਾਰਿਆ ਹੋਇਆ ਦੁਆਰੇ-ਦੁਆਰੇ ਡੋਲਦਾ ਫਿਰਦਾ ਸੀ। ਇਕ ਘਰ ਗਿਆ, ਘਰ ਵਾਲਿਆਂ ਨੇ ਸੋਟਾ ਲਿਆ ਮਾਰਨ ਲਈ ਤੇ ਉਹ ਉਸ ਦੇ ਕੰਨ ਤੇ ਵੱਜਾ, ਉਹ ਪਿਛਲੇ ਪਾਸਿਓਂ ਚਿੱਚੜ ਸੋਟੇ ਨਾਲ ਕੱਟਿਆ ਗਿਆ ਤੇ ਮੂੰਹ ਉਸ ਦਾ ਕੁੱਤੇ ਦੇ ਕੰਨ ਨਾਲ ਜੁੜਿਆ ਰਿਹਾ। ਕਈ ਦਿਨ ਉਸ ਕੁੱਤੇ ਦੇ ਕੰਨ ਨਾਲ ਜੁੜਿਆ, ਜੁੜਿਆਂ-ਜੁੜਿਆਂ ਸਿਸਕੀਆਂ ਭਰ-ਭਰ ਕੇ ਦੁੱਖ ਜਰ ਕੇ ਉਹ ਜਨਮ ਆਪਣਾ ਪੂਰਾ ਕੀਤਾ। ਮੈਨੂੰ ਐਸੇ ਇਕ ਆਪਣੇ ਜਨਮ ਦਾ ਗਿਆਨ ਹੈ। ਨਾਰਦ ! ਤੂੰ ਮੇਰੇ ਕੋਲੋਂ ਪੁੱਛਿਆ ਤੇ ਹੈ। ਉਸ ਸੌ ਜਨਮ ਵਿਚੋਂ ਮੇਰਾ ਇਕ ਜਨਮ ਖੋਤੇ ਦਾ ਵੀ ਹੋਇਆ ਹੈ। ਔਰ ਖੋਤਾ ਵੀ ਮੈਂ ਘੁਮਿਆਰਾਂ ਦਾ ਖੋਤਾ ਸਾਂ। ਖਾਣ ਨੂੰ ਘੱਟ ਦਿੰਦੇ ਸਨ, ਲੱਦਦੇ ਬਹੁਤਾ ਸਨ। ਇਕ ਦਿਨ ਮੇਰਾ ਪੈਰ ਤਿਲਕ ਗਿਆ ਚਿੱਕੜ ਵਿਚ ਤੇ ਮੈਂ ਡਿੱਗ ਪਿਆ ਤੇ ਮੇਰੇ ਕੋਲੋਂ ਮੁੜ ਕੇ ਉਠਿਆ ਨਾ ਗਿਆ, ਧੋਬੀਆਂ ਨੇ ਆਪਣੇ ਗਿੱਲੇ ਕਪੜੇ ਮੇਰੇ ਤੋਂ ਲਾਹ ਲਏ, ਦੂਸਰੇ ਗੱਧੇ ਉਤੇ ਲੱਧ ਲਏ ਤੇ ਮੈਨੂੰ ਉਥੇ ਹੀ ਰਹਿਣ ਦਿੱਤਾ, ਤੇ ਜਿਹੜੇ ਆਣ-ਜਾਣ ਵਾਲੇ ਲੋਕ ਸਨ ਨਾ, ਉਹਨਾਂ ਨੇ ਮੈਨੂੰ ਆਸਰਾ ਬਣਾ ਲਿਆ। ਇਧਰਲਾ ਆਵੇ ਤੇ ਮੇਰੇ ਤੇ ਪੈਰ ਰੱਖ ਕੇ ਚਲਾ ਜਾਵੇ, ਉਧਰਲਾ ਆਵੇ ਤੇ ਮੇਰੇ ਤੇ ਪੈਰ ਰੱਖ ਕੇ ਚਲਾ ਜਾਵੇ, ਮੈਂ ਲੋਕਾਂ ਦੇ ਹੇਠਾਂ ਲਤਾੜੀਦਾ ਹੀ ਕੁਝ ਚਿਰ ਬਾਅਦ ਮਰ ਗਿਆ। ਗਰਭ ਵਿਚ ਮੈਨੂੰ ਐਸੇ ਜਨਮ ਦੇ ਗਿਆਨ, ਐਸੇ-ਐਸੇ ਸੌ ਜਨਮ ਦਾ ਗਿਆਨ ਵੀ ਹੈ। ਹੁਣ ਮੈਂ ਡਰਦਾ ਈ ਜਨਮ ਨਹੀਂ ਲੈਂਦਾ ਕਿ ਉਹ ਮਾਇਆ ਅਜੇ ਵੀ ਬਾਹਰ ਹੈ:

*"ਜੋਨਿ ਛਾਡਿ ਜਉ ਜਗ ਮਹਿ ਆਇਓ॥*
*ਲਾਗਤ ਪਵਨ ਖਸਮੁ ਬਿਸਰਾਇਓ॥"* *(ਪੰਨਾ ੩੩੭)*

*"ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥* *(ਪੰਨਾ ੯੨੧)*

ਉਹ ਮਾਇਆ ਹੁਣ ਵੀ ਮੈਨੂੰ ਬਾਹਰ ਨਜ਼ਰ ਆਉਂਦੀ ਹੈ, ਮੈਂ ਉਸ ਮਾਇਆ ਤੋਂ ਡਰਦਾ ਜਨਮ ਨਹੀਂ ਲੈਂਦਾ। ਨਾਰਦ ਨੇ ਵਿਸ਼ਨੂੰ ਨੂੰ ਕਿਹਾ ਤੇ ਵਿਸ਼ਨੂੰ ਨੇ ਸੁਖਦੇਵ ਨੂੰ ਕਿਹਾ, ਤੂੰ ਜਨਮ ਲੈਣ ਲਈ ਤਿਆਰ ਹੋ। ਜਿਸ ਘੜੀ ਤੇਰਾ ਜਨਮ ਹੋਵੇਗਾ, ਅਸੀਂ ਉਸ ਘੜੀ ਮਾਇਆ ਸੰਕੋਚ ਲਵਾਂਗੇ। ਤੈਨੂੰ ਨਹੀਂ ਵਿਆਪੇਗਾ। ਕਹਿੰਦੇ ਨੇ ਉਸ ਘੜੀ ਜਦੋਂ ਸੁਖਦੇਵ ਨੇ ਜਨਮ ਲੈਣਾ ਸੀ, ਜਿਹੜੇ-ਜਿਹੜੇ ਬਾਲਕ ਦਾ ਜਨਮ ਉਸ ਘੜੀ ਹੋ ਗਿਆ ਨਾ ਹੋਰ ਜਗ੍ਹਾਂ ਤੇ, ਉਹ ਸਾਰੇ ਸਿੱਧ

ਹੋ ਗਏ, ਕਿਉਂਕਿ ਉਸ ਵਕਤ ਮਾਇਆ ਹੈ ਨਹੀਂ ਸੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਹੋਕਾ ਦਿੱਤਾ ਹੈ:

*"ਮਾਇਆ ਐਸੀ ਮੋਹਿਨੀ ਭਾਈ॥*
*ਜੇਤੇ ਜੀਅ ਤੇਤੇ ਡਹਕਾਈ॥"* *(ਪੰਨਾ ੧੧੬੦)*

ਹਜ਼ੂਰ ਕਹਿੰਦੇ ਨੇ:

*"ਤੁਰੇ ਉਸਟ ਮਾਇਆ ਮਹਿ ਭੇਲਾ॥*
*ਸਿਧ ਚਉਰਾਸੀਹ ਮਾਇਆ ਮਹਿ ਖੇਲਾ॥"*

*"ਮਾਇਆ ਅੰਤਰਿ ਭੀਨੇ ਦੇਵ॥*
*ਸਾਗਰ ਇੰਦ੍ਰਾ ਅਰੁ ਧਰਤੇਵ॥"* *(ਪੰਨਾ ੧੧੬੦)*

ਕੋਈ ਇਸ ਦੇ ਪੰਜੇ ਤੋਂ ਬਚਦਾ ਨਹੀਂ, ਕੋਈ ਇਸ ਤੋਂ ਛੁਟਕਾਰਾ ਨਹੀਂ ਪਾ ਸਕਦਾ, ਤੇ ਅਸੀਂ ਇੰਨੀਆਂ ਗੱਲਾਂ ਵਲ ਧਿਆਨ ਨਹੀਂ ਦੇ ਰਹੇ। ਇਕ ਵਾਰੀ ਇਕ ਥੱਥਾ ਦੂਜੇ ਥੱਥੇ ਨੂੰ ਪੁੱਛਣ ਲਗਾ ਕਿ ਮੈਂ ਫਲਾਣੇ ਪਿੰਡ ਨੂੰ ਜਾਣਾ ਹੈ ਤੇ ਦੂਜਾ ਵੀ ਥੱਥਾ ਸੀ, ਜਿਸ ਨੂੰ ਉਹਨੇ ਪੁੱਛਿਆ ਤੇ ਉਸ ਨੇ ਥੱਥਲਾ ਕੇ ਰਸਤਾ ਦੱਸ ਦਿੱਤਾ, ਤੇ ਰਾਹ ਪੁੱਛਣ ਵਾਲੇ ਨੇ ਜਾਣਿਆ ਕਿ ਇਸ ਨੇ ਮੇਰੀ ਸਾਂਗ ਲਾਈ ਹੈ ਤੇ ਉਸ ਨੇ ਦੋ-ਤਿੰਨ ਜੁੱਤੀਆਂ ਕੱਢ ਮਾਰੀਆਂ ਤੇ ਕਹਿਣ ਲੱਗਾ, ਮੇਰੀ ਸਾਂਗ ਲਾਈ। ਉਹ ਵਿਚਾਰਾ ਚੁੱਪ ਕਰ ਗਿਆ। ਦੋ ਕੁ ਮਹੀਨਿਆਂ ਬਾਅਦ ਉਸ ਨੂੰ ਫੇਰ ਇਕ ਥੱਥਾ ਮਿਲਿਆ, ਉਹਨੇ ਵੀ ਰਾਹ ਪੁੱਛਿਆ ਤੇ ਦੋ-ਤਿੰਨ ਬੰਦੇ ਉਥੇ ਖਲੋਤੇ ਹੋਏ ਸਨ, ਉਹ ਵੀ ਥੱਥਾ ਖਲੋਤਾ ਹੋਇਆ ਸੀ, ਜਿਸ ਨੂੰ ਉਹਨੇ ਪਹਿਲਾਂ ਮਾਰਿਆ ਸੀ। ਦੂਜੇ ਥੱਥੇ ਨੇ ਫੇਰ ਪੁਛਿਆ ਰਾਹ, ਫੇਰ ਪੁਛਿਆ ਰਾਹ, ਪਰ ਉਸ ਨੇ ਨਹੀਂ ਦੱਸਿਆ ਤੇ ਲਾਗੋਂ ਕਿਸੇ ਹੋਰ ਨੇ ਦੱਸਿਆ ਤੇ ਉਹ ਚਲਿਆ ਗਿਆ ਰਾਹੀ। ਇਕ ਨੇ ਆਖਿਆ ਉਸ ਥੱਥੇ ਨੂੰ,`ਜਿਸ ਨੂੰ ਪਹਿਲਾਂ ਮਾਰ ਪਈ ਹੋਈ ਸੀ ਕਿ ਤੈਨੂੰ ਰਾਹ ਦਾ ਪਤਾ ਸੀ ਤੂੰ ਕਿਉਂ ਨਹੀਂ ਦੱਸਿਆ ? ਕਹਿੰਦਾ ਆ--ਰਾ--ਆ--ਹ ਦੱ--ਸ ਕੇ ਜੁੱ--ਤੀਆਂ ਖਾਣੀਆਂ ਹੈਂ ? ਉਹਨੂੰ ਅੱਗੇ ਪਹਿਲਾਂ ਜੁੱਤੀਆਂ ਪਈਆਂ ਹੋਈਆਂ ਸਨ। ਪੁੱਛਣ-ਗਿੱਛਣ ਵਾਲਾ ਕੋਈ ਨਹੀਂ ਰਿਹਾ, ਜੋ ਕਿਸੇ ਦੀ ਮਰਜ਼ੀ ਆਂਦੀ ਹੈ, ਉਹ ਕਰੀ ਜਾਂਦਾ ਹੈ। ਆਪੋ-ਧਾਪੀ ਜਿਹੀ ਪੈ ਗਈ ਹੈ। ਇਕ ਰਾਮ-ਰੌਲਾ ਹੁੰਦਾ ਹੈ, ਇਕ ਰਾਜ-ਰੌਲਾ ਹੁੰਦਾ ਹੈ। ਹੁਣ ਰਾਮ-ਰੌਲਾ ਪੈ ਗਿਆ ਹੈ, ਰਾਜ-ਰੌਲਾ ਤੇ ਪਿਆ ਈ ਹੋਇਆ ਸੀ। ਗੁਰੂ ਕੇ ਸਿੱਖਾ ! ਇਹ ਕਦੋਂ ਖਤਮ ਹੋ ਗਿਆ। ਗੁਰੂ ਤੇਗ ਬਹਾਦਰ ਕਰਨ ਕਾਰਨ ਕਾਦਰ ਮਹਾਰਾਜ ਨੇ ਵਰ ਦੇ ਦਿੱਤਾ ਕਿ ਅੱਜ ਤੋਂ ਇਸ ਨਗਰੀ ਵਿਚ ਕੋਈ ਕੋੜ੍ਹਾ ਨਹੀਂ ਜੰਮੇਗਾ। ਤੇ ਸੇਵਾ ਲੇਖੇ ਪੈ ਗਈ ਨਾ। ਤੇ ਜਿਹੜੇ ਗੁਰੂ ਰਾਮਦਾਸ ਮਹਾਰਾਜ ਅੱਗੇ ਬੇਨਤੀਆਂ ਕਰ ਰਹੇ ਸਨ ਨਾ ਭਈ ਅਸੀਂ ਜਨਮ-ਜਮਾਤਰਾਂ ਵਿਚ ਭੌਂਦੇ ਥੱਕ ਗਏ ਹਾਂ, ਮਹਾਰਾਜ ਉਪਾਅ ਦੱਸੋ, ਮੁਕਤ

ਕਿਵੇਂ ਹੋਈਏ ? ਜੰਮਣ-ਮਰਨ ਕਿਵੇਂ ਮੁੱਕੇ ? ਤੇ ਸਾਹਿਬ ਗੁਰੂ ਗਰੀਬ-ਨਿਵਾਜ਼ ਚੌਥੇ ਬਾਪੂ ਨੇ ਇਹ ਗੱਲ ਕਹੀ ਸੀ, ਭਾਈ ਬੁੱਧੀ ਰਾਜ, ਸਵੇਰੇ ਉਠ ਕੇ ਜਪ ਸਾਹਿਬ ਦਾ ਪਾਠ ਕਰਕੇ ਤੇ ਕਥਾ ਕੀਰਤਨ ਭਾਵੇਂ ਨੇੜੇ ਹੋਵੇ ਜਾਂ ਦੂਰ ਹੋਵੇ, ਨੇਮ ਨਾਲ ਜਾਣਾ, ਐਣ ਪਾਬੰਦੀ ਨਾਲ ਜਾਣਾ, ਨਾਗਾ ਨਹੀਂ ਪਾਉਣਾ ਤੇ ਸ੍ਰੀ ਨਾਨਕ ਨਿਰੰਕਾਰੀ ਸਾਹਿਬ ਸੱਚਾ ਪਾਤਿਸ਼ਾਹ ਕਿਰਪਾ ਕਰਨਗੇ ਤੇ ਤੁਹਾਨੂੰ ਬ੍ਰਹਮ-ਗਿਆਨ ਹੋਵੇਗਾ, ਤੁਹਾਡੀ ਕਲਿਆਣ ਹੋ ਜਾਏਗੀ। ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਕਥਾ ਸੁਣਦਿਆਂ ਹੀ ਕਲਿਆਣ ਹੋ ਗਿਆ। ਜਪ ਸਾਹਿਬ ਦਾ ਪਾਠ ਸਵੇਰੇ ਕਰਨਾ, ਫੇਰ ਕਥਾ ਕੀਰਤਨ ਸੁਣਨਾ, ਕਲਿਆਣ ਹੋ ਗਈ। ਕਾਂਜਲੇ ਤੋਂ ਉਠ ਕੇ ਸਾਹਿਬ ਮਾਲੋਵਾਲ ਆਏ ਨੇ, ਮਾਲੋਵਾਲ ਦਾ ਨੰਬਰਦਾਰ, ਮਾਲੋਵਾਲ ਦੀਆਂ ਮਾਈਆਂ, ਮਾਲੋਵਾਲ ਦਾ ਗੋਂਦਾ, ਚੌਧਰੀ ਗੋਂਦਾ, ਉਹ ਨਹੀਂ ਸੀ ਚੰਗਾ ਹੋਇਆ। ਉਹ ਹਰਿਗੋਬਿੰਦ ਹੋਇਆ, ਇਹ ਮੈਂ ਮਾਲੋਵਾਲ ਦਾ ਜ਼ਿਕਰ ਕਰ ਰਿਹਾ ਹਾਂ ਮਾਲਵੇ ਵਿਚ। ਇਹ ਸਾਰੇ ਸੰਗਤਾਂ ਨੂੰ ਲੈ ਕੇ ਤੇ ਤੇਗ ਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਨੂੰ ਅੱਗੋਂ ਮਿਲ ਪਏ, ਭੇਟਾ ਪੂਜਾ ਰੱਖੀ, ਨਮਸ਼ਕਾਰ ਕੀਤੀ ਤੇ ਸਾਹਿਬਾਂ ਨੂੰ ਆਦਰ ਨਾਲ, ਪਿਆਰ ਨਾਲ ਆਖਿਆ, ਸਾਹਿਬ ਨਗਰੀ ਵਿਚ ਚਰਨ ਪਾਉ। ਨਗਰੀ ਦਾ ਭਲਾ ਕਰੋ, ਸਾਰੇ ਪਿੰਡ ਨੇ ਸੇਵਾ ਕਮਾਈ, ਲੰਗਰ ਲਾਏ, ਉਹ ਭਾਂਡੇ ਮਾਂਜੇ ਤੇ ਅੱਠ ਦਿਨ ਗੁਰੂ ਤੇਗ ਬਹਾਦਰ ਸਾਹਿਬ ਰਹੇ ਨੇ ਮਾਲੋਵਾਲ ਵਿਚ ਤੇ ਅੱਠ ਦਿਨ ਬਾਣੀ ਤੇ ਕੀਰਤਨ ਚਲਦਾ ਰਿਹਾ। ਇਥੋਂ ਤੁਰ ਕੇ ਸਾਹਿਬ ਸੇਖੇ ਗਏ ਨੇ, ਸੇਖੇ ! ਤੇ ਜਦੋਂ ਇਥੋਂ ਤੁਰਨ ਲੱਗੇ ਨੇ ਨਾ ਉਦੋਂ ਧੰਨਾ-ਧੰਨਾ ਨਾਮ ਦਾ ਜ਼ਿਮੀਦਾਰ ਆਇਆ, ਉਹਨੇ ਸਾਹਿਬ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ, ਪਾਤਿਸ਼ਾਹ ! ਸਭ ਨੂੰ ਨਿਹਾਲ ਕਰ ਚੱਲੇ ਹੋ, ਸਭ ਦੇ ਬੇੜੇ ਪਾਰ ਕਰ ਚੱਲੇ ਹੋ, ਮੈਂ ਗਰੀਬ ਰਹਿ ਗਿਆ, ਮੇਰੀ ਕੁਟੀਆ ਪਿੰਡੋਂ ਜ਼ਰਾ ਬਾਹਰ ਕੁ ਵੱਲ ਹੈ। ਗਰੀਬ-ਨਿਵਾਜ਼, ਅੱਜ ਦੀ ਰਾਤ ਜ਼ਰਾ ਦਾਸ ਕੋਲ ਗੁਜ਼ਾਰਾ ਕਰੋ, ਅੱਜ ਮੈਨੂੰ ਨਿਵਾਜੋ। ਐਨਾ ਪ੍ਰੇਮ ਸੀ ਧੰਨੇ ਜ਼ਿਮੀਦਾਰ ਦਾ, ਕਿ ਸਾਹਿਬ ਨੇ ਅਗਲਾ ਪ੍ਰੋਗਰਾਮ ਮੁਲਤਵੀ ਕਰਕੇ ਉਹਦੀ ਕੁਟੀਆ ਵਿਚ ਜਾ ਡੇਰੇ ਲਾਏ, ਰਾਤ ਉਥੇ ਕੱਟੀ, ਦਰਬਾਰ ਉਥੇ ਸੱਜਿਆ, ਬਾਣੀ ਉਥੇ ਪੜ੍ਹੀ ਗਈ, ਅੰਮ੍ਰਿਤ ਦੇ ਛਿੱਟੇ ਉਥੇ ਮਾਰੇ ਗਏ, ਧਰਤੀ ਨਿਹਾਲ-ਨਿਹਾਲ ਕਰ ਦਿੱਤੀ। ਅਗਲੇ ਦਿਨ ਗਏ ਨੇ ਸੇਖੇ ਤੇ ਸੇਖੇ ਦੇ ਲੋਕਾਂ ਤੇ ਜੂੰ ਨਹੀਂ ਸਰਕੀ ਕਿ ਭਈ ਗੁਰੂ ਆਇਆ ਕਿ ਨਹੀਂ ਆਇਆ। ਮਾਲੋਵਾਲ ਦੇ ਲੋਕਾਂ ਦਾ ਦੇਹ ਅਧਿਆਸ ਮਰ ਗਿਆ ਹੈ, ਕਾਂਜਲੇ ਦੇ ਲੋਕਾਂ ਦਾ ਦੇਹ ਅਧਿਆਸ ਮਰ ਗਿਆ ਹੈ। ਸੇਖੇ ਦੇ ਲੋਕਾਂ ਦਾ ਦੇਹ ਅਧਿਆਸ ਜੀਉਂਦਾ, ਕਿਸੇ ਨੇ ਬਾਤ ਨਹੀਂ ਪੁੱਛੀ, ਕੋਈ ਅੱਗੋਂ ਹੋ ਕੇ ਨਹੀਂ ਮਿਲਿਆ। ਸਗੋਂ ਉਥੋਂ ਦੇ ਰਹਿਣ ਵਾਲਾ ਚੌਧਰੀ ਸੀ ਮਲੂਕਾ। ਇਕ ਮਲੂਕਾ ਗੁਰੂ ਤੇਗ ਬਹਾਦਰ ਜੀ ਨੂੰ ਕੜਾ ਮਾਨਕਪੁਰ ਵੀ ਮਿਲਿਆ। ਇਹ ਮਾਲਵੇ ਵਿਚ ਮਿਲਿਆ, ਸੇਖਾ ਪਿੰਡ ਵਿਚ ਚੌਧਰੀ ਮਲੂਕਾ। ਗੁਰੂ ਮਹਾਰਾਜ ਤੇਗ ਬਹਾਦਰ ਦੇ ਕੋਲੋਂ ਨਿਊਂ ਕੇ ਲੰਘ ਜਾਏ ਤੇ ਮਸਕਰੀ ਕਰ ਜਾਏ, ਬੜੇ ਹੰਕਾਰ ਦੇ ਬੋਲ ਬੋਲੇ ਕਿ ਮੇਰੇ ਵਰਗਾ ਕੋਈ ਨਹੀਂ। ਤੇਈ ਪਿੰਡਾਂ ਦੀ ਚੌਧਰ ਮਲੂਕੇ ਕੋਲ ਸੀ,

ਤੇਈਆਂ ਪਿੰਡਾਂ ਦਾ ਚੌਧਰੀ ਸੀ ਉਹ। ਅੰਦਰ ਹੰਕਾਰ, ਫੂਕਾਂ ਮਾਰਦਾ, ਬਿਛੂਏ ਦੀ ਤਰ੍ਹਾਂ, ਜਿਸ ਵੇਲੇ ਕਈ ਵੇਰਾਂ ਸਰਕਾਰ ਦੇ ਇਧਰ-ਉਧਰ ਦੀ ਲੰਘਿਆ ਨਾ ਤੇ ਗਰੀਬ-ਨਿਵਾਜ ਬਾਪੂ ਨੇ ਉਹਦੇ ਵੱਲ ਵੇਖ ਕੇ ਦੋ ਤੁਕਾਂ ਪੜ੍ਹੀਆਂ, ਕਹਿਣ ਲੱਗੇ:

*"ਧਨ ਭੂਮਿ ਕਾ ਜੋ ਕਰੈ ਗੁਮਾਨੁ ॥*
*ਸੋ ਮੂਰਖੁ ਅੰਧਾ ਅਗਿਆਨੁ ॥"*

ਬੱਸ ਇਤਨੀ ਗੱਲ ਕਹਿ ਕੇ ਸਰਕਾਰ ਖਾਮੋਸ਼ ਹੋ ਗਏ, ਤੇ ਉਹ ਕਿਸੇ ਬੈਰਾਗੀ ਦਾ ਚੇਲਾ ਸੀ, ਤੇ ਜਿਹੜਾ ਮਲੂਕਾ ਮਾਨਕਪੁਰ ਮਿਲਿਆ ਸੀ, ਚੇਲਾ ਉਹ ਵੀ ਕਿਸੇ ਬੈਰਾਗੀ ਦਾ ਹੀ ਸੀ, ਪਰ ਇਹ ਜਿਹੜਾ ਮਲੂਕਾ ਸੀ ਨਾ ਸੇਖੇ ਦਾ, ਇਹਦੇ ਗੁਰੂ ਬੈਰਾਗੀ ਨੇ ਸਮਝਾਇਆ ਭਈ ਮਹਾਂਪੁਰਸ਼ਾਂ ਦੀ ਨਿੰਦਿਆ ਨਹੀਂ ਕਰੀਦੀ। ਮਹਾਂਪੁਰਸ਼ਾਂ ਨੂੰ ਕੌੜੇ-ਫਿੱਕੇ ਬਚਨ ਨਹੀਂ ਬੋਲੀਦੇ, ਮਹਾਂਪੁਰਸ਼ਾਂ ਦਾ ਨਿਰਾਦਰ ਨਹੀਂ ਕਰੀਦਾ, ਇਹ ਆਪਣੇ ਵਾਸਤੇ ਮਾੜੀ ਗੱਲ ਹੁੰਦੀ ਹੈ, ਪਰ ਮਲੂਕੇ ਦੇ ਕੰਨ ਤੇ ਜੂੰ ਨਹੀਂ ਸਰਕੀ। ਇਕ ਨਹੀਂ ਕਿਸੇ ਦੀ ਸੁਣੀ, ਜਿਸ ਵੇਲੇ ਫਿਰ ਸਮਝਾਇਆ, ਗੁਰੂ ਨੇ ਸਮਝਾਇਆ ਤੇ ਐਵੇਂ ਬੱਧਾ-ਰੁੱਧਾ ਜਿਹਾ, ਦਿਖਾਵੇ ਦਾ ਮੱਥਾ ਟੇਕਣ ਵਾਸਤੇ ਗੁਰੂ ਤੇਗ ਬਹਾਦਰ ਜੀ ਕੋਲ ਆਇਆ, ਤੇ ਗੁਰੂ ਮਹਾਰਾਜ ਕਹਿਣ ਲੱਗੇ, "ਮਲੂਕਿਆ ! ਜਿਹੜਾ ਬਚਨ ਗੁਰੂ ਅਰਜਨ ਸਾਹਿਬ ਦੀ ਦਰਗਾਹ ਵਿਚ ਹੋਣਾ ਸੀ, ਉਹ ਹੋ ਗਿਆ ਹੈ ਕਿ ਉੱਜੜ ਜਾਉ, ਬਰਬਾਦ ਹੋ ਜਾਉ। ਮਲੂਕਿਆ ! ਇਹ ਪਿੰਡ ਤੇਰਾ ਨਹੀਂ ਵੱਸੇਗਾ, ਇਹ ਨਗਰੀ ਤੇਰੀ ਬਰਬਾਦ ਹੋ ਜਾਏਗੀ, ਜਿਥੇ ਤੇਰੇ ਵਰਗੇ ਮਨਮੁੱਖ ਰਹਿੰਦੇ ਨੇ, ਉਥੇ ਨਗਰੀਆਂ ਨਹੀਂ ਵੱਸਦੀਆਂ ਹੁੰਦੀਆਂ। ਮਲੂਕਾ ਕੰਬ ਗਿਆ, ਉਹਦੇ ਗੁਰੂ ਬੈਰਾਗੀ ਨੇ ਫਿਰ ਸਮਝਾਇਆ, ਬਰਾਦਰੀ ਪਿੰਡ ਨੇ ਸਮਝਾਇਆ, ਤੇ ਬਰਾਦਰੀ ਦੇ ਲੋਕ ਆ ਕੇ ਕਹਿਣ ਲੱਗੇ, ਮਹਾਰਾਜ ! ਇਹ ਹਉਮੈ ਵਿਚ ਰੱਤਾ ਹੋਇਆ ਹੈ, ਸ਼ਰਾਬੀ-ਕਬਾਬੀ ਆਦਮੀ ਹੈ, ਇਹ "ਬੋਲ ਨ ਜਾਣੈ ਮਾਇਆ ਮਦਿ ਮਾਤਾ" ਵਾਲੀ ਅਵੱਸਥਾ ਵਿਚ ਫਿਰ ਰਿਹਾ ਹੈ, ਨਗਰੀ ਉਤੇ ਤਰਸ ਖਾਉ, ਨਗਰੀ ਉਤੇ ਦਇਆ ਕਰੋ, ਨਗਰੀ ਨਾ ਬਰਬਾਦ ਕਰੋ, ਨਗਰੀ ਨਾ ਉਜਾੜੋ।

ਕਿੱਕਰ ਜੜ੍ਹਾਂ ਤੋਂ ਪੁੱਟੀ ਗਈ ਤੇ ਸਹੇਲੀਆਂ ਨੇ ਆ ਕੇ ਆਖਿਆ, ਨੀ ਗੰਗਾ ! ਭੈਣ ਗੰਗਾ, ਨੀ ਭਾਗਾਂ ਵਾਲੀਏ ਗੰਗਾ, ਜਿਸ ਦੇ ਲੜ ਤੂੰ ਲੱਗਣਾ ਹੈ, ਉਹ ਅੰਤਰਯਾਮੀ, ਸ਼ਕਤੀਆਂ ਦਾ ਮਾਲਿਕ, ਉਸ ਦੀ ਸੋਟੀ ਵਿਚ ਬਰਕਤਾਂ, ਉਹਨੇ ਸੋਟੀ ਲਾ ਕੇ ਕਿੱਕਰ ਨਾਲ ਪਿਛਾਂਹ ਨੂੰ ਖਿੱਚੀ, ਕਿੱਕਰ ਜੜ੍ਹਾਂ ਤੋਂ ਨਿਕਲ ਕੇ ਤੇਰੇ ਬਣਨ ਵਾਲੇ ਪਤੀ ਦੇ ਚਰਨਾਂ ਵਿਚ। ਉਹਨੂੰ ਤਾਂ ਦਰੱਖਤ ਮੱਥਾ ਟੇਕਦੇ ਨੇ, ਉਹਨੂੰ ਤਾਂ ਬਨਸਪਤੀ ਪਈ ਝੁਕਦੀ ਹੈ ਤੇ ਗੰਗਾ ਨੇ ਸਹਿਜੇ ਨਾਲ ਪੁਛਿਆ, "ਮੇਰੀਓ ਸਹੇਲੀਓ ! ਸੁਨੇਹਾ ਦੇਣ ਵਾਲੀਓ, ਕਿੱਕਰ ਪੁੱਟਣ ਲਗਿਆਂ ਮੇਰੇ ਬਣਨ ਵਾਲੇ ਮਾਲਿਕ ਨੇ ਜ਼ੁਬਾਨੋਂ ਬਚਨ ਤਾਂ ਨਹੀਂ ਬੋਲੇ ?" ਇਕ ਸਹੇਲੀ ਕਹਿਣ ਲੱਗੀ, ਕਿਥੇ ? ਕੁਝ ਵੀ ਨਹੀਂ ਸਿਰਫ ਇੰਨਾ ਹੀ ਆਖਿਆ-

*"ਮਾਹੁ ਮਾਈ ਕਰਤਾਰ ਵਿਚ ਵੱਸਦੇ ਝੂਠੇ।*
*ਸਿਰੀਂ ਇਨ੍ਹਾਂ ਦੀਆਂ ਟੋਪੀਆਂ ਹੱਥ ਫੜ ਲਏ ਠੂਠੇ।"*

ਵਿਦਵਾਨ ਗੰਗਾ ਨੇ ਅਰਥ ਉਚਾਰੇ ਕਿ ਇਹ ਤੇ ਮੇਰੇ ਮਾਪਿਆਂ ਦੇ ਪਿੰਡ ਨੂੰ ਸਰਾਪ ਮਿਲ ਗਿਆ ਹੈ। ਇਹ ਤੇ ਸਰਾਪ ਮਿਲ ਗਿਆ ਕਿ ਇਹ ਜਿਹੜਾ ਮਾਹੁ ਪਿੰਡ ਹੈ, ਰੱਬ ਦਾ ਮਾਰਿਆ ਹੋਇਆ ਹੈ। ਇਹਦੇ ਵਿਚ ਰਹਿਣ ਵਾਲੇ ਝੂਠੇ ਨੇ, ਮੇਰੇ ਦਾਦੇ, ਚਾਚੇ, ਭਰਾ ਸਾਰੇ ਝੂਠੇ ਨੇ। ਇਨ੍ਹਾਂ ਨੂੰ ਤਾਂ ਸਰਾਪ ਮਿਲ ਗਿਆ ਕਿ ਇਨ੍ਹਾਂ ਦੇ ਸਿਰਾਂ ਉਤੇ ਟੋਪੀਆਂ ਹੋਣਗੀਆਂ, ਫਕੀਰ ਹੋਣਗੇ, ਕੰਗਲੇ ਹੋਣਗੇ, ਹੱਥ ਵਿਚ ਠੂਠੇ ਹੋਣਗੇ, ਦਰ-ਬਦਰ ਮੰਗਦੇ ਹੋਣ, ਜਿਸ ਵੇਲੇ ਮਾਪਿਆਂ ਦੇ ਪਿੰਡ ਦਾ ਸਰਾਪ ਪਤਾ ਲੱਗਾ, ਤੇ ਲਾਵਾਂ ਨੀ ਅਜੇ ਹੋਈਆਂ, ਭਰੇ ਦਰਬਾਰ ਵਿਚ ਆ ਗਈ ਗੰਗਾ, ਲੋਕ-ਲਾਜ ਤੋੜ ਕੇ, ਦਰਬਾਰ ਵਿਚ ਆ ਗਈ ਗੰਗਾ, ਆਪਣੇ ਬਣਨ ਵਾਲੇ ਪਤੀ ਦੇ ਪੈਰਾਂ ਉਤੇ ਸਿਰ ਰੱਖ ਕੇ ਜ਼ਾਰੋ-ਜ਼ਾਰ ਰੋ ਕੇ ਕਹਿਣ ਲੱਗੀ, "ਮਾਲਿਕ ! ਮੇਰੇ ਮਾਪਿਆਂ ਦੀ ਬਸਤੀ ਨਾ ਉਜਾੜ, ਮੇਰੇ ਮਾਪਿਆਂ ਦੀ ਨਗਰੀ ਨਾ ਉਜਾੜ। ਇਹ ਮੇਰਾ ਜਨਮ ਅਸਥਾਨ ਹੈ, ਇਥੇ ਮੈਂ ਬਚਪਨ ਗੁਜ਼ਾਰਿਆ ਹੈ, ਇਨ੍ਹਾਂ ਗਲੀਆਂ ਵਿਚ ਮੈਂ ਨੱਸੀ, ਭੱਜੀ, ਖੇਡੀ, ਇਸ ਨਗਰੀ ਦੇ ਜੂਹ ਦੇ ਖੂਹ, ਜਿਨ੍ਹਾਂ ਦੀਆਂ ਰੰਗ-ਬਰੰਗੀਆਂ ਬੋਲੀਆਂ, ਰੰਗ-ਬਰੰਗੇ ਗੀਤ ਮੈਂ ਕੰਨਾਂ ਨਾਲ ਸੁਣੇ, ਆਤਮਕ ਹੁਲਾਰੇ ਲੁੱਟੇ, ਮੇਰੇ ਮਾਪਿਆਂ ਦੀ ਨਗਰੀ ਨਾ ਉਜਾੜ, ਮੇਰੇ ਉਤੇ ਤਰਸ ਕਰ। ਝੋਲੀ ਵਿਚ ਖੈਰ ਪਾ ਦੇ। ਮੇਰੇ ਮਾਪਿਆਂ ਨੂੰ ਬਖਸ਼ ਦੇ, ਮੇਰੇ ਮਾਪਿਆਂ ਉਤੇ ਦਇਆ ਕਰ, ਮੇਰੇ ਮਾਪਿਆਂ ਉਤੇ ਰੀਝ ਪਉ। ਤੇ ਸਾਹਿਬ ਕਹਿਣ ਲੱਗੇ, ਗੰਗਾ ! ਤੇਰੀ ਕੁਰਬਾਨੀ, ਤੇਰੀ ਦਲੇਰੀ, ਲੋਕ-ਲਾਜ ਨੂੰ ਤੋੜ ਕੇ, ਲੋਕ-ਲਾਜ ਦੀ ਪ੍ਰਵਾਹ ਨਾ ਕਰਕੇ, ਲਾਵਾਂ ਤੋਂ ਪਹਿਲਾਂ ਹੀ ਆ ਕੇ ਤੂੰ ਚਰਨ ਫੜ ਲਏ ਨੇ। ਤੇਰੀ ਇਸ ਦਲੇਰੀ ਦਾ ਸਦਕਾ ਅਦਲਾ-ਬਦਲੀ ਕਰ ਦੇਨੇ ਹਾਂ। ਉਜੜੇਗਾ ਤੇ ਇਕ ਵੇਰਾਂ ਇਹ ਪਿੰਡ ਜ਼ਰੂਰ, ਕਿਸੇ ਦੂਜੇ ਥਾਂ ਜਾ ਕੇ ਵੱਸੇਗਾ ਪਰ ਵੱਸੇਗਾ ਸੁਖ। ਤੇਰੀ ਨਗਰੀ ਦੇ ਬੜੇ-ਬੜੇ ਅਫਸਰ ਹੋਣਗੇ, ਪਰ ਇਕ ਵੇਰਾਂ ਉਜੜੇਗਾ ਜ਼ਰੂਰ। ਗਰੀਬ-ਨਿਵਾਜ਼ ਕਹਿਣ ਲੱਗੇ, ਮਲੂਕਿਆ, ਤੇਰੀ ਨਗਰੀ ਉਜੜੇਗੀ ਜ਼ਰੂਰ, ਦੂਜੇ ਥਾਂ ਜਾ ਕੇ ਵੱਸੇ, ਪਰ ਉਜੜੇਗੀ ਜ਼ਰੂਰ। ਗਲਜ਼ਈ ਆਏ, ਹਮਲਾ ਕੀਤਾ, ਤੇਈ ਦੇ ਤੇਈ ਪਿੰਡ ਉਜੜ ਗਏ, ਇਹ ਜਾ ਕੇ ਦਿੱਲੀ ਵੱਸੇ, ਪੰਜਾਂ ਪਿਆਰਿਆਂ ਦੀ ਚੋਣ ਵਿਚ ਜਿਹੜੇ ਦਿੱਲੀਓਂ ਭਾਈ ਧਰਮ ਸਿੰਘ ਜੀ ਉਠੇ ਸਨ ਨਾ, ਉਹ ਸੀ ਇਸੇ ਖਾਨਦਾਨ ਵਿਚੋਂ। ਤੁਸੀਂ ਦੇਖੋ ਮਲੂਕਾ ਕਿਹੋ ਜਿਹਾ ਤੇ ਉਸ ਖਾਨਦਾਨ ਚੋਂ ਧਰਮਾਤਮਾ ਕਿਹੋ ਜਿਹਾ ਜੰਮਿਆ, ਪੰਜਾਂ ਪਿਆਰਿਆਂ ਵਿਚ ਗਿਣਤੀ ਉਸ ਦੀ। ਤੇ ਗਰੀਬ-ਨਿਵਾਜ਼ ਸਾਹਿਬ ਸੱਚੇ ਪਾਤਿਸ਼ਾਹ, ਗੁਰੂ ਤੇਗ ਬਹਾਦਰ ਜਿਨ੍ਹਾਂ ਬਾਰੇ ਮੈਂ ਅਰਜ਼ ਕਰ ਰਿਹਾ ਹਾਂ, ਉਹਨਾਂ ਨੇ ਦੁਨੀਆਂ ਤੇ ਪ੍ਰਚਾਰ ਦਾ ਹੜ੍ਹ ਵਗਾ ਦਿੱਤਾ, ਉਹ ਫਿਰ ਇਕ ਲਾਗੇ ਪਿੰਡ ਆ ਗਏ, ਉਹਨੂੰ ਗੰਡੂ ਪਿੰਡ ਕਹਿੰਦੇ ਨੇ, ਸੇਖੇ ਦੇ ਲਾਗੇ ਹੀ ਪਿੰਡ ਗੰਡੂ। ਉਥੇ ਇਕ ਰਹਿੰਦਾ ਭਾਈ ਮੁਗਲੂ, ਛੇਵੇਂ ਪਾਤਿਸ਼ਾਹ ਦੇ ਦਰਸ਼ਨ ਕੀਤੇ ਨੇ ਭਾਈ ਮੁਗਲੂ ਨੇ, ਉਸ ਵੇਲੇ ਉਹ ਤਗੜਾ ਜਵਾਨ

ਸੀ, ਜੰਗ ਲੜੇ ਨੇ ਭਾਈ ਮੁਗਲੂ ਨੇ ਤੇ ਜਿਸ ਵੇਲੇ ਜੰਗ ਦਾ ਵੇਲਾ ਖਤਮ ਹੋ ਗਿਆ ਨਾ, ਭਾਈ ਪਿੰਡ ਨੂੰ ਆਉਣ ਲੱਗਾ ਮੁਗਲੂ, ਆਪਣੇ ਪਿੰਡ ਨੂੰ ਗੰਡੂ ਤੇ ਸਾਹਿਬਾਂ ਦੇ ਅੱਗੇ ਹੱਥ ਜੋੜ ਕੇ ਖੜਾ ਹੋ ਗਿਆ, ਤੇ ਹਰਿਗੋਬਿੰਦ ਸਾਹਿਬ ਕਹਿਣ ਲੱਗੇ, ਸੁਣਾ ਭਾਈ ਮੁਗਲੂ ! ਕੁਝ ਮੰਗਣਾ ਚਾਹੁੰਦਾ ਹੈਂ ? ਮੁਗਲੂ ਨੇ ਜਵਾਬ ਦਿੱਤਾ, ਹਾਂ ਗਰੀਬ-ਨਿਵਾਜ਼ ! ਸਾਹਿਬ ਕਹਿਣ ਲੱਗੇ, ਤੂੰ ਬੜੀ ਬਹਾਦਰੀ ਨਾਲ ਜੰਗ ਲੜੇ ਨੇ, ਤੂੰ ਬੜਾ ਨੇਮੀ-ਪ੍ਰੇਮੀ ਜੋਧਾ ਸਿੱਖ ਹੈਂ, ਤੇਰੇ ਅੰਦਰ ਬੜੀ ਜਵਾਂ-ਮਰਦੀ ਠਾਠਾਂ ਮਾਰ ਰਹੀ ਹੈ, ਮੰਗ ਭਾਈ ਮੁਗਲੂ, ਜੋ ਮੰਗੇਂਗਾ ਤੈਨੂੰ ਦੇ ਦਿਆਂਗੇ। ਗੁਰੂ ਨਾਨਕ ਦੇ ਘਰ ਵਿਚ ਕੋਈ ਘਾਟਾ ਨਹੀਂ। ਭਾਈ ਮੁਗਲੂ ਨੇ ਕੁੜਤੇ ਦੇ ਦੋਵੇਂ ਲੜ ਫੜ ਲਏ, ਝੋਲੀ ਅੱਡ ਲਈ, ਕਹਿਣ ਲੱਗੇ, ਸਾਹਿਬ ਜੇ ਰੀਝ ਪਏ ਹੋ ਨਾ, ਜੇ ਨਿਮਾਣੇ ਦਾਸ ਉਤੇ ਤਰੁੱਠ ਪਏ ਹੋ ਨਾ, ਫੇਰ ਮੈਂ ਹੱਥ ਜੋੜ ਕੇ, ਝੋਲੀ ਅੱਡ ਕੇ, ਖੈਰ ਮੰਗਦਾ ਹਾਂ, ਸਾਹਿਬ ਜੀ ! ਅੰਤ ਸਮੇਂ ਜਦੋਂ ਮੇਰੇ ਸਵਾਸ ਨਿਕਲਣ ਲੱਗਣ ਉਦੋਂ ਮੇਰੇ ਸਾਹਮਣੇ ਤੁਸੀਂ ਖਲੋਤੇ ਹੋਵੋ, ਉਦੋਂ ਮੈਨੂੰ ਤੁਹਾਡਾ ਦਰਸ਼ਨ ਹੋਵੇ, ਮੈਂ ਤੁਹਾਨੂੰ ਵੇਖਦਾ-ਵੇਖਦਾ ਹੀ ਪ੍ਰਲੋਕ ਨੂੰ ਗਮਣ ਕਰ ਜਾਵਾਂ, ਤੁਹਾਡੇ ਦਰਸ਼ਨਾਂ ਦਾ ਅੰਮ੍ਰਿਤ ਪੀਂਦਾ-ਪੀਂਦਾ ਹੀ ਮੈਂ ਸਦਾ ਦੀ ਨੀਂਦੇ ਸੌਂ ਜਾਵਾਂ। ਤੇ ਹਰਿਗੋਬਿੰਦ ਸਾਹਿਬ ਸੱਚਾ ਪਾਤਿਸ਼ਾਹ ਮਿੰਟ ਵਾਸਤੇ ਚੁੱਪ ਕਰ ਗਏ। ਮੁਗਲੂ ਕਹਿਣ ਲੱਗਾ, "ਮਹਾਰਾਜ ! ਚੁੱਪ ਕਰ ਗਏ ਹੋ ! ਦਾਸ ਕੋਲੋਂ ਗਲਤੀ ਹੋਈ ਹੈ ?" ਹਰਿਗੋਬਿੰਦ ਸਾਹਿਬ ਕਹਿਣ ਲੱਗੇ, ਮੰਗ ਤੂੰ ਬੜੀ ਅਜੀਬ ਮੰਗੀ ਹੈ, ਦੌੜ ਬੜੀ ਲੰਬੀ ਹੈ, ਵਕਤ ਅਜੇ ਬੜਾ ਰਹਿੰਦਾ ਹੈ, ਤੂੰ ਹੁਣ ਬਚਨ ਕਰ ਦਿੱਤਾ ਕਿ ਅੰਤ ਵੇਲੇ ਮੇਰੇ ਦਰਸ਼ਨ ਹੋ ਜਾਣ। ਮੁਗਲੂ, ਤੇਰੀ ਸੇਵਾ, ਤੇਰੀ ਟਹਿਲ, ਤੇਰੇ ਜੱਤ ਸੱਤ, ਤੇਰੀ ਸਿੱਖੀ ਦੀ ਕਮਾਈ ਉਤੇ ਰੀਝ ਕੇ ਤੇਰੇ ਨਾਲ ਬਚਨ ਕਰਦੇ ਹਾਂ, ਦਰਸ਼ਨ ਹੋਣਗੇ ਜ਼ਰੂਰ, ਆਵਾਂਗੇ ਜ਼ਰੂਰ, ਪਰ ਜਿਹੜੇ ਰੂਪ ਵਿਚ ਤੂੰ ਸਾਨੂੰ ਵੇਖ ਰਿਹਾ ਹੈਂ ਉਸ ਰੂਪ ਵਿਚ ਨਹੀਂ ਹੋਵਾਂਗੇ। ਭਾਈ ਮੁਗਲੂ ! ਉਦੋਂ ਸਾਡਾ ਨਾਮ ਤੇਗ ਬਹਾਦਰ ਹੋਵੇਗਾ, ਅਸੀਂ ਨੌਵੇਂ ਪਾਤਿਸ਼ਾਹ ਦੇ ਰੂਪ ਵਿਚ ਤੇਰੇ ਕੋਲ ਆਵਾਂਗੇ, ਛੇਵੇ ਪਾਤਿਸ਼ਾਹ ਮਹਾਰਾਜ ਜੋਤੀ ਜੋਤ ਸਮਾਏ, ਸਤਵੇਂ ਪਾਤਿਸ਼ਾਹ ਜੋਤੀ ਜੋਤ ਸਮਾਏ ਤੇ ਫਿਰ ਕਿਥੇ ਲੰਮਾ ਅਰਸਾ ਪਾ ਕੇ ਨੌਵੇਂ ਬਾਪੂ ਦੀ ਵਾਰੀ ਆਈ ਨਾ ਗੱਦੀ ਤੇ ਬੈਠਣ ਦੀ, ਤੇ ਭਾਈ ਮੁਗਲੂ ਦੇ ਸਵਾਸ ਅੰਤ ਉਤੇ ਆਏ ਹੋਏ, ਦੁਨੀਆਂ ਛੱਡਣ ਦਾ ਅਨੁਭਵ ਹੋ ਗਿਆ, ਮੈਂ ਜਾਣ ਵਾਲਾ ਹਾਂ, ਮੇਰਾ ਸਤਿਗੁਰ ਬਚਨ ਦੇ ਗਿਆ, ਅਜੇ ਨਹੀਂ ਆਇਆ, ਮੇਰਾ ਸਤਿਗੁਰ ਕਦੇ ਝੂਠ ਨਹੀਂ ਬੋਲਦਾ, ਮੇਰਾ ਸਤਿਗੁਰੂ ਕਦੇ ਸਿੱਖ ਨੂੰ ਧੋਖਾ ਨਹੀਂ ਦਿੰਦਾ, ਪਰ ਪਤਾ ਨਹੀਂ ਕਾਰਨ ਕੀ, ਅਜੇ ਨਹੀਂ ਆਇਆ। ਮੇਰਾ ਇਤਿਹਾਸ ਸੂਰਜ ਦੀ ਤਰ੍ਹਾਂ ਚਮਕਦਾ ਹੈ, ਉਹਦੇ ਵਿਚ ਅੱਖਰ ਆਉਂਦੇ ਨੇ, ਜਿਸ ਵੇਲੇ ਅੱਧੀ ਘੜੀ ਰਹਿ ਗਈ ਪ੍ਰਾਣ ਤਿਆਗਣ ਵਿਚ, ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਸੇਖਾ ਤੋਂ ਤੁਰੇ ਤੇ ਗੰਡੂ ਪਿੰਡ ਆ ਕੇ ਸਿੱਧੇ ਭਾਈ ਮੁਗਲੂ ਦੇ ਘਰ ਗਏ। ਜਿਥੇ ਭਾਈ ਮੁਗਲੂ ਲੇਟਿਆ ਹੋਇਆ ਸੀ, ਜਿਥੇ ਭਾਈ ਮੁਗਲੂ ਅੰਤਲੇ ਸਵਾਸ ਗਿਣ ਰਿਹਾ ਸੀ, ਜਿਥੇ ਭਾਈ ਮੁਗਲੂ ਨੌਵੇਂ ਬਾਪੂ ਦੀ ਤਾਂਘ ਵਿਚ ਅੱਖਾਂ ਵਿਛਾਈ

Sri Satguru Jagjit Singh Ji Elibrary NamdhariElibrary@gmail.com

ਬੈਠਾ ਸੀ, ਉਥੇ ਪਹੁੰਚ ਗਏ। ਉਹਦੇ ਮੰਜੇ ਦੇ ਲਾਗੇ ਖਲੋ ਕੇ ਹਜ਼ੂਰ ਨੇਤਰਾਂ 'ਚ ਨੇਤਰ ਪਾ ਕੇ ਕਹਿਣ ਲੱਗੇ ਹਜ਼ੂਰ, ਭਾਈ ਮੁਗਲੂ ! ਮੈਂ ਕੀਤੇ ਹੋਏ ਵਾਅਦੇ ਉਤੇ ਆ ਗਿਆ ਹਾਂ। ਤੇਰੇ ਨਾਲ ਕੀਤੇ ਹੋਏ ਬਚਨ ਉਤੇ ਆ ਗਿਆ ਹਾਂ, ਮੁਗਲੂ ਹੁਣ ਤੇਰਾ ਅੰਤ ਨੇੜੇ ਆਇਆ ਹੈ, ਦਰਸ਼ਨ ਕਰ ਤੇ ਇਹਨਾਂ ਦਰਸਨਾਂ ਦੇ ਵਿਚੇ ਹੀ ਸਮਾ ਜਾ। ਭਾਈ ਮੁਗਲੂ ਨੇ ਕਾਇਆਂ ਦਾ ਕਿਲ੍ਹਾ ਜਿੱਤ ਲਿਆ ਹੋਇਆ, ਕਾਂਜਲੇ ਦੀ ਸੰਗਤ ਨੇ ਕਾਇਆਂ ਦਾ ਕਿਲ੍ਹਾ ਜਿੱਤ ਲਿਆ ਹੋਇਆ। ਮਾਲੋਵਾਲ ਦੀ ਸੰਗਤ ਨੇ ਕਾਇਆਂ ਦਾ ਕਿਲ੍ਹਾ ਜਿੱਤ ਹੀ ਲਿਆ, ਪਰ ਮਲੂਕੇ ਕੋਲੋਂ ਨਾ ਜਿੱਤਿਆ ਗਿਆ।

*"ਇਉ ਗੜੁ ਲੀਓ ਨ ਜਾਈ ਪਿਆਰੇ ਇਉ ਗੜੁ ਲੀਓ ਨ ਜਾਈ॥"*

ਕਾਮਯਾਬੀ ਕਿਸ ਤਰ੍ਹਾਂ ਹੋਵੇ ? ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ-

*"ਇਉ ਗੜੁ ਲੀਓ ਨ ਜਾਈ॥"*
*ਪ੍ਰੇਮ ਪਲੀਤਾ..............................*

ਪੁਰਾਣੇ ਸਮੇਂ ਵਿਚ ਪੁਰਾਣੀਆਂ ਤੋਪਾਂ ਪਲੀਤੇ ਨਾਲ ਹੀ ਚਲਦੀਆਂ ਸਨ, ਤੋਪ ਕਿਤੇ ਹੁੰਦੀ ਸੀ। ਸੁਰਤੀ ਦੀ ਹਵਾਈ ਦਾ ਅਰਥ ਹੈ ਤੋਪ, ਸੁਰਤੀ ਦੀ ਤੋਪ ਵਿਚ ਬ੍ਰਹਮ-ਗਿਆਨ ਦਾ ਗੋਲਾ ਪਾਇਆ, ਪ੍ਰੇਮ ਦਾ ਦਾਗਿਆ ਪਲੀਤਾ, ਪ੍ਰੇਮ ਦੇ ਪਲੀਤੇ ਨੂੰ ਅੱਗ ਲਾ ਕੇ ਇਹ ਤੋਪ ਚਲਾਉਣੀ ਹੈ। ਬ੍ਰਹਮ-ਅਗਨੀ, ਬ੍ਰਹਮ ਅਵੱਸਥਾ ਵਿਚ ਪਹੁੰਚ ਕੇ ਬੋਲੇ ਹੋਏ ਬੋਲ ਦੀ ਅਗਨੀ, ਬ੍ਰਹਮ ਅਵੱਸਥਾ ਵਿਚ ਜਾ ਕੇ ਕੀਤੇ ਹੋਏ ਕਥਨ ਦੀ ਅਗਨੀ ਜਿਸ ਵੇਲੇ ਪਾਈ ਤੇ ਪਹਿਲੇ ਵਾਰ ਨਾਲ ਹੀ, ਪਹਿਲੇ ਗੋਲੇ ਨਾਲ ਹੀ, ਪਹਿਲੇ ਖੜਾਕੇ ਨਾਲ ਹੀ ਸਿਜਾਇਆ ਕਾਮਯਾਬ ਹੋ ਗਿਆ। ਇੱਡੀ ਕਾਮਯਾਬੀ ਹੋਈ:-

*"ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥*
*ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥ ੪॥*
*ਸਤੁ ਸੰਤੋਖੁ ਲੈ ਲਰਨੇ ਲਾਗਾ..."* *(ਪੰਨਾ ੧੧੬੧)*

ਇਹ ਦੈਵੀ ਸੰਪਤਾ ਦੇ ਗੁਣ ਨੇ, ਉਹ ਜਿਹੜੇ ਪਾਪ ਤੇ ਪੁੰਨ ਦੇ ਦੋ ਦਰਵਾਜ਼ੇ ਬੜੇ ਜ਼ਬਰਦਸਤ ਲੱਗੇ ਹੋਏ ਸੀ, ਟੁਟਦੇ ਨਹੀਂ ਸੀ, ਉਹ ਦਰਵਾਜ਼ੇ ਤੋੜ ਸੁੱਟੇ।

*"ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥*
*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ..."*

ਮਾਨ ਸਿੰਘ ਝੌਰ ਜੀ ਦੱਸਦੇ ਨੇ ਆਪਣੇ ਜਪ ਉਤੇ, ਆਪਣੇ ਤਪ ਉਤੇ, ਆਪਣੇ ਪੁੰਨ ਉਤੇ, ਆਪਣੇ ਦਾਨ ਉਤੇ, ਆਪਣੇ ਕੀਤੇ ਅਭਿਆਸ ਉਤੇ ਕੋਈ ਮਾਨ ਨਹੀਂ। ਇਸ ਕਾਇਆਂ ਦੀ ਨਗਰੀ, ਇਸ ਕਾਇਆਂ ਦੇ ਕਿਲ੍ਹੇ ਵਿਚ ਮਨ ਜਿਹੜਾ ਬੜਾ ਆਕੀ ਰਾਜਾ ਬਣ ਕੇ ਬੈਠਾ ਸੀ, ਉਹ ਪਕੜ ਲਿਆ, ਉਹ ਮਨ ਵੱਸ ਵਿਚ ਆ ਗਿਆ, ਉਹ ਮਨ ਕਾਬੂ ਵਿਚ ਆ ਗਿਆ, ਉਸ

Sri Satguru Jagjit Singh Ji Elibrary NamdhariElibrary@gmail.com

ਮਨ ਨੂੰ ਅਸਾਂ ਲਗਾਮ ਦੇ ਲਈ, ਉਹ ਹੁਣ ਮਨ ਸਾਥੋਂ ਅਵਾਰਾ ਨਹੀਂ ਕਦੇ ਹੋ ਸਕਦਾ। ਦੇਖੋ ਸਾਧ ਸੰਗਤ ਜੀ ! ਇਸ ਦੇ ਜਿੰਨੇ ਅੱਖਰ ਨੇ ਨਾ ਤੁਸੀਂ ਗਿਣੋ, ਉਹਨਾਂ ਅੱਖਰਾਂ ਦੇ ਸ਼ਬਦ ਬਣਾਉ ਤੇ ਉਹਨਾਂ ਦੇ ਅਰਥ ਕਰਨੇ ਮੁਸ਼ਕਿਲ ਹੋ ਜਾਣਗੇ। ਜਿਹੜਾ ਭੀਰ ਸ਼ਬਦ ਹੈ ਨਾ ਭੀਰ, ਉਹਨੂੰ ਲਾਂਭੇ ਰੱਖ ਛੱਡੋ ਮਿੰਟ ਦੇ ਮਿੰਟ। ਭੀਰ ਦਾ ਅਰਥ ਹੈ ਡਰ, ਜਦੋਂ ਵਸ਼ਿਸ਼ਟ ਜੀ ਆਏ ਨੇ ਨਾ, ਰਾਮ ਚੰਦਰ ਨੂੰ ਲੈਣ ਵਾਸਤੇ ਅਯੁਧਿਆ ਵਿਚ, ਭਈ ਮੇਰਾ ਯੱਗ ਨਹੀਂ ਪੂਰਾ ਹੁੰਦਾ। ਸੁਭਾਹੂ ਤੇ ਮਰੀਚ ਮੇਰੇ ਯੱਗ ਵਿਚ ਵਿਘਨ ਪਾ ਦਿੰਦੇ ਨੇ, ਅਨੁਭਵ ਇਹ ਹੋਇਆ ਕਿ ਉਹ ਰਾਮ ਦੇ ਹੱਥੋਂ ਮਰਨੇ ਨੇ, ਤੇ ਮੈਨੂੰ ਰਾਮ ਜੀ ਦੇ ਦਿਓ। ਤੇ ਰਾਮ ਚੰਦਰ ਜੀ ਦੀ ਮਾਂ ਆ ਗਈ, ਉਹ ਕਹਿਣ ਲੱਗੀ, "ਰਿਸ਼ੀ ! ਮੇਰਾ ਕਾਕਾ ਅਜੇ ਨਿੱਕਾ ਜਿਹਾ ਹੈ, ਸਿਆਹੀ ਦਾ ਸੱਪ, ਸਿਆਹੀ ਦੀ ਲੀਕ ਹੋਵੇ ਨਾ, ਕਾਗਜ਼ ਉਤੇ ਵਿੰਗੀ ਖਿੱਚੀ ਹੋਵੇ ਨਾ ਤੇ ਉਹਨੂੰ ਸੱਪ ਜਾਣ ਕੇ ਮੇਰਾ ਕਾਕਾ ਤੇ ਉਹਦੇ ਕੋਲੋਂ ਡਰ ਜਾਂਦਾ ਹੈ, ਅਜੇ ਨਿੱਕਾ ਜਿਹਾ ਸਿਆਹੀ ਦੇ ਬਣੇ ਸੱਪ ਕੋਲੋਂ ਡਰ ਜਾਂਦਾ ਹੈ, ਤੀਰ ਇਸ ਨੂੰ ਚਲਾਉਣਾ ਨਹੀਂ ਆਉਂਦਾ, ਇਹ ਰਾਕਸ਼ਾਂ ਨੂੰ ਕਿਵੇਂ ਫਤਹਿ ਕਰੇਗਾ ? ਵਾਹਿਗੁਰੂ ਦੇ ਸਿਮਰਨ ਦੀ ਬਰਛੀ, ਯਾਨੀ ਵਾਹਿਗੁਰੂ ਦੇ ਨਾਮ ਦੀ ਬਰਛੀ ਲੈ ਕੇ ਕਦੀ ਕਾਲ ਭੈ-ਨਾਸੀ ਭੀਰੂ ਮੈਂ ਜੁਲਾਹਿਆ ਕਬੀਰ, ਡਰ ਜਾਣ ਵਾਲਾ, ਮੈਂ ਗਰੀਬ ਜਿਹੇ ਜੁਲਾਹੇ ਨੇ, ਡਰਪੋਕ ਜਿਹੇ ਜੁਲਾਹੇ ਨੇ, ਉਹ ਜਮਾਂ ਦੀ ਜਿਹੜੀ ਡਰਾਉਣੀ ਫਾਂਸੀ ਸੀ ਨਾ, ਉਹ ਕੱਟ ਕੇ ਰੱਖ ਦਿੱਤੀ, ਉਸ ਦੇ ਟੁਕੜੇ-ਟੁਕੜੇ ਕਰਕੇ ਰੱਖ ਦਿੱਤੇ, ਪਰ ਕੀਤੇ ਕਦੋਂ, ਜਦੋਂ:

ਭਗਵਤ ਭੀਰ ਲਾਂਭੇ ਕਰ ਲਉ। ਵਾਹਿਗੁਰੂ ਦੇ ਸਿਮਰਨ ਦੀ ਬਰਛੀ ਬਣਾ ਕੇ ਕੱਟੀ ਕਾਲ ਭੈ-ਨਾਸੀ ਤੇ ਦਾਸ ਕਬੀਰ ਹੁਣ ਇਸ ਕਿਲ੍ਹੇ ਉਤੇ ਸਵਾਰ ਹੋ ਗਿਆ, ਕਾਇਆਂ ਦੇ ਕਿਲ੍ਹੇ ਨੂੰ ਇਸ ਨੇ ਜਿੱਤ ਲਿਆ, ਕਾਇਆਂ ਦਾ ਕਿਲ੍ਹਾ ਇਸ ਨੇ ਦੇਹ ਅਭਿਆਸ ਨਾਲ ਢਾਹ ਲਿਆ ਹੈ:

*"ਰਾਜੁ ਲੀਓ ਅਬਿਨਾਸੀ ਪਿਆਰੇ ਰਾਜੁ ਲੀਓ ਅਬਿਨਾਸੀ॥"*

ਗਰੀਬ-ਨਿਵਾਜ਼ ਗੁਰੂ ਕੀ ਸੰਗਤ ਜੀ, ਇਹਦੇ ਨਾਲੋਂ ਔਖੇ-ਔਖੇ ਸ਼ਬਦ ਵੀ ਆਉਂਦੇ ਨੇ। ਪਿਛਲੀ ਵੇਰਾਂ ਜਦੋਂ ਮੈਂ ਆਇਆ ਹਾਂ ਤੇ ਹੁਣ ਵੀ ਮੈਂ ਕਈ ਵੇਰਾਂ ਇਰਾਦਾ ਬਣਾਇਆ, ਮਾਨ ਸਿੰਘ ਝੌਰ ਜੀ ਦੱਸਦੇ ਨੇ ਕਿ ਇਸ ਸ਼ਬਦ ਦੀ ਵਿਆਖਿਆ ਮੈਂ ਆਪੇ ਹੀ ਬਦਲ ਦਿੰਦਾ ਰਿਹਾ ਹਾਂ ਕਿ ਬੜਾ ਮਹਿੰਗਾ ਜਿਹਾ, ਬੜਾ ਖੁਸ਼ਕ ਜਿਹਾ, ਤੇ ਬੜਾ ਮਨ ਮਾਰ ਕੇ ਸੁਣਨ ਵਾਲਾ ਵਿਸ਼ਾ ਹੈ, ਖਬਰੇ ਸਰੋਤੇ ਦਿਲਚਸਪੀ ਲੈਣ ਕਿ ਨਾ ਲੈਣ। ਲੇਕਿਨ ਅੱਜ ਮੇਰਾ ਸ਼ੰਕਾ ਦੂਰ ਹੋ ਕੇ ਮੇਰਾ ਮਨ ਆਪੇ ਹੀ ਸ਼ਰਮਿੰਦਾ ਹੈ ਕਿ ਤੁਸੀਂ ਧੰਨ ਹੋ, ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਬਿਖਰੇ ਸ਼ਬਦ ਵਿਚ ਵੀ ਜੁੜਦੇ ਹੋ। ਔਖੇ ਸ਼ਬਦ ਵਿਚ ਵੀ ਰੱਚਦੇ ਹੋ। ਔਖੇ ਸ਼ਬਦ ਨੂੰ ਸਮਝਣ ਵਾਸਤੇ ਪਿਆਰ ਦਾ ਸਬੂਤ ਦੇ ਕੇ ਉਹਦੇ ਤੱਤ, ਉਹਦੀ ਅਸਲੀਅਤ ਨੂੰ ਅੰਦਰ ਵਸਾਉਂਦੇ ਹੋ।

*"ਹਮ ਸਿਉ ਬਿਨ ਕਾਜਾ___*

ਇਹ ਤੁੱਕ ਬਚਿੱਤਰ ਨਾਟਕ ਦੀ ਹੈ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪਾਵਨ ਪਵਿੱਤਰ ਰਸਨਾ ਦਾ ਮੁੱਖ ਵਾਕ ਹੈ। ਇਸ ਤੁੱਕ ਤੋਂ ਪਹਿਲਾਂ ਵੀ ਗਿਆਰਾਂ ਤੁੱਕਾਂ ਆਉਂਦੀਆਂ ਹਨ। ਇਸ ਦੀ ਪਹਿਲੀ ਤੁੱਕ ਗੁਰੂ ਗੋਬਿੰਦ ਸਾਹਿਬ ਜੀ ਫੁਰਮਾਉਂਦੇ ਨੇ:-

*"ਰਾਜ ਸਾਜ ਹਮ ਪਰ ਜਬ ਆਯੋ॥*
*ਜਥਾ ਸਕਤ ਤਬ ਧਰਮ ਚਲਾਯੋ॥"*

ਜਦੋਂ ਰਾਜ ਸਾਜ ਦਾ ਮੇਰੇ ਤੇ ਵੇਲਾ ਆਇਆ, ਜ਼ਿੰਮੇਵਾਰੀਆਂ ਦੀ ਡੋਰ ਮੇਰੇ ਹੱਥ ਆਈ, ਪਿਤਾ ਜੀ ਜਦੋਂ ਮੇਰੇ ਸਿਰ ਤੋਂ ਚਲਾਣਾ ਕਰ ਗਏ ਤੇ ਉਸ ਰਾਜ ਸਾਜ ਦੇ ਸਮੇਂ ਵਿਚ ਯਥਾ-ਸਕਤ ਜਿੰਨਾ ਮੇਰੇ ਕੋਲੋਂ ਹੋ ਸਕਦਾ ਸੀ, ਮੈਂ ਧਰਮ ਨੂੰ ਅਗਾਂਹ ਚਲਾਇਆ, ਮੈਂ ਧਰਮ ਦੇ ਅਸੂਲ ਪੱਕੇ ਕੀਤੇ। ਹਜ਼ੂਰ ਕਹਿੰਦੇ ਨੇ, ਮੈਂ ਤਰ੍ਹਾਂ-ਤਰ੍ਹਾਂ ਦੇ ਜੰਗਲ ਵਿਚ ਸ਼ਿਕਾਰ ਵੀ ਖੇਡੇ ਨੇ, ਜੰਗਲ ਦੇ ਕਈ ਰਿੱਛ, ਕਈ ਜੰਗਲ ਦੇ ਹੋਰ ਜਾਨਵਰ, ਉਹਨਾਂ ਦਾ ਕਲਿਆਣ ਕਰ ਦਿੱਤਾ। ਜਦੋਂ ਇਧਰ-ਉਧਰ ਵਿਚਰਨ ਦਾ ਸਮਾਂ ਆਇਆ, ਤੇ ਮਾਨ ਸਿੰਘ ਭੌਰ ਜੀ ਦੱਸਦੇ ਨੇ, ਮੈਂ ਪਾਉਂਟੇ ਸਾਹਿਬ ਦੀ ਖਬਰ ਵੀ ਲਈ, ਪਾਉਂਟੇ ਸਾਹਿਬ ਦੀ ਮੈਂ ਸੰਭਾਲ ਕੀਤੀ। ਕਾਲਿੰਦਰੀ ਨਦੀ ਦੇ ਕੰਢੇ, ਜਿਸ ਨੂੰ ਅਸੀਂ ਜਮਨਾ ਕਹਿੰਦੇ ਹਾਂ, ਜਮਨਾ ਨਦੀ ਦੇ ਕੰਢੇ ਮੈਂ ਬੜੇ ਖੇਲ-ਤਮਾਸ਼ੇ ਕੀਤੇ ਨੇ, ਮੈਂ ਬੜੇ ਉਥੇ ਅਨੇਕ ਸੁੰਦਰ-ਸੁੰਦਰ ਨਜ਼ਾਰੇ ਵੇਖੇ, ਮੈਂ ਉਥੇ ਕੁਦਰਤ ਦੇ ਅਨੇਕਾਂ ਰੰਗ ਬੜੀ ਚੰਗੀ ਤਰ੍ਹਾਂ ਬਰੀਕ ਨਜ਼ਰ ਨਾਲ ਵੇਖੇ। ਪਾਉਂਟੇ ਦੀ ਇਰਦ-ਗਿਰਦ ਨਾਹਨ ਰਿਆਸਤ ਦੇ ਜੰਗਲ ਵਿਚ ਮੈਂ ਕਈ ਸ਼ੇਰ ਚੁਣ-ਚੁਣ ਕੇ ਮਾਰੇ। ਰਿੱਛ, ਗਿੱਦੜ, ਬਘਿਆੜ ਹੋਰ ਕਈ ਜਾਨਵਰ ਮੌਤ ਦੇ ਘਾਟ ਉਤਾਰ ਦਿੱਤੇ। ਸਾਹਿਬ ਕਹਿੰਦੇ ਨੇ, ਰਾਜਾ ਫਤਹਿ ਚੰਦ ਮੇਰਾ ਰਣਜੀਤ ਨਗਾਰਾ ਵੱਜਦਾ ਵੇਖ ਕੇ, ਰੋਜ਼ ਦਾ ਸ਼ਿਕਾਰ ਖੇਡਣਾ ਵੇਖ ਕੇ, ਸਿੱਖਾਂ ਦੀ ਚੜ੍ਹਤ ਵੇਖ ਕੇ, ਸਿੱਖਾਂ ਦੇ ਜੈਕਾਰੇ ਦੀਆਂ ਅਵਾਜ਼ਾਂ ਸੁਣ ਕੇ ਤੇ ਮੇਰੇ ਤੇ ਗੁੱਸੇ ਹੋ ਗਿਆ ਰਾਜਾ ਫਤਹਿ ਚੰਦ। ਬਿਨਾਂ ਕਿਸੇ ਕਾਰਨ ਦੇ, ਬਿਨਾਂ ਮਤਲਬ ਦੇ ਮੇਰੇ ਸਾਹਮਣੇ ਤਲਵਾਰ ਲੈ ਕੇ ਡੱਟ ਗਿਆ ਉਹ, ਬਦੋ-ਬਦੀ ਜੰਗ ਵਾਸਤੇ ਤਿਆਰ ਹੋ ਗਿਆ ਉਹ। ਉਸ ਦੀ ਮਜਬੂਰੀ ਦਾ ਸਦਕਾ, ਬੇਮਤਲਬੀ ਜਦੋਂ ਉਹ ਵਿਗੜ ਗਿਆ ਤੇ ਆਪਣਾ ਰੋਅਬ ਵਿਖਾਉਣਾ ਚਾਹੁੰਦਾ ਸੀ, ਤੇ ਫਿਰ ਅਸੀਂ ਵੀ ਖਾਲਸੇ ਨੂੰ ਹੁਕਮ ਦਿੱਤਾ। ਫਿਰ ਜਦੋਂ ਜੰਗ ਸ਼ੁਰੂ ਹੋਈ ਤੇ ਲੋਕੀਂ ਇਕ-ਦੂਜੇ ਵੱਲ ਵੇਖਣ ਲੱਗ ਪਏ, ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ, ਆਪਣੀਆਂ ਉਂਗਲੀਆਂ ਮਲਣ ਲੱਗ ਪਏ, ਬੁੱਲ੍ਹ ਟੁੱਕਣ ਲੱਗ ਪਏ, ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹਾਰ ਹੋਈ ਕਿ ਹੋਈ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਿਕਸਤ ਹੋਈ ਕਿ ਹੋਈ, ਬੋਲ-ਬਾਲਾ ਬੜਾ ਸੀ, ਪ੍ਰਭਤਾ ਦਿਨ-ਬ-ਦਿਨ ਵੱਧਦੀ ਜਾਂਦੀ ਸੀ, ਪਰ ਅੱਜ ਬਾਈ ਧਾਰ ਰਿਆਸਤਾਂ ਦੇ ਰਾਜਿਆਂ ਨੇ ਇਹ ਪ੍ਰਭਤਾ ਰਹਿਣ ਨਹੀਂ ਦੇਣੀ। ਇਥੋਂ ਤਕ ਜੰਗ ਦਾ ਰੰਗ ਫਿੱਕਾ ਹੋ ਗਿਆ। ਜਿਸ ਵੇਲੇ ਇਸ ਤਰ੍ਹਾਂ ਮੈਦਾਨੇ-ਜੰਗ ਰੁੱਖਾ ਹੋ ਗਿਆ ਤੇ ਸਾਹਿਬ ਕਹਿੰਦੇ ਨੇ ਅਕਾਲ ਸੈਨਾ ਵਿਚ ਸਕੇ ਹੋਏ ਪੰਜ ਭਰਾ, ਇਕ ਮਾਂ ਦੇ ਬੇਟੇ, ਬੜੇ

Sri Satguru Jagjit Singh Ji Elibrary NamdhariElibrary@gmail.com

ਦਿਲਾਵਰ, ਬੜੇ ਬਹਾਦਰ, ਬੜੇ ਅਣਖ ਵਾਲੇ, ਬੜੇ ਜਵਾਂ-ਮਰਦ, ਉਹਨਾਂ ਵਿਚੋਂ ਵੱਡੇ ਭਰਾ ਨੇ ਵੇਖਿਆ ਕਿ ਕੰਮ ਬੜਾ ਖਰਾਬ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਤੇ ਹਾਰ ਹੋ ਚੱਲੀ ਹੈ, ਉਹਨੇ ਅਰਦਾਸ ਕੀਤੀ, ਸ਼ਸ਼ਤਰ ਪੰਜੇ ਲਾਏ ਹੋਏ ਸਨ ਤੇ ਐਂ ਸੀਨਾ ਤਾਨ ਕੇ, ਅਗਾਂਹ ਵੱਧ ਕੇ, ਧਰਤੀ ਦੇ ਉਤੇ ਪੈਰ ਗੱਡ ਕੇ ਉਹਨੇ ਜੈਕਾਰਾ ਛੱਡ ਦਿੱਤਾ, ਤੇ ਲੋਕ ਉਂਗਲੀਆਂ ਮੱਲਣ ਲੱਗ ਪਏ ਸਨ, ਬੁੱਲ੍ਹ ਟੁੱਕਣ ਲਗ ਪਏ ਸਨ ਕਿ ਉਹ ਹੋ ਹੋ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹਾਰ ਹੋਈ ਕਿ ਹੋਈ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਿਕਸਤ ਹੋਈ ਕਿ ਹੋਈ, ਬੋਲ-ਬਾਲਾ ਬੜਾ ਸੀ, ਪ੍ਰਭਤਾ ਦਿਨ ਕੁ ਦਿਨ ਵੱਧਦੀ ਜਾਂਦੀ ਸੀ। ਤੇ ਉਹਦੇ ਦੂਜੇ ਭਰਾ ਨੇ ਵੇਖਿਆ ਕਿ ਮੇਰਾ ਦੂਜਾ ਭਰਾ ਤੇ ਡੱਟ ਗਿਆ ਹੈ, ਇਹਨੇ ਤੇ ਜਾਨ ਆਪਣੀ ਹਥੇਲੀ ਉਤੇ ਰੱਖ ਲਈ ਹੈ, ਇਹਨੂੰ ਹੁਣ ਜਿੱਤ ਹਾਰ ਦਾ ਖਿਆਲ ਨਹੀਂ, ਇਹਨੂੰ ਤੇ ਹੁਣ ਅਣਖ ਦਾ ਸਵਾਲ ਹੈ ਤੇ ਜੇ ਮੇਰੇ ਵੇਖਦਿਆਂ-ਵੇਖਦਿਆਂ ਮੇਰਾ ਭਰਾ ਇਕੱਲਾ ਹੀ ਸ਼ਹੀਦ ਹੋ ਜਾਏ, ਬਾਅਦ ਮੈਂ ਹੋ ਜਾਵਾਂ, ਉਸ ਦੇ ਬਾਅਦ ਤੀਸਰਾ ਆਵੇ ਤੇ ਗੱਲ ਚੰਗੀ ਨਹੀਂ। ਚੰਗਾ ਹੋਵੇ ਭਈ ਇਕੱਠੇ ਹੋ ਕੇ ਹੱਲਾ ਕਰੀਏ। ਦੂਸਰਾ ਭਰਾ ਵੀ ਆ ਗਿਆ। ਦੋਵਾਂ ਵੱਲ ਵੇਖ ਕੇ ਬਾਕੀ ਦੇ ਤਿੰਨ ਵੀ ਆ ਗਏ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਜ਼ੁਬਾਨੇ-ਪਾਕ ਵਿਚ ਇਹ ਅੱਖਰ ਲਿਖਦੇ ਨੇ ਕਿ ਵੱਡੇ ਭਰਾ ਦਾ ਨਾਂ ਸੀ ਸੰਗੋ ਸ਼ਾਹ, ਉਹ ਮੈਦਾਨੇ-ਜੰਗ ਵਿਚ ਆ ਕੇ ਬੀਰ-ਰਸ ਵਿਚ ਭਰਪੂਰ ਹੋ ਗਿਆ। ਐਂ ਤਾੜੀਆਂ ਲਾਉਣ ਲੱਗ ਪਿਆ ਬੀਰ ਰੱਸ ਵਿਚ। ਉਹਦੇ ਚਾਰ ਭਰਾ ਬਾਕੀ ਦੇ ਵੀ ਆ ਗਏ ਸੱਕੇ, ਤੇ ਉਹਨਾਂ ਬੀਰਾਂ, ਉਹਨਾਂ ਬਹਾਦਰਾਂ ਨੇ ਧਰਤੀ ਉਤੇ ਪੈਰ ਗੱਡ ਦਿੱਤੇ, ਦੂਜੇ ਭਰਾ ਦਾ ਨਾਂ ਸੀ ਜੀਤ ਮੱਲ ਹੱਠੀ, ਤੀਸਰੇ ਭਰਾ ਦਾ ਨਾਂ ਸੀ ਗੁਲਾਬ ਚੰਦ ਗਾਜ਼ੀ, ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਧਿਆਂ ਦੇ ਨਾਂ ਸੀ, ਨਾਮ ਸੁਣਦਿਆਂ ਸਾਰ ਈ ਸੀਨੇ ਵਿਚ ਜੋਸ਼ ਆ ਈ ਜਾਂਦਾ ਹੈ ਨਾ ਤੇ ਹੁਣ ਦੇ ਨਾਮ ਵੇ ਕੁਕੂ ! ਵੇ ਬੱਬੂ ! ਖੌਰਾ ਕਿੰਨੀਆਂ ਡਿਕਸ਼ਨਰੀਆਂ ਫੋਲੀਆਂ ਹੋਣੀਆਂ ਆ ਕੁਕੂ ਹੋਏ, ਬੱਬੂ ਹੋਏ, ਕਿਤੇ ਸਹਿਜੇ-ਸਹਿਜੇ ਡੱਬੂ ਨਾ ਆ ਜਾਏ, ਡੱਬੂ ਨੂੰ ਬੜਾ ਪੁਚਕਾਰ ਕੇ ਬੁਲਾਉਂਦੇ ਨੇ। ਗੁਰੂ ਕੇ ਸਿੱਖਾ ! ਨਿਕੰਮਿਆਂ ਨਾਮਾਂ ਵਿਚ ਨਾ ਪੈ, ਆਪਣੀ ਸੰਸਕ੍ਰਿਤੀ ਨਾ ਵਿਗਾੜ, ਜਿੰਨੇ ਮਰਜ਼ੀ ਤੂੰ ਇਲਮ ਪੜ੍ਹ ਜਾ, ਜਿੰਨੇ ਮਰਜ਼ੀ ਦੇਸ਼ਾਂ ਵਿਚ ਤੂੰ ਕਾਰੋਬਾਰ ਕਰ ਲੈ, ਭੱਜ ਜਿਥੇ ਤੇਰਾ ਜੀਅ ਕਰੇ, ਪਰ ਆਪਾ ਤੇ ਨਾ ਭੁੱਲ। ਆਪਣਾ ਪਿੱਛਾ ਤੇ ਨਾ ਭੁਲਾ। ਮਾਨ ਸਿੰਘ ਝੌਰ ਜੀ ਦੱਸਦੇ ਨੇ ਮੈਂ ਬਹੁਤਾ ਸਮਾਂ ਮਸੀਤੇ ਪੜ੍ਹਿਆ ਹਾਂ, ਤੇ ਜਿਸ ਦਿਨ ਜੁੰਮਾ ਹੁੰਦਾ ਸੀ ਨਾ ਜੁੰਮਾ, ਜਿਸ ਨੂੰ ਤੁਸੀਂ ਸ਼ੁਕਰਵਾਰ ਆਖਦੇ ਹੋ, ਉਸ ਦਿਨ ਮੌਲਾਨਾ ਜੀ ਸਾਨੂੰ ਸਬਕ ਨਹੀਂ ਸਨ ਦਿੰਦੇ। ਕਹਿੰਦੇ ਸਨ, "ਬੇਟਾ ! ਅੱਜ ਜੁੰਮਾ ਹੈ, ਪਿੱਛਾ ਹੀ ਯਾਦ ਕਰੋ।" ਭਾਵੇਂ ਕਿਸੇ ਦੇਸ਼ ਵਿਚ ਚਲਾ ਜਾ ਪਰ ਆਪਣਾ ਪਿੱਛਾ ਨਾ ਭੁੱਲ। ਜਿਸ ਦਾ ਕਿਲ੍ਹਾ ਹੈ ਨਹੀਂ, ਜਿਸ ਦਾ ਘਰ-ਘਾਟ ਹੈ ਨਹੀਂ, ਰੋਜ਼ ਮਾਰ ਖਾਂਦੇ ਨੇ, ਜ਼ਮੀਨ ਦਿਆ ਮਾਲਕਾ, ਪੰਜਾਂ ਦਰਿਆਵਾਂ ਦਿਆ ਮਾਲਕਾ ! ਤੂੰ ਆਪਣੀ ਮਾਲਕੀ ਕਿਉਂ ਛੱਡਦਾ ਹੈਂ। ਤੂੰ ਕਿਸੇ ਦੂਜੇ ਦੇਸ਼ ਵਿਚ

ਜਾ ਕੇ ਆਪਣਾ ਕਿਲ੍ਹਾ ਕਿਉਂ ਭੁਲਦਾ ਹੈਂ ? ਤੇਰੇ ਬੱਚਿਆਂ ਦੇ ਨਾਮ ਵਿਚੋਂ ਬੀਰ-ਰਸ ਟਪਕਣਾ ਚਾਹੀਦਾ ਹੈ, ਤੇਰੇ ਬੱਚਿਆਂ ਦੇ ਨਾਮ ਵਿਚੋਂ ਭਗਤੀ ਟਪਕਣੀ ਚਾਹੀਦੀ ਹੈ, ਤੇਰੇ ਬੱਚਿਆਂ ਦੇ ਨਾਮ ਤੋਂ ਤਿਆਗ ਟਪਕਣਾ ਚਾਹੀਦਾ ਹੈ, ਤੇਰੇ ਬੱਚਿਆਂ ਦੇ ਨਾਮ ਤੋਂ ਪ੍ਰੇਮ ਜਿਹਾ ਟਪਕਣਾ ਚਾਹੀਦਾ ਹੈ। ਇਹ ਜਿਹੜੇ ਨਿਕੰਮੇ ਜਿਹੇ ਨਾਮ ਹੈ ਨਾ, ਇਹ ਢਹਿੰਦੀਆਂ ਕਲਾਂ ਵਿਚ ਲੈ ਕੇ ਜਾਂਦੇ ਨੇ, ਬੱਚਿਆਂ ਨੂੰ ਚੜ੍ਹਦੀਆਂ ਕਲਾਂ ਵੱਲ ਨਹੀਂ ਲੈ ਕੇ ਜਾਂਦੇ। ਖੈਰ ਜਿਹੜਾ ਜ਼ਿਕਰ ਮੈਂ ਕਰ ਰਿਹਾ ਸਾਂ ਕਿ ਚੌਥੇ ਭਰਾ ਦਾ ਨਾਂ ਸੀ ਭਾਈ ਮੰਗਤੀਆ ਤੇ ਪੰਜਵੇਂ ਦਾ ਨਾਂ ਸੀ ਭਾਈ ਲਾਲ ਚੰਦ। ਔਰ ਇਹ ਪੰਜੇ ਦੇ ਪੰਜੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਲੱਗਦੇ ਸਨ ਤੇ ਹੁਣ ਰਿਸ਼ਤੇਦਾਰੀ ਦਾ ਬਾਹਰ ਵਾਲਿਆਂ ਨੂੰ ਤੇ ਨਹੀਂ ਪਤਾ ਹੁੰਦਾ। ਇਹ ਤੇ ਮਾਈਆਂ ਬੀਬੀਆਂ ਹੀ ਜਾਣਦੀਆਂ ਨੇ ਨਾ ਰਿਸਤੇਦਾਰੀ। ਕਿਤੇ ਗੱਡੀ ਵਿਚ ਦੋ ਜਾਨੀਆਂ ਬੈਠ ਜਾਣ ਨਾ ਤੇ ਪੁੱਟ ਕੇ ਰਿਸ਼ਤੇਦਾਰੀਆਂ ਲੱਭਦੀਆਂ ਨੇ ਪੁੱਟ ਕੇ। ਇਕ ਦੀ ਜ਼ੁਬਾਨੋਂ ਕਿਤੇ ਨਿਕਲ ਜਾਏ ਨਾ ਜਸਪਾਲ ਸਿੰਘ ਗਿੱਲ ਦੀ ਕੁਝ ਲਗਦੀ ਹਾਂ ਤੇ ਝੱਟ ਹੀ ਨਾਲ ਦੀ ਪੁੱਛਦੀ ਹੈ ਨੀ ਜਸਪਾਲ ਸਿੰਘ ਗਿੱਲ ! ਜਿਸ ਦਾ ਕਾਰਖਾਨਾ ਆਖੇ ਹਾਂ। ਫੇਰ ਕਹਿੰਦੀ ਉਹ ਤੇ ਮੇਰੀ ਸੱਸ ਦੇ ਜਵਾਈ ਦੇ ਤਾਏ ਦਾ ਭਤੀਜੇ ਦਾ ਮਾਮਾ ਲੱਗਦਾ ਹੈ ਸੁੱਖ ਨਾਲ। ਚੌਦਾਂ ਪੀੜ੍ਹੀਆਂ ਗਿਣ ਕੇ ਰੱਖ ਦਿੱਤੀਆਂ, ਲੇਕਿਨ ਸਾਕ ਤੇ ਲੱਭ ਲਿਆ ਨਾ। ਇਹ ਹੁਣ ਜਿਹੜੇ ਪੰਜ ਭਰਾ ਸਨ, ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕੁਝ ਲਗਦੇ ਸੀ, ਸਾਨੂੰ ਦਾੜ੍ਹੀ ਵਾਲਿਆਂ ਨੂੰ ਕੀ ਪਤਾ, ਇਹ ਤੇ ਤੁਹਾਨੂੰ ਹੀ ਪਤਾ ਹੈ ? ਪਰ ਮੈਂ ਵੀ ਦੱਸ ਦਿੰਦਾ ਹਾਂ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਭੂਆ ਦੇ ਪੁੱਤਰ ਸਨ, ਬੀਬੀ ਵੀਰੋ ਦੇ ਸਾਹਿਬਜ਼ਾਦੇ ਸਨ। ਜਿਸ ਵੇਲੇ ਬੀਬੀ ਵੀਰੋ ਦਾ ਡੋਲਾ ਤੁਰਿਆ ਹੈ ਨਾ, ਸਭ ਸਹੇਲੀਆਂ ਨੇ ਮਿਲ ਲਿਆ, ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਗਏ ਨੇ, ਬੱਚੀ ! ਮੇਰੇ ਘਰੋਂ ਵਿਦਾ ਹੋਣ ਲੱਗੀ ਹੈਂ, ਮੇਰੇ ਕੋਲੋਂ ਕੁਝ ਮੰਗ ਲੈ। ਤੇ ਇਹ ਬਾਬੇ ਨਾਨਕ ਦਾ ਦਵਾਰਾ ਹੈ, ਕੁਝ ਮੰਗ ਲੈ। ਤੇ ਬੀਬੀ ਵੀਰੋ ਨੇ ਇਹ ਗੱਲ ਕਹੀ ਸੀ, ਹੋਰ ਮਨਮੁੱਖ ਵਾਲਾ ਦਾਜ ਹੈ, ਇੰਨੇ ਮੈਂ ਪਲੰਘ ਦਿੱਤੇ, ਇੰਨੇ ਮੈਂ ਬਿਸਤਰੇ ਦਿੱਤੇ, ਇੰਨੇ ਮੈਂ ਬਰਤਨ ਦਿੱਤੇ, ਇੰਨੇ ਮੈਂ ਗਹਿਣੇ ਪਾਏ। ਬੀਬੀ ਵੀਰੋ ਨੇ ਕਿਹਾ ਇਹ ਮਨਮੁੱਖਾਂ ਦਾ ਦਾਜ ਹੈ, ਇਸ ਦਾ ਪਾਜ ਉਘੜ ਜਾਣਾ ਹੈ, ਇਹ ਭੇਦ ਖੁਲ੍ਹ ਜਾਣਾ ਕਿ ਕਰਜ਼ਾ ਲੈ ਕੇ ਗਹਿਣੇ ਬਣਾਏ ਨੇ, ਡਿਗਰੀਆਂ ਵਾਲਿਆਂ ਵੀ ਬਾਅਦ ਵਿਚ ਆ ਜਾਣਾ ਹੈ। ਮੈਨੂੰ ਮਨਮੁੱਖ ਦਾਜ ਨਾ ਦੇਹ, ਮੈਨੂੰ ਗੁਰਮਤਿ ਦੇ ਅਨੁਸਾਰ ਦਾਜ ਦੇ ਪਿਤਾ। ਧੀਏ ! ਫਿਰ ਤੂੰ ਮੰਗ ਈ ਲੈ ! ਵੀਰੋ ਨੇ ਕਿਹਾ ਸੀ, "ਕਿ ਵਾਹਿਗੁਰੂ ਦੇ ਨਾਮ ਦੇ ਮੈਨੂੰ ਸੂਟ ਬਖਸ਼ ! ਵਾਹਿਗੁਰੂ ਦੇ ਨਾਮ ਦੀ ਮੈਨੂੰ ਸੋਭਾ ਬਖਸ਼, ਵਾਹਿਗੁਰੂ ਦੇ ਨਾਮ ਦਾ ਮੈਨੂੰ ਹਾਰ ਬਖਸ਼, ਵਾਹਿਗੁਰੂ ਦੇ ਨਾਮ ਦੇ ਹੀ ਮੈਨੂੰ ਕੜੇ ਕੰਗਣ ਬਖਸ਼, ਜਿਸ ਨਾਲ ਮੇਰਾ ਕਾਰਜ ਸਫਲਾ ਹੋ ਜਾਏ, ਪਵਿੱਤਰ ਹੋ ਜਾਏ।" ਤੇ ਆਪਣੀ ਧੀ ਦੀ ਮੰਗ ਉਤੇ ਰੀਝ ਕੇ, ਸਾਹਿਬ ਤਰੁੱਠ ਕੇ, ਤੁਰਨ ਵੇਲੇ ਆਪਣੀ ਧੀ ਰਾਣੀ ਨੂੰ ਕਿਹਾ ਸੀ, ਬੱਚੀਏ ! ਪੁੱਤਰਾਂ ਨਾਲ ਫਲੇਂਗੀ, ਰਾਣੀਏ, ਧੀਏ, ਤੇਰੇ ਪੁੱਤਰ ਦੁਨੀਆਂ ਵਿਚ

Sri Satguru Jagjit Singh Ji Elibrary NamdhariElibrary@gmail.com

ਅਮਰ ਹੋਣਗੇ। ਮੇਰੀਏ ਸੁਸ਼ੀਲ ਬੱਚੀਏ ! ਤੇਰੇ ਪੁੱਤਰਾਂ ਦਾ ਪੰਥ ਵਿਚ ਨਾਮ ਹੋਵੇਗਾ, ਵਾਹਿਗੁਰੂ ਤੈਨੂੰ ਭਾਗ ਲਾਵੇਗਾ। ਜਿਸ ਵੇਲੇ ਇਨ੍ਹਾਂ ਪੰਜਾਂ ਨੇ ਤੀਰ ਚਲਾਏ, ਫਿਰਦਾ-ਤੁਰਦਾ ਬਾਕੀ ਦਾ ਖਾਲਸਾ ਵੀ ਇਕੱਠਾ ਹੋ ਗਿਆ, ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ ਦੇਵਨੇਤ ਐਸੀ ਹੋਈ ਹੁਣ ਰਾਜਿਆਂ ਦੀ ਫੌਜ ਨੂੰ ਭਾਜੜ ਪੈ ਗਈ। ਜਿਧਰ ਕਿਸੇ ਪਹਾੜੀਏ ਦਾ ਮੂੰਹ ਆਇਆ, ਉਧਰ ਹੀ ਭੱਜ ਗਿਆ ਤੇ ਗਰੀਬ-ਨਿਵਾਜ਼ ਕਹਿੰਦੇ, ਉਨ੍ਹਾਂ ਵਿਚ ਵੀ ਇਕ ਆਦਮੀ ਅਣਖ ਵਾਲਾ ਸੀ, ਗੈਰਤ ਵਾਲਾ ਸੀ, ਬਹਾਦਰ ਨਹੀਂ। ਮਹਾਰਾਜ ਨੇ ਉਸ ਨੂੰ ਕਿਹਾ, ਪਰ ਅਣਖ ਵਾਲਾ ਕਿਹਾ ਹੈ, ਬਹਾਦਰੀ ਹੋਰ ਚੀਜ਼ ਹੈ, ਗੁੱਸਾ ਹੋਰ ਚੀਜ਼ ਹੈ, ਬੀਰ-ਰਸ ਹੋਰ ਚੀਜ਼ ਹੈ, ਉਹਦਾ ਨਾਂ ਸਾਹਿਬਾਂ ਨੇ ਬਚਿੱਤਰ ਨਾਟਕ ਵਿਚ ਹਰੀ ਚੰਦ ਲਿਖਿਆ ਹੈ, ਉਹਨੂੰ ਕ੍ਰੋਧ ਵਿਚ ਲਿਖਿਆ ਹੈ, ਬੀਰ-ਰਸ ਵਿਚ ਨਹੀਂ ਲਿਖਿਆ, ਤੇ ਉਹਨੇ ਤੀਰ ਕਮਾਨ ਸਾਂਭਿਆ, ਮੈਦਾਨ ਵਿਚ ਆ ਗਿਆ ਤੇ ਰਾਜੇ ਹਰੀ ਚੰਦ ਨੇ ਬੜੇ ਫਖ਼ਰ ਨਾਲ ਇਹ ਗੱਲ ਕਹੀ ਸੀ ਕਿ ਗੁਰੂ ਗੋਬਿੰਦ ਸਿੰਘ ਕੜਾਹ ਖਾ ਕੇ ਆਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਜੈਕਾਰੇ ਛੱਡਣ ਵਾਲਾ, ਉਹਨੂੰ ਕੀ ਪਤਾ ਜੰਗ ਕਿਸ ਤਰ੍ਹਾਂ ਲੜੀਦਾ ਹੈ, ਕਦੇ ਫਕੀਰਾਂ ਨੇ ਵੀ ਮੈਦਾਨੇ-ਜੰਗ ਜਿੱਤੇ ਨੇ। ਰਾਜਾ ਹਰੀ ਚੰਦ ਸਾਹਮਣੇ ਆ ਗਿਆ, ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮੁਸਕਰਾਏ, ਕਹਿਣ ਲੱਗੇ, ''ਹਰੀ ਚੰਦਾ ! ਮੈਂ ਹਾਂ ਫਕੀਰ, ਤੂੰ ਆਪਣੇ ਆਪ ਨੂੰ ਕਹਿੰਦਾ ਹੈਂ ਰਾਜਪੂਤ ਤੇ ਤੇਰੇ ਦਿਲ ਦਾ ਅਰਮਾਣ ਕਿਤੇ ਦਿਲ ਵਿਚ ਹੀ ਨਾ ਰਹਿ ਜਾਏ, ਪਰ ਮੈਂ ਤੈਨੂੰ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਤੂੰ ਆਪਣਾ ਪਿੱਛਾ ਯਾਦ ਰੱਖੀਂ, ਆਪਣਾ ਕਿਲ੍ਹਾ ਯਾਦ ਰੱਖੀਂ। ਇਹ ਕਹਿ ਕੇ ਗੁਰੂ ਗੋਬਿੰਦ ਸਿੰਘ ਨੇ ਉਹਨਾਂ ਨੂੰ ਸਮਝਾਇਆ ਤੇ ਹਰੀ ਚੰਦ ਨੇ ਆਪਣਾ ਪਿੱਛਾ ਯਾਦ ਕਰਕੇ ਗੁਰੂ ਜੀ ਕੋਲੋਂ ਮਾਫੀ ਮੰਗੀ। ਸੋ ਗੁਰੂ ਕੇ ਸਿੱਖੋ ! ''ਗਰੀਬ-ਨਿਵਾਜ਼ ਸੰਗਤ ਜੀ ਆਪਣਾ ਪਿੱਛਾ ਕਦੇ ਨਾ ਭੁੱਲਣਾ, ਆਪਣਾ ਕਿਲ੍ਹਾ ਕਦੇ ਨਾ ਛੱਡਣਾ, ਕਿਉਂਕਿ ਇਸ ਤੋਂ ਬਿਨਾਂ ਕੁਝ ਵੀ ਨਹੀਂ ਹੈ, ਇਸ ਤੋਂ ਬਿਨਾਂ ਇਨਸਾਨ ਗੁਰੂ ਤੋਂ ਵਾਂਝਾ ਹੋ ਕੇ ਭਟਕਦਾ ਰਹਿੰਦਾ ਹੈ।''

◆◆◆◆

Sri Satguru Jagjit Singh Ji Elibrary NamdhariElibrary@gmail.com

# ਬਚਿੱਤਰ ਨਾਟਕ

ਗੁਰੂ ਕੀ ਪਰਮ ਸਤਿਕਾਰਯੋਗ ਨਿਵਾਜੀ ਗੁਰੂ ਕਾ ਸੁੰਦਰ ਰੂਪ ਸਰੂਪ ਸਾਧ ਸੰਗਤ ਜੀ ! ਗੁਰੂ ਕੇ ਖਾਸ ਰੂਪ ਖਾਲਸਾ ਮਾਈ ਭਾਈ ਬਿਰਧ, ਜੋ ਵੀ ਸਮੇਂ ਦੀ ਕਦਰ ਕਰਦੇ, ਸਮੇਂ ਦਾ ਸਤਿਕਾਰ ਕਰਦੇ, ਸਮੇਂ ਸਿਰ ਗੁਰਦੁਆਰੇ ਪਹੁੰਚੇ ਹੋ, ਮੈਂ ਅੱਜ ਆਪ ਦੇ ਸਾਹਮਣੇ ਬਚਿੱਤਰ ਨਾਟਕ ਦਾ ਖਿਆਲ ਪੇਸ਼ ਕਰਨ ਲੱਗਾ ਹਾਂ।

*"ਮਹਾ ਘੋਰ ਸੰਗ੍ਰਾਮਾ ਇਹ ਬਿਧ ਮਹਾ ਘੋਰ ਸੰਗ੍ਰਾਮਾ॥"*

ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਇਸ ਤੁੱਕ ਦਾ ਅਰਥ ਕਿ ਇਸ ਤਰ੍ਹਾਂ ਦਾ ਘੋਰ ਜੰਗ ਹੋਇਆ, ਤੇ ਰਹਿਤਨਾਮੇ ਵਿਚ ਮੈਂ ਪੜ੍ਹਿਆ ਹੈ ਕਿ ਖਾਲਸਾ ਜੰਗ ਦਾ ਨਾਹਰਾ ਸੁਣ ਕੇ ਬਹੁਤ ਖੁਸ਼ ਹੁੰਦਾ ਹੈ। ਫ਼ਾਰਸੀ ਦਾ ਇਕ ਨਿੱਕਾ ਜਿਹਾ ਮੁਹਾਵਰਾ ਹੈ, ਆਪਣਾ ਰਾਹ ਇਸ਼ਾਰਾ ਕਾਫੀ ਹੈ, ਦਾਨੇ-ਪਰਦਾਨਿਆਂ ਨੂੰ ਇਸਾਰਾ ਹੀ ਕਾਫੀ ਹੁੰਦਾ ਹੈ। ਸੰਸਾਰ ਦੀ ਰਚਨਾ ਬਾਰੇ ਸਾਇੰਸਦਾਨਾਂ ਦਾ ਹੋਰ ਖਿਆਲ ਹੈ, ਪੁਰਾਣਿਤ ਮੱਤ ਦਾ ਹੋਰ ਖਿਆਲ ਹੈ, ਜਿਹੜੀਆਂ ਧਾਰਮਿਕ ਸੰਸਥਾਵਾਂ ਨੇ, ਉਹਨਾਂ ਦੇ ਵੀ ਹੋਰ ਖਿਆਲ ਨੇ। ਔਰ ਅੱਜ ਆਪ ਦੇ ਸਾਹਮਣੇ ਬਚਿੱਤਰ ਨਾਟਕ ਦਾ ਖਿਆਲ ਪੇਸ਼ ਕਰਨ ਲੱਗਾ ਹਾਂ। ਸਭ ਤੋਂ ਪਹਿਲਾਂ ਜਦੋਂ ਉਸ ਨਿਰੰਕਾਰ ਨੇ ਸੰਸਾਰ ਦਾ ਪਸਾਰਾ ਕੀਤਾ, ਇਹ ਰਚਨਾ ਰਚੀ, ੧ਓ ਵਿਚੋਂ, ਪਰਮੇਸ਼ਰ ਜੀ ਨੇ ਆਪਣੇ ਵਿਚੋਂ, ਆਪਣੇ ਇਕ ਫੁਰਨੇ ਨਾਲ ਇਹ ਸਾਰਾ ਪਸਾਰਾ ਪਸਾਰ ਦਿੱਤਾ।

*"ਕਾਲ ਸੈਣ ਪ੍ਰਥਮੈ ਭਇਓ ਭੂਪਾ॥"*

ਪਹਿਲਾ ਰਾਜਾ ਸੰਸਾਰ ਦਾ ਪ੍ਰਬੰਧ ਕਰਨ ਵਾਲਾ ਕਾਲ ਸੇਨ ਹੋਇਆ, ਜਿਸ ਦੇ ਅਰਥ ਨੇ ਵਿਸ਼ਨੂੰ, ਉਹਦਾ ਬੜਾ ਬੱਲ ਸੀ, ਉਹਦਾ ਬੜਾ ਰੂਪ ਸੁੰਦਰ ਸੀ। ਦੂਸਰਾ ਰਾਜਾ ਹੋਇਆ ਉਸ ਦਾ ਨਾਮ ਕਾਲ ਕੇਤ ਸੀ, ਉਹ ਵੀ ਬੜਾ ਚਤੁਰ, ਬੜਾ ਸਿਆਣਾ, ਬੜਾ ਦਾਨਾ ਸੀ। ਤੀਸਰਾ ਜਗਤ ਦਾ ਰਾਜਾ ਜਿਸ ਦਾ ਨਾਂ ਕਰੂਰ ਬਰਸ ਸੀ, ਉਹਨੇ ਵੀ ਬੜਾ ਸੰਸਾਰ ਦਾ ਪ੍ਰਬੰਧ ਕੀਤਾ, ਸੇਵਾ ਕੀਤੀ। ਚੌਥੇ ਜਗਤ ਦੇ ਰਾਜੇ ਦਾ ਨਾਂ ਕਾਲ ਧੁੱਜ ਸੀ, ਸੰਸਾਰ ਦਾ ਆਸਰਾ ਰੂਪ, ਜਿਸ ਨੇ ਸੰਸਾਰ ਰੱਚਿਆ ਸੀ, ਜਿਸ ਤੋਂ ਇਹ ਸਾਰਾ ਸੰਸਾਰ ਉਤਪੰਨ ਹੋਇਆ। ਬਚਿੱਤਰ ਨਾਟਕ ਦੇ ਇਹ ਅਰਥ ਨੇ ਭਈ ਕਿਥੋਂ ਤੱਕ ਵਿਸਥਾਰ ਕੀਤਾ ਜਾਏ। ਕਿੰਨਾ ਕੁ ਖੁਲਾਸਾ ਕੀਤਾ ਜਾਏ। ਗ੍ਰੰਥ ਦਾ ਆਕਾਰ ਵਧ ਜਾਣ ਦਾ ਬੜਾ ਭੈਅ ਹੈ, ਬੜਾ ਡਰ ਹੈ, ਇਸ ਕਰਕੇ ਬਹੁਤਾ ਵਿਸਥਾਰ ਨਹੀਂ ਕਰ ਰਹੇ। ਉਸ ਕਾਲ ਧੁੱਜ ਤੋਂ ਅਗਾਂਹ ਕਈ ਰਾਜੇ ਹੋਏ, ਉਹਨਾਂ ਹੀ ਰਾਜਿਆਂ ਦੀ ਕੁੱਲ,

Sri Satguru Jagjit Singh Ji Elibrary NamdhariElibrary@gmail.com

ਉਹਨਾਂ ਈ ਖਾਨਦਾਨ ਦੇ ਵਿਚੋਂ ਇਕ ਰਾਜਾ ਜੰਮਿਆ ਜਿਸ ਦਾ ਨਾਂ ਸੀ ਦੱਖਸ ਪ੍ਰਜਾਪਤੀ। ਬਚਿੱਤਰ ਨਾਟਕ ਦੇ ਇਹ ਅਰਥ ਨੇ, ਉਹ ਜਿਹੜਾ ਦੱਖਸ਼ ਪ੍ਰਜਾਪਤੀ ਸੀ ਨਾ, ਉਸ ਦੱਖਸ ਪ੍ਰਜਾਪਤੀ ਦੇ ਘਰ ਦਸ ਹਜ਼ਾਰ ਲੜਕੀਆਂ ਨੇ ਜਨਮ ਲਿਆ। ਅੱਜ-ਕਲ ਦੀ ਕਾਲਜ ਦੀ ਤਾਲੀਮ ਪਾਉਣ ਵਾਲਾ ਮੁੰਡਾ ਇਹ ਗੱਲ ਸੁਣ ਕੇ ਤੇ ਹੱਸਦਾ ਹੈ, ਔਰ ਬੜੇ ਮਖੌਲ ਵਿਚ ਹੱਸਦਾ ਹੈ। ਉਸ ਹੱਸਣ ਵਾਲੇ ਮੁੰਡੇ ਦੇ ਬਾਰੇ ਮੈਂ ਦੱਸਣ ਲੱਗਾ ਹਾਂ, ਭਈ ਸੰਨ 47 ਦੀ ਗੱਲ ਹੈ, ਜਦੋਂ ਪਾਕਿਸਤਾਨ ਬਣਿਆ, ਹਿੰਦੁਸਤਾਨ ਵੰਡਿਆ ਗਿਆ, ਪਟੇਲ ਨੇ ਰਿਆਸਤਾਂ ਵੀ ਤੋੜ-ਤਾੜ ਦਿੱਤੀਆਂ ਤੇ ਉਦੋਂ ਰਿਆਸਤਾਂ ਦੇ ਰਾਜਿਆਂ ਨੂੰ ਆਪਣੀਆਂ ਰਾਣੀਆਂ, ਆਪਣੇ ਮਹੱਲਾਂ ਵਿਚੋਂ ਕੱਢਣੀਆਂ ਪਈਆਂ। ਮਹਾਰਾਜਾ ਭੁਪਿੰਦਰ ਸਿੰਘ ਵਾਲੀਏ ਰਿਆਸਤ ਪਟਿਆਲਾ ਦੀ ਪੰਜ ਸੌ ਰਾਣੀ ਸੀ, ਉਹ ਬਾਅਦ ਵਿਚ ਕੱਢੀ ਗਈ ਤੇ ਪੰਜ ਸੌ ਈ ਉਸ ਦਾ ਕੁੜੀ-ਮੁੰਡਾ ਸੀ, ਜਿਹੜਾ ਰਜਿਸਟਰ ਤੇ ਲਿਖਿਆ ਗਿਆ। ਮੇਰੇ ਜ਼ਿਲੇ ਵਿਚ ਕਸਬਾ ਹੈ ਕਲਿਆਣ, ਉਥੇ ਹੋਇਆ ਹੈ ਮਿਰਜ਼ਾ ਗੁਲਾਮ ਅਹਿਮਦ ਸਾਹਿਬ, ਜਿਹੜਾ ਕਹਿੰਦਾ ਸੀ ਆਖਰੀ ਨਦੀ ਮੈਂ, ਉਹਦਾ ਜਾਂ-ਨਸ਼ੀਂ ਹੋਇਆ, ਉਹਦੀ ਗੱਡੀ ਹੁਣ ਚਲ ਜੁ ਪਈ, ਜਿਸ ਵੇਲੇ ਹਿੰਦੁਸਤਾਨ ਦਾ ਬਟਵਾਰਾ ਹੋਇਆ, ਮਰਜ਼ਈਆਂ ਨੂੰ ਜ਼ਿਲ੍ਹਾ ਗੁਰਦਾਸਪੁਰ ਛੱਡ ਕੇ ਕਸਬਾ ਕਲਿਆਣ ਛੱਡ ਕੇ ਜਾਣਾ ਪਿਆ ਤੇ ਗੱਦੀ ਦੇ ਦੂਜੇ ਥਾਂ ਸੀ ਮਿਰਜ਼ਾ ਮਹਿਮੂਦ ਅਹਿਮਦ ਸ਼ਾਹ, ਉਹਦੇ 32 ਕੁੜੀਆਂ ਮੁੰਡੇ ਸਨ ਸੰਨ 47 ਵਿਚ। ਜਿਸ ਦਿਨ ਇਥੋਂ ਗਿਆ। ਨਜ਼ਾਮ ਹੈਦਰਾਬਾਦ ਦੱਖਣ ਦੇ, ਹਿੰਦੁਸਤਾਨ ਦੇ ਬਟਵਾਰੇ ਵੇਲੇ 48 ਕੁੜੀਆਂ ਮੁੰਡੇ ਸਨ, ਜਾਇਜ਼ ਰਜਿਸਟਰ ਉਤੇ ਲਿਖੇ ਹੋਏ ਤੇ ਉਮਰ ਬੜੀ ਥੋੜੀ ਹੈ, ਜਿਸ ਵੇਲੇ ਦਾ ਬਚਿੱਤਰ ਨਾਟਕ ਜ਼ਿਕਰ ਕਰਦਾ ਹੈ ਨਾ, ਉਸ ਵੇਲੇ ਦੇ ਮੁਤੱਲਕ ਭਾਈ ਗੁਰਦਾਸ ਨੇ ਵੀ ਇਕ ਤੁੱਕ ਲਿਖੀ ਹੈ:

***"ਲਖਿ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨਾ ਮੰਦਿਰ ਸਾਜੇ।"***

ਹੁਣ ਸਾਡੀ ਸਾਢੇ ਨੌਂ ਵਰ੍ਹਿਆਂ ਦੀ ਔਸਤ ਉਮਰ ਹੈ, ਮਹੱਲ ਹੋਏ, ਫਲੈਟ ਹੋਏ, ਹਵੇਲੀਆਂ ਹੋਏ, ਬਾਗ-ਬਗੀਚੇ ਹੋਏ, ਬੜਾ ਕੁਝ ਬਣਾਉਂਦੇ ਸੀ ਤੇ ਉਦੋਂ ਲੱਖਾਂ ਵਰ੍ਹਿਆਂ ਦੀ ਉਮਰ ਹੁੰਦੀ ਸੀ, ਕੋਈ ਕੋਠਾ ਨਹੀਂ ਸੀ ਬਣਾਉਂਦਾ, ਨਾ ਹੀ ਕੋਈ ਮੰਦਿਰ ਸਾਜਦਾ ਸੀ। ਲੱਖਾਂ ਵਰ੍ਹਿਆਂ ਦੀ ਹੋਵੇ ਉਮਰ, ਰਾਣੀਆਂ ਹੋਣ ਇਕ ਤੋਂ ਅਨੇਕ, ਤੇ ਇੰਨੇ ਕੁੜੀਆਂ ਮੁੰਡੇ ਜੰਮ ਪੈਣੇ ਲੱਖਾਂ ਵਰ੍ਹਿਆਂ ਵਿਚ, ਕੋਈ ਅਣਹੋਣੀ ਬਾਤ ਨਹੀਂ। ਬਚਿੱਤਰ ਨਾਟਕ ਦੀ ਬਾਣੀ ਇਹ ਗੱਲ ਕਹਿੰਦੀ ਹੈ ਕਿ ਉਹ ਕੁੜੀਆਂ ਇੰਨੀਆਂ ਸੁੰਦਰ ਸਨ ਕਿ ਉਹਨਾਂ ਵਰਗੀ, ਉਹਨਾਂ ਦੇ ਸਮਾਨ, ਉਸ ਵਕਤ ਕੋਈ ਲੜਕੀ ਲੱਭਦੀ ਨਹੀਂ ਸੀ। ਸਮੇਂ ਦਾ ਚੱਕਰ ਐਸਾ ਚੱਲਿਆ, ਉਹ ਕੁੜੀਆਂ ਸਾਰਿਆਂ ਰਾਜਿਆਂ ਮਹਾਰਾਜਿਆਂ ਨਾਲ ਦੱਖਸ਼ ਪ੍ਰਜਾਪਤੀ ਨੇ ਵਿਆਹ ਦਿੱਤੀਆਂ। ਇਕ ਕੁੜੀ ਦਾ ਨਾਂ ਸੀ ਬਨਿਤਾ, ਇਕ ਦਾ ਨਾਂ ਸੀ ਕੁਦਰੂ, ਇਕ ਦਾ ਨਾਂ ਸੀ ਦਿੱਤੀ, ਇਕ ਦਾ ਨਾਂ ਸੀ ਅਦਿੱਤੀ। ਇਹ ਚਾਰੇ ਕੁੜੀਆਂ ਕਸ਼ਬ ਰਿਸ਼ੀ ਨਾਲ ਵਿਆਹੀਆਂ ਗਈਆਂ। ਉਹਨਾਂ ਲੜਕੀਆਂ ਦੀ ਔਲਾਦ ਚੌਹਾਂ

Sri Satguru Jagjit Singh Ji Elibrary NamdhariElibrary@gmail.com

ਵਿਸ਼ਿਆਂ ਵਿਚ ਬਚਿੱਤਰ ਨਾਟਕ ਨੇ ਵੰਡੀ ਹੈ। ਭਈ ਜਿਹੜੀ ਬਨਿਤਾ ਦੀ ਔਲਾਦ ਸੀ ਨਾ ਗਰੜ, ਦਿੱਤੀ ਦੀ ਔਲਾਦ ਸੀ ਦੇਵਤੇ, ਅਦਿੱਤੀ ਦੀ ਔਲਾਦ ਸੀ ਸੱਪ, ਇਸ ਤਰ੍ਹਾਂ ਇਹ ਸੰਸਾਰ ਦਾ ਪਸਾਰਾ ਵੱਧਦਾ ਗਿਆ। ਬਚਿੱਤਰ ਨਾਟਕ ਇਹ ਕਹਿੰਦਾ ਹੈ:-

*"ਤਾ ਤੇ ਸੂਰਜ ਰੂਪ ਕੋ ਧਰਾ॥"*

ਜਿਹੜੀ ਦਿੱਤੀ ਦੀ ਸੰਤਾਨ ਸੀ ਨਾ ਦੇਵਤੇ, ਉਹਨਾਂ ਵਿਚੋਂ ਇਕ ਲੜਕਾ ਜੰਮਿਆ, ਉਸ ਦਾ ਨਾਂ ਸੂਰਜ ਰੱਖਿਆ ਗਿਆ। ਉਸ ਸੂਰਜ ਨਾਮ ਉਤੇ ਸੂਰਜ ਬੰਸ ਪ੍ਰਚੱਲਿਤ ਹੋਇਆ। ਉਸ ਤੋਂ ਪਹਿਲੇ ਦੁਨੀਆਂ ਦੇ ਤਖਤੇ ਉਤੇ ਸੂਰਜ ਬੰਸ ਨਾਮ ਦਾ ਕੋਈ ਖਾਨਦਾਨ ਹੈ ਨਹੀਂ ਸੀ। ਸੂਰਜ ਦੇ ਘਰ ਉਹਦੇ ਅਗਾਂਹ ਖਾਨਦਾਨ ਵਿਚ ਲੜਕਾ ਜੰਮਿਆ, ਉਸ ਦਾ ਨਾਂ ਰੱਖਿਆ ਰਘੂ, ਜਿਸ ਦੇ ਨਾਂ ਉਤੇ ਜਗਤ ਵਿਚ ਰਘੂ ਬੰਸ ਪ੍ਰਚੱਲਿਤ ਹੋਇਆ। ਉਸ ਰਘੂ ਬੰਸ ਵਿਚ ਇਕ ਪੁੱਤਰ ਹੋਇਆ, ਉਸ ਦਾ ਨਾਂ ਰੱਖਿਆ ਗਿਆ ਅਜਬਰ, ਬੜਾ ਤਗੜਾ ਰਥਵਾਹੀ ਸੀ ਉਹ। ਚੌਥੀ ਅਵਸਥਾ, ਉਮਰ ਦੇ ਚੌਥੇ ਹਿੱਸੇ ਵਿਚ ਆ ਕੇ ਪੁਰਾਣੇ ਲੋਗ ਘਰ-ਘਾਟ ਛੱਡ ਦਿੰਦੇ ਸਨ, ਜਿਸ ਵੇਲੇ ਉਹਨੇ ਵੀ ਘਰ-ਘਾਟ ਛੱਡਿਆ ਤੇ ਆਪਣੀ ਬੰਸ ਦੇ ਬੜੇ ਤਗੜੇ ਸ਼ੁਮਣੀ ਦਸ਼ਰਤ ਨੂੰ ਉਹਨੇ ਸਾਰਾ ਰਾਜ-ਕਾਜ ਸੌਂਪ ਦਿੱਤਾ। ਮਹਾਰਾਜਾ ਦਸ਼ਰਤ ਵੀ ਬੜਾ ਧਨੁਸ਼ਧਾਰੀ ਸੀ, ਬੜਾ ਤੀਰ-ਅੰਦਾਜ਼ ਸੀ, ਬੜਾ ਦਾਨੀ ਪੁਰਸ਼ ਸੀ। ਬੜੀ ਰੁਚੀ ਨਾਲ, ਬੜੇ ਸ਼ੌਕ ਨਾਲ ਤਿੰਨਾਂ ਔਰਤਾਂ ਨਾਲ ਸ਼ਾਦੀ ਕੀਤੀ। ਮਾਨ ਸਿੰਘ ਝੌਰ ਜੀ ਕਹਿੰਦੇ ਹਨ, ਅੱਜ-ਕਲ ਤੇ ਮੈਂ ਕਈ ਬੀਬੀਆਂ ਗੱਲਾਂ ਕਰਦੀਆਂ ਸੁਣੀਆਂ, ਭੈਣ ! ਸੌਂਕਣ ਤੇ ਸੁੱਖ ਨਾਲ ਕਾਗਦ ਤੇ ਲਿਖੀ ਹੋਈ ਵੀ ਮਾਣ ਨਹੀਂ ਹੁੰਦੀ, ਤੇ ਮੈਂ ਦਸ਼ਰਤ ਦੀਆਂ ਜਨਾਨੀਆਂ ਵੱਲ ਵੇਖਦਾ ਹਾਂ, ਉਹ ਕਦੇ ਨਹੀਂ ਲੜੀਆਂ, ਉਹਨਾਂ ਦੀ ਔਲਾਦ ਵੀ ਨਹੀਂ ਲੜੀ। ਮਹਾਰਾਜਾ ਨੇ ਬੜੀ ਰੁਚੀ ਨਾਲ ਤਿੰਨਾਂ ਔਰਤਾਂ ਨਾਲ ਵਿਆਹ ਕੀਤਾ। ਵੱਡਾ ਲੜਕਾ ਦਸਰਤ ਦਾ ਸ੍ਰੀ ਰਾਮ ਚੰਦਰ ਸੀ, ਸ਼ਤਰੂਘਣ, ਭਰਤ ਤੇ ਲਸ਼ਮਣ। ਸ੍ਰੀ ਰਾਮ ਚੰਦਰ ਇਹ ਚਾਰੇ ਭਰਾ ਸਨ। ਬੜਾ ਚਿਰ ਉਹਨਾਂ ਧਰਮ ਦਾ ਰਾਜ ਕੀਤਾ, ਅੰਨ-ਜਲ ਜਦੋਂ ਮੁੱਕ ਗਿਆ, ਸਮਾਂ ਨੇੜੇ ਆ ਗਿਆ ਤੇ ਉਹ ਸੁਰਪੁਰੀ ਚਲੇ ਗਏ, ਦੇਵਤਾਪੁਰੀ ਚਲੇ ਗਏ, ਬਾਲ-ਸੰਸਾਰ ਤਿਆਗ ਦਿੱਤਾ। ਦੂਜੇ ਸ਼ਬਦਾਂ ਵਿਚ ਭਈ ਮਰ ਗਏ, ਤੇ ਫਿਰ ਸੀਤਾ ਦੇ ਪੁੱਤਰ ਲੱਵ ਤੇ ਕੁਸ਼ ਭਾਰਤਵਰਸ਼ ਦੇ ਰਾਜੇ ਬਣੇ। ਪੰਜਾਬੀਆ ! ਕਿਸੇ-ਕਿਸੇ ਵੇਲੇ ਤੂੰ ਬੇਸ਼ਕ ਮੁੱਛਾਂ ਨੂੰ ਤਾਅ ਦਿਆ ਕਰ, ਛਾਤੀ ਤਾਣ ਕੇ। ਕਿਉਂ ਭਲਾ ? ਚਾਰ ਵੇਦ ਪੰਜਾਬ ਦੀ ਧਰਤੀ ਉਤੇ ਲਿਖੇ ਗਏ ਨੇ। ਚੌਹਾਂ ਵਿਚੋਂ ਇਕ ਵੇਦ ਵੀ ਐਸਾ ਨਹੀਂ, ਜਿਹੜਾ ਪੰਜਾਬ ਦੀ ਧਰਤੀ ਤੋਂ ਬਾਹਰ ਨਿਕਲ ਗਿਆ ਹੋਵੇ। ਪੰਜਾਬ ਦੀ ਧਰਤੀ ਉਹ ਧਰਤੀ ਹੈ ਕਿ ਜਦੋਂ ਸੂਰਮਿਆਂ ਦੇ ਪਰਖਣ ਦੀ ਲੋੜ ਪਈ, ਉਦੋਂ ਕਿਸੇ ਨੇ ਵੀ ਮੈਦਾਨ ਕੁਰਕਸ਼ੇਤਰ ਨਹੀਂ ਚੁਣਿਆ ਸੀ, ਬਲਕਿ ਪੰਜਾਬ ਦੀ ਧਰਤੀ ਚੁਣੀ ਸੀ। ਚੰਗੇ ਖਾਨਦਾਨੀ ਘਰਾਂ ਵਿਚ ਜਦੋਂ ਕਿਸੇ ਲੜਕੀ ਨੇ ਬੱਚੇ ਦੀ ਮਾਂ ਬਣਨਾ ਹੋਵੇ, ਤਾਂ ਸਿਆਣੇ ਦਾਨੇ ਸਹੁਰੇ ਉਸ ਲੜਕੀ ਨੂੰ ਕੰਮ ਤੇ ਨਹੀਂ ਲਾਉਂਦੇ, ਮਾੜੀ ਖੁਰਾਕ ਨਹੀਂ

ਦਿੰਦੇ, ਮਾੜਾ ਲਿਬਾਸ ਨਹੀਂ ਪਹਿਨਣ ਦਿੰਦੇ, ਮਾੜੀਆਂ ਗੱਲਾਂ ਨਹੀਂ ਸੁਣਨ ਦਿੰਦੇ। ਇੰਨਾ ਪ੍ਰਹੇਜ਼ ਕਰਦੇ ਨੇ, ਤਾਂਕਿ ਬੱਚਾ ਜਿਸ ਨੇ ਜਨਮ ਲੈਣਾ ਹੋਵੇ, ਉਸ ਤੇ ਗੰਦਾ ਅਸਰ ਨਾ ਪੈ ਜਾਵੇ। ਲੇਕਿਨ ਮੁਕਾਮੇ ਅਫਸੋਸ ਹੈ, ਜਦੋਂ ਸੀਤਾ ਨੇ ਕਿਸੇ ਬੱਚੇ ਦੀ ਮਾਂ ਬਣਨਾ ਸੀ, ਬਜਾਏ ਇਸ ਗੱਲ ਦੇ ਕਿ ਉਸ ਨੂੰ ਸੰਭਾਲਿਆ ਜਾਂਦਾ, ਉਹਨੂੰ ਸਗੋਂ ਘਰੋਂ ਕੱਢ ਦਿੱਤਾ ਗਿਆ ਵਿਚਾਰੀ ਨੂੰ। ਉਹਨੇ ਆਪਣੇ ਬੱਚਿਆਂ ਲੱਵ ਤੇ ਕੁਸ਼ ਨੂੰ ਪੰਜਾਬ ਦੀ ਧਰਤੀ ਉਤੇ ਜਨਮ ਦਿੱਤਾ। ਤੇ ਰਾਮ ਚੰਦਰ ਨੇ ਇਕ ਘੋੜਾ ਛੱਡਿਆ ਸੀ ਤੇ ਕਿਹਾ ਹੈਗਾ ਕੋਈ ਮਾਈ ਕਾ ਲਾਲ ਜਿਹੜਾ ਘੋੜਾ ਫੜ ਲਵੇ। ਜਿਸ ਵੇਲੇ ਲੱਵ ਤੇ ਕੁਸ਼ ਨੂੰ ਪਤਾ ਲੱਗਾ ਕਿ ਕਿਸੇ ਨੇ ਘੋੜਾ ਛੱਡਿਆ, ਉਹਨਾਂ ਘੋੜਾ ਫੜ ਲਿਆ। ਪੰਜਾਬੀ ਉਸਤਾਦ ਦੇ ਸਿਖਾਏ ਹੋਏ ਸ਼ਗਿਰਦਾਂ ਨੇ ਘੋੜਾ ਫੜ ਲਿਆ, ਬੰਨ੍ਹ ਲਿਆ ਕਿੱਲੇ ਨਾਲ। ਕਹਿੰਦੇ ਸਾਡੇ ਹੁੰਦਿਆਂ ਜੰਮਿਆ ਕੌਣ ਘੋੜਾ ਛੱਡਣ ਵਾਲਾ। ਫਿਰ ਸੀਤਾ ਨੇ ਸਮਝਾਇਆ ਭਈ ਪੁੱਤ ! ਛੱਡ ਦਿਉ ਇਹ ਘੋੜਾ, ਤੁਹਾਡੇ ਪਿਉ ਦਾ ਹੈ। ਪੰਜਾਬ ਦੀ ਧਰਤੀ ਤੇ ਜਨਮ ਲੈਣ ਵਾਲਿਆ ਪੰਜਾਬੀਆ ਤੈਨੂੰ ਬੜੀਆਂ ਗੱਲਾਂ ਦਾ ਮਾਣ ਹੈ, ਤੂੰ ਇਥੇ ਮਹਾਰਾਣਾ ਪ੍ਰਤਾਪ ਪੈਦਾ ਕੀਤਾ, ਤੂੰ ਸ਼ਿਵਾਜੀ ਮਰਹੱਟਾ ਪੈਦਾ ਕੀਤਾ, ਤੂੰ ਇਥੇ ਬਾਬਾ ਬੰਦਾ ਸਿੰਘ ਬਹਾਦਰ ਪੈਦਾ ਕੀਤਾ, ਤੂੰ ਇਥੇ ਬੜੇ-ਬੜੇ ਧਰਮਾਤਮਾ ਪੈਦਾ ਕੀਤੇ। ਲੱਵ ਤੇ ਕੁਸ਼ ਜਿਨ੍ਹਾਂ ਨੇ ਜੰਗਲਾਂ ਵਿਚ ਜਨਮ ਲਿਆ, ਉਹ ਫਿਰ ਰਾਜੇ ਬਣੇ। ਬਚਿੱਤਰ ਨਾਟਕ ਕਹਿੰਦਾ ਹੈ, ਅਸਲ ਵਿਚ ਰਾਜ ਭਾਟ ਫੱਬਿਆ ਈ ਉਹਨਾਂ ਨੂੰ ਹੈ, ਰਾਜ ਕਰਨਾ ਹੀ ਉਹਨਾਂ ਨੂੰ ਆਇਆ ਹੈ। ਪੰਜਾਬ ਦੇਸ਼ ਦੇ ਰਾਜਿਆਂ ਦੀਆਂ ਲੜਕੀਆਂ ਨਾਲ ਜਦੋਂ ਲੱਵ ਤੇ ਕੁਸ਼ ਨੇ ਵਿਆਹ ਕੀਤਾ, ਤੇ ਪੰਜਾਬ ਦੀ ਹੀ ਧਰਤੀ ਤੇ ਲੱਵ ਤੇ ਕੁਸ਼ ਨੇ ਦੋ ਸ਼ਹਿਰ ਵਸਾਏ। ਲੱਵ ਦੇ ਸ਼ਹਿਰ ਦਾ ਨਾਂ ਲਾਹੌਰ ਰੱਖਿਆ ਗਿਆ ਤੇ ਕੁਸ਼ ਦੇ ਸ਼ਹਿਰ ਦਾ ਨਾਂ ਕਸੂਰ ਰੱਖਿਆ ਗਿਆ। ਉਹ ਸ਼ਹਿਰ ਇੰਨੇ ਕੁ ਜ਼ਿਆਦਾ ਵੱਸੇ ਕਿ ਉਹਨਾਂ ਨੂੰ ਵੇਖ ਕੇ ਲੰਕਾ ਵੀ ਸ਼ਰਮਿੰਦੀ ਹੋਈ ਤੇ ਇੰਦਰ ਦੀ ਪੁਰੀ ਵੀ ਸ਼ਰਮਿੰਦੀ ਹੋਈ। ਇੰਨੀਆਂ ਸੋਹਣੀਆਂ ਸੁਚੱਜੀਆਂ ਵੱਸਦੀਆਂ ਉਹ ਪੁਰੀਆਂ ਸਨ, ਇੰਨੇ ਸੋਹਣੇ ਸੁੰਦਰ ਉਹ ਸ਼ਹਿਰ ਸਨ:

*ਬਹੁਤ ਕਾਲ ਤਿਨ ਰਾਜ ਕਮਾਯੋ॥*

*ਜਾਲ ਕਾਲ ਤੇ ਅੰਤ ਫਸਾਯੋ।*

ਬੜਾ ਚਿਰ ਲੱਵ ਤੇ ਕੁਸ਼ ਨੇ ਰਾਜ ਕੀਤਾ, ਆਖਿਰ ਜਾਕਾਲ ਦੀ ਜਾਇਜ਼ ਨੇ, ਮੌਤ ਦੀ ਜਾਇਜ਼ ਨੇ ਉਹਨਾਂ ਨੂੰ ਵੀ ਆਪਣੇ ਵਿਚ ਫਸਾ ਲਿਆ। ਉਹ ਵੀ ਸੰਸਾਰ ਤੋਂ ਕੂਚ ਕਰ ਗਏ। ਲੱਵ ਤੇ ਕੁਸ਼ ਦੇ ਜਿਹੜੇ ਪੁੱਤਰ ਪੋਤਰੇ ਹੋਏ, ਭਾਰਤਵਰਸ਼ ਦਾ ਰਾਜ ਉਹ ਬੜੇ ਠਾਠ ਨਾਲ ਕਰਦੇ ਰਹੇ। ਕਿਥੋਂ ਤੱਕ ਉਹਨਾਂ ਦੀ ਗਿਣਤੀ ਕਰਕੇ ਸੁਣਾਈ ਜਾਏ, ਉਹਨਾਂ ਦੇ ਨਾਮਾਂ ਦੀ ਗਿਣਤੀ ਹੋ ਨਹੀਂ ਸਕਦੀ। ਚੌਹਾਂ ਜੁੱਗਾਂ ਵਿਚ ਅਨੰਤ ਰਾਜੇ ਆਏ ਤੇ ਚਲੇ ਗਏ, ਕੌਣ ਉਹਨਾਂ ਦੇ ਨਾਂ ਗਿਣੇ ? ਐ ਵਾਹਿਗੁਰੂ ! ਤੇਰੇ ਕੋਲੋਂ ਬੁੱਧੀ ਬਲ ਪਾ ਕੇ ਜਿੰਨੇ ਕੁ ਨਾਂ ਮੈਨੂੰ ਆਉਂਦੇ ਨੇ, ਮੈਂ ਥੋੜੇ

ਕੁ ਗਿਣ ਕੇ ਦੱਸਣ ਲੱਗਾ ਹਾਂ:

*"ਕਾਲਕੇਤੁ ਅਰ ਕਾਲਰਾਇ ਭਨ॥*
*ਜਿਨ ਤੇ ਭਏ ਪੁੱਤ੍ਰ ਘਰ ਅਨਗਨ॥"*

ਕਾਲ ਕੇਤ, ਕਾਲ ਰਾਇ ਰਾਮ ਚੰਦਰ ਦੀ ਕੁੱਲ ਵਿਚੋਂ ਜਿਨ੍ਹਾਂ ਦੇ ਘਰ ਅਨੇਕਾਂ ਪੁੱਤਰ ਹੋਏ, ਬੜਾ ਵੱਡਾ ਉਹਨਾਂ ਦਾ ਪਰਿਵਾਰ ਵਧਿਆ। ਉਹਨਾਂ ਵਿਚੋਂ ਜਿਹੜਾ ਕਾਲ ਕੇਤ ਨਾਮ ਦਾ ਰਾਜਾ ਸੀ, ਉਹ ਬੜਾ ਬਲਵਾਨ ਸੀ, ਉਹ ਬੜਾ ਤੀਰ-ਅੰਦਾਜ਼ ਸੀ, ਬੜਾ ਲੜਾਕਾ ਸੀ, ਉਹ ਕਾਲ ਰਾਇ ਨਾਲ, ਲਾਹੌਰੀਆਂ ਨਾਲ ਲੜ ਪਿਆ, ਉਹਦੀ ਫਤਹਿ ਹੋਈ, ਕਾਲ ਕੇਤ ਦੀ, ਕਾਲ ਰਾਇ ਦੀ ਸੰਤਾਨ ਹਾਰ ਗਈ, ਉਹਨਾਂ ਨੂੰ ਲਾਹੌਰ ਛੱਡਣਾ ਪੈ ਗਿਆ। ਅਮਰਕੋਟ ਝਾਂਸੀ ਦੇ ਇਰਦ-ਗਿਰਦ ਦਾ ਜਿਹੜਾ ਇਲਾਕਾ ਹੈ, ਜਿਸ ਨੂੰ ਸਨੌਰ ਦੇਸ਼ ਕਹਿੰਦੇ ਨੇ, ਇਧਰ ਨੂੰ ਉਹ ਰਾਜਾ ਨੱਸ ਗਿਆ ਤੇ ਅਮਰਕੋਟ ਦੇ ਰਾਜੇ ਨੇ ਜਦੋਂ ਸੁਣਿਆ ਨਾ ਕਿ ਕਾਲ ਰਾਇ ਦੌੜ ਕੇ ਆਇਆ, ਹਾਰ ਕੇ ਆਇਆ, ਕਾਲ ਕੇਤ ਕੋਲੋਂ ਭਾਂਜ ਖਾ ਕੇ ਆਇਆ ਹੈ ਤੇ ਅਮਰਕੋਟ ਦੇ ਰਾਜੇ ਨੇ ਸੋਚਿਆ ਕਿ ਭਾਵੇਂ ਹਾਰ ਕੇ ਹੀ ਆਇਆ ਹੈ, ਫੇਰ ਵੀ ਇਸ ਦੀ ਤਾਕਤ ਮੇਰੇ ਨਾਲੋਂ ਕਈ ਗੁਣਾਂ ਜ਼ਿਆਦਾ ਹੈ। ਮੈਂ ਇਸ ਦਾ ਮੁਕਾਬਲਾ ਨਹੀਂ ਕਰ ਸਕਾਂਗਾ। ਉਹਨੇ ਆਪਣੀ ਲੜਕੀ ਦਾ ਰਿਸ਼ਤਾ ਦੇ ਦਿੱਤਾ ਕਾਲ ਰਾਇ ਨੂੰ। ਅਮਰਕੋਟ ਦੇ ਰਾਜੇ ਦੀ ਲੜਕੀ ਨਾਲ ਕਾਲ ਰਾਇ ਨੇ ਸ਼ਾਦੀ ਕਰ ਲਈ ਤੇ ਬਚਿੱਤਰ ਨਾਟਕ ਇਹ ਗੱਲ ਕਹਿੰਦਾ ਹੈ:

*"ਤਿਹ ਤੇ ਪੁਤ੍ਰ ਭਯੋ ਜੋ ਧਾਮਾ॥*
*ਸੋਢੀ ਰਾਇ ਧਰਾ ਤਿਹਿ ਨਾਮਾ॥"*

ਕਾਲ ਰਾਇ ਦੇ ਅਮਰਕੋਟ ਦੇ ਰਾਜੇ ਦੀ ਲੜਕੀ ਵਿਚੋਂ ਜਿਹੜਾ ਪੁੱਤਰ ਜੰਮਿਆ, ਉਸ ਦਾ ਨਾਂ ਰੱਖਿਆ ਸੋਢੀਆ। ਉਸ ਦਿਨ ਤੋਂ ਸੋਢੀਆਂ ਦਾ ਬੰਸ ਪ੍ਰਚੱਲਿਤ ਹੋਇਆ, ਪ੍ਰਗਟ ਹੋਇਆ। ਇਸ ਲੜਕੇ ਦੇ ਜਨਮ ਤੋਂ ਪਹਿਲਾਂ ਸੰਸਾਰ ਦੇ ਉਤੇ ਕੋਈ ਸੋਢੀ ਖਾਨਦਾਨ ਨਹੀਂ ਹੋਇਆ, ਤੇ ਬਚਿੱਤਰ ਨਾਟਕ ਦੇ ਇਹ ਅੱਖਰ ਨੇ ਹਜ਼ੂਰ ਦੀ ਕਲਮ ਤੋਂ ਲਿਖੇ ਹੋਏ:

*"ਪਰਮ ਪਵਿਤ੍ਰ ਪੁਰਖ ਜੁ ਕੀਆ॥*
..................................................
*ਦਿਨ ਦਿਨ ਤਿਨ ਕੇ ਧਨ ਕੀ ਬ੍ਰਿਧਾ॥"*

ਇਹ ਸੋਢੀਆਂ ਦਾ ਬੰਸ ਪਰਮ ਪਵਿੱਤਰ ਪੁਰਖ ਸਤਿਨਾਮ ਸ੍ਰੀ ਵਾਹਿਗੁਰੂ ਨੇ ਆਪ ਪ੍ਰਚੱਲਿਤ ਕੀਤਾ। ਦਿਨੇ-ਰਾਤ, ਦਿਨੇ-ਰਾਤ ਸੋਢੀਆਂ ਦੇ ਧੰਨ ਦਾ ਵਾਧਾ ਹੁੰਦਾ ਰਹਿਆ। ਬੜੇ ਮਸ਼ਹੂਰ ਹੋ ਗਏ ਸੋਢੀ ਸੰਸਾਰ ਵਿਚ। ਸਾਹਿਬ ਜ਼ੁਬਾਨੇ-ਪਾਕ ਵਿਚੋਂ ਇਹ ਗੱਲ ਕਹਿੰਦੇ ਨੇ:

Sri Satguru Jagjit Singh Ji Elibrary NamdhariElibrary@gmail.com

*"ਤਾ ਤੇ ਪੁਤ੍ਰ ਪੌਤ੍ਰ ਹੋਇ ਆਏ॥*
*ਤੇ ਸੋਢੀ ਸਭ ਜਗਤਿ ਕਹ੍ਰਾਵੇ॥"*

ਜਿਹੜੇ ਉਹਨਾਂ ਦੇ ਨਾ ਪੁੱਤਰ-ਪੋਤਰੇ ਨੱਸੇ ਹਫਦੇ ਰਹੇ, ਉਹ ਜਗਤ ਵਿਚ ਸੋਢੀ ਅਖਵਾਏ। ਖਾਨਦਾਨ ਵਿਚ ਫਿਰ ਲੜਾਈ ਝਗੜਾ ਆ ਗਿਆ। ਵਾਹਿਗੁਰੂ ਜਾਣੇ ਇਹ ਕਿਉਂ ਪਿੱਛਾ ਨਹੀਂ ਛੱਡਦਾ ? ਚੰਗੇ ਤੋਂ ਚੰਗਾ ਸੁਧਾਰਕ ਵੀ, ਚੰਗੇ ਤੋਂ ਚੰਗਾ ਸਿਆਣਾ ਵੀ ਉਸ ਲੜਾਈ ਝਗੜੇ ਨੂੰ ਮਿਟਾ ਨਾ ਸਕਿਆ। ਬੜੇ-ਬੜੇ ਸੂਰਮੇ ਆਪਣੇ ਹਥਿਆਰ ਲੈ ਕੇ ਮੈਦਾਨੇ-ਜੰਗ ਵਿਚ ਆ ਗਏ, ਆਪਣੇ ਸ਼ਸਤਰ ਲੈ ਕੇ, ਨਮਸ਼ਕਾਰਾਂ ਕਰਕੇ, ਤਿਲਕਾਰੀਆਂ ਮਾਰਦੇ ਹੋਏ, ਮੈਦਾਨੇ-ਜੰਗ ਵਿਚ ਵਧੇ, ਲੜਾਈ ਲੜਨ ਵਾਸਤੇ। ਤੇ ਸਰਕਾਰ ਆਪਣੀ ਰਾਇ ਦੇ ਰਹੇ ਨੇ:

*"ਧਨ ਅਰੁ ਭੂਮਿ ਪੁਰਾਤਨ ਬੈਰਾ॥*
*ਜਿਨ ਕਾ ਮੂਆ ਕਰਤ ਜਗ ਘੇਰਾ॥"*

ਹਰ ਇਕ ਜੰਗ ਦਾ ਕਾਰਨ ਤਿੰਨਾਂ ਵਿਚੋਂ ਕੋਈ ਨਾ ਕੋਈ ਚੀਜ਼ ਹੈ, ਜ਼ਰ, ਜੋਰੂ ਜਾਂ ਜ਼ਮੀਨ। ਕੌਰਵਾਂ-ਪਾਂਡਵਾਂ ਦੇ ਜੰਗ ਵਿਚ ਇਸਤਰੀ ਨੂੰ ਦਖਲ ਹੈ, ਉਹ ਦਰੋਪਤੀ ਤੋਂ ਜੰਗ ਹੋਇਆ ਹੈ। ਰਾਮ-ਰਾਵਣ ਦੇ ਜੰਗ ਵਿਚ ਔਰਤ ਨੂੰ ਦਖਲ ਹੈ, ਉਹ ਸੀਤਾ ਦੀ ਬਿਨਾਅ ਤੇ ਜੰਗ ਹੋਇਆ ਹੈ। ਦੱਖਸ਼ ਪ੍ਰਜਾਪਤੀ ਔਰ ਸ਼ਿਵਜੀ ਦੇ ਜੰਗ ਵਿਚ ਪਾਰਵਤੀ ਨੂੰ ਦਖਲ ਹੈ, ਉਹ ਪਾਰਵਤੀ ਦੀ ਵਜ੍ਹਾ ਕਰਕੇ ਜੰਗ ਹੋਇਆ ਹੈ। ਲੇਕਿਨ ਧੰਨ ਗੁਰੂ ਗੋਬਿੰਦ ਸਿੰਘ ਸੱਚਾ ਪਾਤਿਸ਼ਾਹ ਤੂੰ ਜਿੰਨੇ ਜੰਗ ਕੀਤੇ ਨੇ ਨਾ ਜ਼ਰ ਵਾਸਤੇ, ਨਾ ਜੋਰੂ ਵਾਸਤੇ, ਨਾ ਜ਼ਮੀਨ ਵਾਸਤੇ। ਸਾਰੇ ਪਰਉਪਕਾਰ ਵਾਸਤੇ ਕੀਤੇ ਨੇ, ਜ਼ੁਲਮ ਦੇ ਖਿਲਾਫ ਕੀਤੇ ਨੇ। ਗੁਰਮਤਿ ਦੇ ਸਿਧਾਂਤ ਨੂੰ ਸਮਝੀਏ ਇਕ ਸੈਕਿੰਟ ਵਿਚ ਭਈ ਨਾਨਕ ਸਾਹਿਬ ਨੂੰ ਜਨੇਊ ਪਾਉਣਾ ਸੀ ਤੇ ਮਹਿਤਾ ਕਾਲੂ ਚੰਦ ਨੇ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ। ਬੜਾ ਰਾਸ਼ਨ ਜਮ੍ਹਾਂ ਕੀਤਾ, ਪ੍ਰਬੰਧ ਬੜਾ ਕੀਤਾ, ਪ੍ਰਾਹੁਣੇ ਬੜੇ ਸੱਦੇ, ਸਾਰਿਆਂ ਨੂੰ ਸਾਂਭਣ ਸੰਭੇਲਣ ਦਾ ਇੰਤਜ਼ਾਮ ਕੀਤਾ। ਬੜੇ-ਬੜੇ ਮਹਾਤਮਾ ਆਏ, ਬੜੇ-ਬੜੇ ਇਲਾਕੇ ਦੇ ਚੌਧਰੀ ਆਏ, ਗਰੀਬ-ਨਿਵਾਜ਼ ਗੁਰੂ ਨਾਨਕ ਸਾਹਿਬ ਦੀ ਮਾਸੀ ਵੀ ਆਈ। ਆਪਣੀਆਂ-ਆਪਣੀਆਂ ਭੇਟਾਂ ਲੈ ਕੇ ਆਏ ਸਨ ਕਿ ਜਦੋਂ ਜਨੇਊ ਪਵੇਗਾ ਮੈਂ ਇੰਨੀ ਭੇਟਾ ਦੇਣੀ ਹੈ, ਮੈਂ ਇਹ ਵਸਤੂ ਦੇਣੀ ਹੈ, ਮੈਂ ਇਹ ਚੀਜ਼ ਅੱਗੇ ਰੱਖਣੀ ਹੈ। ਤੱਤੇ ਖਬਰ ਮੰਤਰ ਪੜ੍ਹੇ ਗਏ, ਆਹੂਤੀਆਂ ਪੈ ਗਈਆਂ, ਪੰਡਤ ਨੇ ਸ਼ਗਨ ਸਾਰੇ ਕਰ ਲਏ। ਜਿਸ ਵੇਲੇ ਜਨੇਊ ਉਤਾਂਹ ਚੁੱਕਿਆ ਤੇ ਸਰਕਾਰ ਨੇ ਸਿਰ ਫੇਰ ਕੇ ਲਾਂਭੇ ਕਰ ਲਿਆ ਕਿ ਮੈਂ ਜਨੇਊ ਨਹੀਂ ਪਾਉਣਾ। ਜਿੰਨੇ ਚਾਅ-ਮਲਾਰ ਸਨ ਮਾਤਾ ਤ੍ਰਿਪਤਾ ਦੇ, ਨਿਰਾਸਤਾ ਹੋ ਗਈ, ਮਹਿਤਾ ਕਾਲੂ ਚੰਦ ਨਿਰਾਸਾ ਹੋ ਗਿਆ, ਚਾਚਾ ਲਾਲੂ ਨਿਰਾਸ ਹੋ ਗਿਆ, ਭੈਣ ਨਾਨਕੀ ਨਿਰਾਸਤਾ ਵਿਚ ਆ ਗਈ ਕੀ ਕੀਤਾ ਵੀਰ ਨੇ ? ਬੜਾ ਸਮਝਾਇਆ ਗਿਆ, ਪਰ ਸਾਹਿਬਾਂ ਨੇ ਆਖਿਆ ਮੈਂ ਝੂਠਾ ਜਨੇਊ ਪਾਉਣਾ ਈ ਨਹੀਂ। ਜਿਸ ਜਨੇਊ ਨੇ ਇਥੇ ਹੀ ਰਹਿ ਜਾਣਾ ਹੈ, ਮੈਂ ਉਹ ਨਹੀਂ ਪਾਉਣਾ। ਬਾਬੇ ਨਾਨਕ ਨੇ ਇਕ

Sri Satguru Jagjit Singh Ji Elibrary NamdhariElibrary@gmail.com

ਨਮਾਜ਼ ਪੈਦਾ ਕੀਤੀ ਹੈ, ਉਸ ਨੂੰ ਕੋਈ ਵੀ ਪੜ੍ਹ ਸਕਦਾ ਹੈ। ਇਸਲਾਮ ਦੀ ਨਮਾਜ਼ ਨੂੰ ਤਾਂ ਹਦਾਇਤ-ਉਲਾ ਤੋਂ ਸਿਵਾ ਹੋਰ ਕੋਈ ਪੜ੍ਹ ਨਹੀਂ ਸਕਦਾ। ਪਰ ਬਾਬੇ ਨਾਨਕ ਦੀ ਨਮਾਜ਼ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਬਾਬੇ ਨਾਨਕ ਨੇ ਜਿਹੜਾ ਜਨੇਊ ਬਣਾਇਆ, ਉਹਨੂੰ ਪਾਉਣ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ, ਮਨੂ ਸ਼ਾਸਤਰ ਇਹ ਗੱਲ ਕਹਿੰਦਾ ਹੈ ਕਿ ਜਿਹੜਾ ਵਾਇਸ਼ ਹੈ ਨਾ ਵਾਇਸ, ਇਸ ਦਾ ਜਨੇਊ ਸੱਨ ਦੀ ਰੱਸੀ ਦਾ ਹੋਣਾ ਚਾਹੀਦਾ ਹੈ, ਤੇ ਜਿਹੜਾ ਛੱਤਰੀ ਹੈ ਉਸ ਦਾ ਮੁੰਜਲਾ ਜਨੇਊ ਹੋਣਾ ਚਾਹੀਦਾ ਹੈ, ਜਿਸ ਵੇਲੇ ਬ੍ਰਾਹਮਣ ਦਾ ਜਿਕਰ ਆਇਆ ਤੇ ਕਹਿੰਦਾ ਉਸ ਦਾ ਸੂਤ ਦਾ ਜਨੇਊ ਹੋਣਾ ਚਾਹੀਦਾ ਹੈ ਮੌਲਾਏ। ਮਨੂ ਭਗਵਾਨ ਕਹਿੰਦਾ ਹੈ ਕਛੱਤਰੀ ਦਾ ਕੰਮ ਹੈ ਜਾਂ ਮਰ ਜਾਂ ਮਾਰ ਦੇਹ। ਵਾਇਸ਼ ਖੇਤੀਬਾੜੀ ਕਰੇ, ਦੁਕਾਨਦਾਰੀ ਕਰੇ, ਕਮਾਵੇ ਤੇ ਖੁਦ ਖਾਵੇ। ਵਾਇਸ਼ ਨੂੰ ਪਾਲੇ, ਸ਼ੂਦਰ ਨੂੰ ਪਾਲੇ, ਕਛੱਤਰੀ ਨੂੰ ਵੀ ਪਾਲੇ। ਸ਼ੂਦਰ ਦਾ ਕੀ ਕੰਮ ਹੈ ? ਮਨੂ ਕਹਿੰਦਾ ਹੈ ਉਹਦਾ ਕੰਮ ਹੈ ਲੋਕਾਂ ਦਾ ਮਰਨ ਉਤੋਂ ਸਿਰ ਤੇ ਚੁਕਣਾ ਤੇ ਬਾਹਰ ਸੁੱਟ ਆਉਣਾ, ਤੇ ਉਹਨਾਂ ਲੋਕਾਂ ਪੁਛਿਆ, ਬ੍ਰਾਹਮਣਾਂ ਤੂੰ ? ਕਹਿੰਦਾ ਖਾਵਾਂਗੇ ਖੀਰ ਤੇ ਗੱਲਾਂ ਕਰਾਂਗੇ ਰੱਬ ਨਾਲ, ਮੈਥੋਂ ਬਿਨਾਂ ਰੱਬ ਹੋਰ ਕਿਸੇ ਦੀ ਗੱਲ ਸਮਝਦਾ ਈ ਨਹੀਂ। ਆਪ ਵੇਹਲੜ ਬਣ ਗਿਆ, ਤੇ ਲੋਕਾਂ ਨੂੰ ਉਲਝਾ ਦਿੱਤਾ। ਬਾਬੇ ਨਾਨਕ ਨੇ ਨਮਾਜ਼ ਪੜ੍ਹੀ:

*"ਪਹਿਲਾ ਸਚੁ ਹਲਾਲ ਦੁਇ*
*ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ*
*ਪੰਜਵੀ ਸਿਫਤਿ ਸਨਾਇ॥"* *(ਪੰਨਾ ੧੪੧)*

ਕਿਹੜਾ, ਜਿਹੜਾ ਆਖੇ ਮੈਂ ਹਲਾਲ ਦਾ ਖਾਣਾ ਨਹੀਂ ਖਾਣਾ, ਬਾਬੇ ਨੇ ਜਨੇਊ ਬਣਾਇਆ,

*"ਦਇਆ ਕਪਾਹ ਸੰਤੋਖੁ ਸੂਤੁ*
*ਜਤੁ ਗੰਢੀ ਸਤੁ ਵਟੁ॥"*

ਕਿਹੜਾ ਕਹੇ ਮੈਂ ਜਤੀ, ਸਤੀ ਨਹੀਂ ਰਹਿਣਾ। ਕਿਹੜਾ ਕਹੇ ਮੈਂ ਦਇਆ ਨਹੀਂ ਪਾਲਣੀ। ਐਸਾ ਜਨੇਊ ਬਣਾਇਆ, ਐਸੀ ਨਮਾਜ਼ ਬਣਾਈ, ਉਹਦੇ ਪੜ੍ਹਿਆਂ ਬਿਨਾਂ ਤੇ ਉਸ ਜਨੇਊ ਪਾਏ ਬਿਨਾਂ ਛੁਟਕਾਰਾ ਹੋ ਨਹੀਂ ਸਕਦਾ। ਬਾਬਾ ਤੇ ਧਾਗੇ ਦੇ ਜਨੇਊ ਤੋਂ ਇਨਕਾਰ ਕਰਦਾ ਹੈ ਤੇ ਤੇਗ ਬਹਾਦਰ ਸਾਹਿਬ ਕਰਨ ਕਾਰਨ ਕਾਦਰ ਉਸੇ ਜਨੇਊ ਦੀ ਰੱਖਿਆ ਵਾਸਤੇ ਆਪਣੀ ਕੁਰਬਾਨੀ ਦਿੰਦੇ ਨੇ। ਆਖਿਰ ਭੇਦ ਕੀ ਹੈ ? ਆਪ ਪਾਤਸ਼ਾਹ ਤੇ ਜਨੇਊ ਪਾਉਂਦੇ ਈ ਨਹੀਂ, ਨਾ ਪਾਤਸ਼ਾਹ ਉਸ ਜਨੇਊ ਦੀ ਰੱਖਿਆ ਵਾਸਤੇ ਬਲੀਦਾਨ ਦਿੰਦਾ ਹੈ। ਅਸਲ ਵਿਚ ਗੱਲ ਇਹ ਹੈ ਕਿ ਬ੍ਰਾਹਮਣ ਜ਼ੋਰ ਨਾਲ, ਧੱਕੇ ਨਾਲ, ਰੋਅਬ ਨਾਲ ਜਨੇਊ ਪਾਉਂਦਾ ਸੀ, ਤੇ ਨਾਨਕ ਸਾਹਿਬ ਆਖਿਆ, ਜ਼ੁਲਮ ਨਹੀਂ ਹੋਣ ਦੇਣਾ। ਔਰੰਗਜ਼ੇਬ ਜ਼ੁਲਮ ਕਰਕੇ ਜਨੇਊ ਲਾਹੁੰਦਾ ਸੀ, ਤੇ ਤੇਗ

ਬਹਾਦਰ ਨੇ ਆਖਿਆ, ਜ਼ੁਲਮ ਨਹੀਂ ਹੋਣ ਦੇਣਾ। ਸਿੰਘਾਂ ਦੀਆਂ ਲੜਾਈਆਂ ਜ਼ੁਲਮ ਵਾਸਤੇ ਹੋਈਆਂ ਨੇ, ਜ਼ਰ, ਜੋਰੂ ਜਾਂ ਜ਼ਮੀਨ ਵਾਸਤੇ ਨਹੀਂ ਹੋਈਆਂ। ਲੇਕਿਨ ਸਾਹਿਬ ਕਹਿੰਦੇ ਨੇ ਆਹ ਜਿਹੜੀ ਲੜਾਈ ਹੋਈ ਨਾ:

*"ਧਨ ਅਰੁ ਭੂਮਿ ਪੁਰਾਤਨ ਬੈਰਾ।।*
*ਜਿਨ ਕਾ ਮੁਆ ਕਰਤ ਜਗ ਘੇਰਾ।।"*

ਇਕ ਹਜ਼ੂਰ ਨੇ ਬਚਨ ਕਿਹਾ ਹੈ। ਦੁਨੀਆਂ ਦਾ ਕੋਈ ਮਾਈ ਕਾ ਲਾਲ ਉਸ ਨੂੰ ਝੁਠਲਾਅ ਨਹੀਂ ਸਕਦਾ:

*ਧੰਨਿ ਧੰਨਿ ਧਨ ਕੋ ਭਾਖੀਐ ਜਾ ਕਾ ਜਗਤੁ ਗੁਲਾਮ।।*
*ਸਭ ਨਿਰਖਤ ਯਾ ਕੋ ਫਿਰੈ ਸਭ ਚਲ ਕਰਤ ਸਲਾਮ।।*

ਇਸ ਮਾਇਆ ਨੂੰ ਧੰਨ ਧੰਨ ਆਖੋ ਭਰਾਵਾ, ਜਿਸ ਦਾ ਸਾਰਾ ਹੀ ਜਗਤ ਬੁਲਾਰਾ ਹੈ। ਜਿਸ ਨੂੰ ਸਾਰੇ ਹੀ ਲੱਭਦੇ ਫਿਰਦੇ ਨੇ, ਜਿਸ ਦੇ ਕੋਲ ਕੌਡੀਆਂ ਚਾਰ ਨੇ, ਸਾਰੇ ਹੀ ਉਸ ਨੂੰ ਸਲਾਮ ਕਰਦੇ ਨੇ, ਸ਼ਰਾਬ ਪੀਂਦਾ ਹੋਵੇ, ਜੂਆ ਖੇਡਦਾ ਹੋਵੇ, ਵੇਸਵਾ ਦੇ ਘਰ ਜਾਂਦਾ ਹੋਵੇ, ਝੂਠ ਬੋਲਦਾ ਹੋਵੇ, ਹਰ ਕਿਸਮ ਦੀ ਬੇਈਮਾਨੀ ਕਰਦਾ ਹੋਵੇ, ਫੇਰ ਵੀ ਉਹਨੂੰ ਦੇਵਤਾ ਹੀ ਆਖਦੇ ਨੇ। ਉਹ ਮਾਇਆ ਉਸ ਨੂੰ ਮੱਥਾ ਟਿਕਾਉਂਦੀ ਹੈ, ਮਾਇਆ ਉਸ ਦੀ ਪੂਜਾ ਕਰਵਾਉਂਦੀ ਹੈ। ਦਸ ਲੱਖ ਰੁਪਏ ਦੀ ਬਲੈਕ-ਮਾਰਕੀਟ ਕਰਕੇ ਵੀਹ ਹਜ਼ਾਰ ਰੁਪਏ ਦਾ ਮੰਦਰ ਬਣਾ ਲਿਆ ਨਾ ਚੌਰਾਹੇ ਵਿਚ। ਮਾਇਆਧਾਰੀ ਉਹ ਦਸ ਲੱਖ ਰੁਪਇਆ ਗਾਇਬ ਤੇ ਵੀਹ ਹਜ਼ਾਰ ਰੁਪਏ ਦੇ ਪਰਦੇ ਹੇਠਾਂ ਢੱਕਿਆ ਗਿਆ ਦਸ ਲੱਖ ! ਤੇ ਅਗਲੇ ਦਿਨ ਮਿਊਂਸੀਪਲਟੀ ਵਾਲਿਆਂ ਨੇ ਜਲਸਾ ਕੀਤਾ ਕਿ ਸੇਠ ਜੀ ਬੜੇ ਦਾਨੀ ਨੇ, ਲਾਲਾ ਜੀ ਮਹਾਰਾਜ ਬੜੇ ਪਰਉਪਕਾਰੀ ਨੇ, ਚੌਰਾਹੇ ਵਿਚ ਮੰਦਰ ਬਣਾ ਦਿੱਤਾ ਚੌਰਾਹੇ ਵਿਚ। ਇਹ ਨਹੀਂ ਵੇਖਿਆ ਕਿ ਐਕਸੀਡੈਂਟ ਕਿੰਨੇ ਕਰਨੇ ਨੇ ਮੰਦਰ ਨੇ। ਮੇਰੇ ਦੇਸ਼ ਵਿਚ ਲੋਕਾਂ ਨੇ ਗਾਈਆਂ ਬੜੀਆਂ ਛੱਡੀਆਂ ਹੋਈਆਂ ਨੇ, ਪੁੰਨ ਕੀਤਾ ਹੋਇਆ ਹੈ, ਉਹਨਾਂ ਨਾਲ ਪੰਜ ਸੱਤ ਬੰਦੇ ਰੋਜ਼ ਹਰ ਇਕ ਸ਼ਹਿਰ ਵਿਚ ਮਾਰੀ ਜਾਂਦੇ ਨੇ, ਉਹ ਹੱਟਦੀਆਂ ਨਹੀਂ, ਟਰੱਕ ਵਾਲੇ ਖਲ੍ਹਾਰਦੇ ਨਹੀਂ, ਬੰਦੇ ਹੇਠਾਂ ਆ ਜਾਂਦੇ। ਉਹ ਦਾਨ ਲੈ ਕੇ ਪਹਿਲੇ ਜਾਂਦਾ ਹੈ, ਪਰ ਉਹ ਮਾਇਆਧਾਰੀ ਦਾ ਦਾਨ ਹੈ, ਉਹ ਰੋਕ ਨਹੀਂ ਸਕਦਾ। ਉਹ ਗਾਈਆਂ ਵੀ ਬੜੀਆਂ ਸਿਆਣੀਆਂ ਨੇ, ਉਹ ਸਾਰਾ ਦਿਨ ਸੂੜਾ-ਸਾੜਾ ਖਾਂਦੀਆਂ ਰਹਿੰਦੀਆਂ ਨੇ ਤੇ ਰਾਤ ਨੂੰ ਦੁੱਧ ਦੇਣ ਵਾਲੇ ਸੇਠ ਦੇ ਘਰ ਜਾਂਦੀਆਂ ਨੇ। ਮਰਜਾਨੀਆਂ ਨੂੰ ਕੋਈ ਹੱਥ ਲਾਵੇ, ਛੱੜਾਂ ਬੜੀਆਂ ਮਾਰਦੀਆਂ ਨੇ। ਇਹ ਮਾਇਆ ਦਾ ਪ੍ਰਤਾਪ ਹੈ, ਇਸ ਨੂੰ ਸਲਾਮ ਕਰੋ ਭਰਾਵੋ ! ਹਜ਼ੂਰ ਕਹਿੰਦੇ ਨੇ, ਮੈਦਾਨੇ ਜੰਗ ਵਿਚ ਬੰਕੇ, ਸੋਹਣੇ, ਜੋਸ਼ੀਲੇ ਸੂਰਮੇ ਬਕਵਾਸ ਬਕਣ ਲੱਗ ਪਏ, ਗਾਲ੍ਹਾਂ ਦੇਣ ਲੱਗ ਪਏ, ਲੱਵ ਦੇ ਖਾਨਦਾਨ ਨੂੰ, ਕਸ਼ੂ ਦੇ ਖਾਨਦਾਨ ਨੂੰ। ਇੰਨਾ ਜੰਗ ਹੋਇਆ ਕਿ ਸ਼ਿਵਜੀ ਆ ਗਿਆ,

ਬਈ ਲੜਾਈ ਹੋਣ ਲੱਗੀ ਹੈ, ਕਿੰਨੇ ਸਿਰ ਵੱਢੇ ਜਾਣੇ ਨੇ, ਜਿੰਨੀ ਮਰਜ਼ੀ ਲੰਬੀ ਮਾਲਾ ਬਣਾ ਲਵਾਂਗੇ। ਜੋਗਣੀਆਂ ਖੱਪਰ ਲੈ ਕੇ ਆ ਗਈਆਂ ਕਿ ਅੱਜ ਲੜਾਈ ਹੋਣੀ ਹੈ, ਲੱਵ ਕੁਸ਼ ਦੇ ਖਾਨਦਾਨ ਦਾ ਰੱਜ-ਰੱਜ ਕੇ ਖ਼ੂਨ ਪੀਵਾਂਗੇ:

(੧)............ *"ਕਹੂੰ ਖੱਪਰੀ ਖੋਲ ਖੰਡੇ ਅਪਾਰੰ॥*
*ਨਚੇ ਬੀਰ ਬੈਤਾਲ ਡਉਰੂ ਡਕਾਰੰ॥*
*ਕਹੂੰ ਈਸ ਸੀਸੰ ਪੁਐ ਰੁੰਡ ਮਾਲੰ॥*
*ਕਹੂੰ ਡਾਕ ਡਉਰੂ ਕਹੂੰ ਕੇ ਬਿਤਾਲੰ॥*
*ਚਵੀ ਚਾਵਡੀਅੰ ਕਿਲੰਕਾਰ ਕੰਕੰ॥ ੨॥"*

(੨)........... *"ਗੁਥੀ ਲੁਥ ਜੁਥੰ*
*ਬਹੇ ਬੀਰ ਬੰਕੰ॥ ੩॥*
*ਪਰੀ ਕੁੱਟ ਕੁੱਟੰ*
*ਰੁਲੇ ਤੱਛ ਮੁੱਛੰ॥*
*ਰਹੇ ਹਾਥ ਡਾਰੇ*
*ਉਭੇ ਉਰਧ ਮੁੱਛੰ॥"*

(੩)............ *"ਕਹੂੰ ਖਤਰੀਯੰ ਖੱਗ ਖੇਤੰ ਨਿਖੰਗੰ॥ ੪॥*
*ਕਹੂੰ ਬੀਰ ਬੈਤਾਲ ਬੰਕੇ ਬਿਹਾਰੰ॥*
*"ਕਹੂੰ ਭੂਤ ਪ੍ਰੇਤੰ*
*ਹਸੈ ਮਾਸਾਹਾਰੰ॥ ੫॥"*

(੪)........... *"ਸਰੋਖ ਸੂਰ ਸਾਜਿਅੰ॥*
*ਬਿਸਾਰਿ ਸੰਕ ਬਾਜਿਅੰ॥*
*ਨਿਸੰਕ ਸਸਤ੍ਰ ਮਾਰ ਹੀਂ॥*
*ਉਤਾਰ ਅੰਗ ਡਾਰ ਹੀਂ॥ ੧੦॥*
*ਕਛੂ ਨ ਕਾਨ ਰਾਖ ਹੀਂ॥"*

(੫)........... *"ਕਹੂੰ ਕਿ ਅੰਗ ਕਟੀਅੰ॥*
*ਕਹੂੰ ਸੁਰੋਹ ਪੱਟੀਅੰ॥*
*ਕਹੂੰ ਸੁ ਮਾਸ ਮੁੱਛੀਅੰ॥*
*ਗਿਰੇ ਸੁ ਤੱਛ ਮੁੱਛੀਅੰ॥ ੧੩॥"*

*(੬)_____ "ਢਮੱਕ ਢੋਲ ਢਾਲਅੰ॥*
*ਹਰੋਲ ਹਾਲ ਚਾਲਯੰ॥*
*ਝਟਾਕ ਝੱਟ ਬਾਹੀਅੰ॥*
*ਸੁ ਬੀਰ ਸੈਨ ਗਾਹੀਅੰ॥ ੧੪॥"*

*(੭)_____ "ਹਲੱਬੀ ਜੁਨੱਬੀ ਸਰੋਹੀ ਦੁਧਾਰੀ॥*
*ਬਹੀ ਕੋਪ ਕਾਤੀ ਕ੍ਰਿਪਾਣੰ ਕਟਾਰੀ॥*
*ਕਹੂੰ ਸੈਹਥੀਐ ਕਹੂੰ ਸੁਧ ਸੇਲੰ॥*
*ਮਚਾ ਘੋਰ ਸੰਗ੍ਰਾਮਾ ਇਹ ਬਿਧ ਮਚਾ ਘੋਰ ਸੰਗ੍ਰਾਮਾ॥"*

ਮਾਨ ਸਿੰਘ ਝੌਰ ਜੀ ਦੱਸਦੇ ਨੇ ਇਹ ਜਿਹੜੀ ਬਾਣੀ ਸੀ ਨਾ ਸਤਿਗੁਰਾਂ ਦੀ ਉਹਨੂੰ ਛੱਡ ਬੈਠੇ ਹਾਂ, ਤੇ ਮਨਮਤਿ ਨੂੰ ਅਸਾਂ ਜੱਫੇ ਪਾ ਲਏ ਨੇ ਜੱਫੇ। ਮੈਂ ਹੁਣ ਵੇਖਦਾ ਹਾਂ ਦਿੱਲੀ ਵਿਚ ਭਈ ਜਿਸ ਦਿਨ ਕਾਕੇ ਨੇ ਵਿਆਹੁਣ ਜਾਣਾ ਹੁੰਦਾ ਹੈ ਨਾ ਵਿਆਹੁਣ ਤੇ ਜਿਹੜਾ ਆਪਣੀ ਜੇਬ ਵਿਚ ਤਿੰਨ ਇੰਚ ਚਾਕੂ ਨਹੀਂ ਨਾ ਰੱਖਦਾ ਕਿ ਲੋੜ ਨਾ ਪੈ ਜਾਵੇ ਤੇ ਖਸਮਾਂ ਨੂੰ ਖਾਣੇ ਵਿਆਹ ਵਾਲੇ ਦਿਨ ਉਸ ਨੂੰ ਤਲਵਾਰ ਫੜਾ ਦਿੰਦੇ ਨੇ। ਫੇਰ ਇਕ ਜਣਾ ਅੱਗੋਂ ਰਾਸਾਂ ਫੜਦਾ ਹੈ ਘੋੜੀ ਦੀਆਂ, ਇਕ ਜਣਾ ਰਕਾਬ ਤੇ ਪੈਰ ਦਿੰਦਾ ਹੈ, ਇਕ ਜਣਾ ਕਾਕੇ ਨੂੰ ਚੁੱਕਦਾ ਹੈ ਭਈ ਘੋੜੀ ਤੇ ਚੜ੍ਹ ਜਾਏ। ਸਿੰਘਾਂ ਦਾ ਮੁੰਡਾ ਹੈ ਤੇ ਇਕ ਨਵਾਂ ਹੀ ਇਨ੍ਹਾਂ ਨੇ ਸ਼ਗਨ ਬਣਾ ਲਿਆ ਹੈ ਸਿੰਘਾਂ ਨੇ। ਮਾਇਆ ਨੇ ਐਸਾ ਪੱਟੂ ਪਾਇਆ ਕਿ ਕੁੜੀ ਇਸ ਕਾਕੇ ਨੂੰ ਵਿਜੈ ਮਾਲਾ ਪਾਵੇਗੀ, ਵਿਜੈ ਮਾਲਾ। ਵਿਜੈ ਦਾ ਅਰਥ ਹੁੰਦਾ ਹੈ ਫਤਹਿ, ਅਰਥਾਤ ਫਤਹਿ ਦੀ ਮਾਲਾ ਪਾਵੇਗੀ। ਸਾਹਿਬ ਸੱਚਾ ਪਾਤਿਸ਼ਾਹ ਜ਼ਿਕਰ ਕਰ ਰਹੇ ਨੇ ਧਰਮ ਦਾ, ਰੱਸ ਹੈ ਬੀਰ, ਅੱਖਰ ਬੜੇ ਅਜੀਬੋ-ਗਰੀਬ ਨੇ। ਅਸੀਂ ਹੁਣ ਇਸ ਪਾਸਿਓਂ ਹੱਟ ਗਏ ਹਾਂ, ਕਿਉਂਕਿ ਸਿੱਧੀ ਸਾਧੀ ਜਿਹੀ ਗੱਲ ਬਣ ਗਈ ਹੈ ਕਿ ਪਹਿਲਾਂ ਕੰਮ ਬੜਾ ਔਖਾ ਸੀ, ਪ੍ਰਚਾਰ ਬੜਾ ਔਖਾ ਸੀ, ਮਾਲ ਖਾਣ ਵਾਲੇ ਹੋਰ ਤੇ ਫਾਇਦਾ ਉਠਾਉਣ ਵਾਲੇ ਹੋਰ। ਜਿਨ੍ਹਾਂ ਨੇ ਘਾਲਣਾ ਘਾਲੀ ਸੀ, ਉਹ ਅਲੋਪ ਹੋ ਗਏ, ਗਰੀਬੀ ਦੇ ਆਲਮ ਵਿਚ ਅਲੋਪ ਹੋ ਗਏ। ਅੰਤ ਵੇਲਾ ਉਹਨਾਂ ਦਾ ਬੜਾ ਖਤਰਨਾਕ ਹੋਇਆ। ਸਾਹਿਬ ਗੁਰੂ ਗਰੀਬ-ਨਿਵਾਜ਼ ਸਾਨੂੰ ਬੀਰ-ਰੱਸ ਵੀ ਦੇ ਰਹੇ ਨੇ, ਮੈਦਾਨੇ-ਜੰਗ ਵੀ ਦੇ ਰਹੇ ਨੇ, ਧਰਮ ਵਾਸਤੇ ਲੜਨ ਦੀ ਜਾਚ ਧਾਰਮਕ ਬਾਣੀ ਵਿਚ ਸਿਖਾ ਰਹੇ ਨੇ। ਜਿਸ ਵੇਲੇ ਭਿਆਨਕ ਜੰਗ ਮੱਚਿਆ ਤੇ ਬਚਿੱਤਰ ਨਾਟਕ ਖਿਆਲ ਜ਼ਾਹਿਰ ਕਰਦਾ ਹੈ ਕਿ ਐਸ ਵਾਰੀ ਲਾਹੌਰੀਏ ਜਿੱਤ ਗਏ ਤੇ ਕਸੂਰ ਵਾਲੇ ਹਾਰ ਗਏ। ਪਹਿਲਾਂ ਜਦੋਂ ਲਾਹੌਰੀਏ ਹਾਰ ਕੇ ਅਮਰਕੋਟ ਵੱਲ ਗਏ, ਅਮਰਕੋਟ ਦੇ ਰਾਜੇ ਦੀ ਕੁੜੀ ਨਾਲ ਵਿਆਹ ਕੀਤਾ, ਉਸ ਲੜਕੀ ਵਿਚੋਂ ਤਿੰਨ ਪੁੱਤਰ ਜੰਮੇ। ਉਸ ਪਹਿਲੇ ਪੁੱਤਰ ਦਾ ਨਾਂ ਸੀ ਸੋਢੀ ਰਾਇ, ਜਿਸ ਤੋਂ ਸੋਢੀਆਂ ਦਾ ਬੰਸ ਚਲਿਆ ਤੇ ਸੋਢੀ ਰਾਇ ਦੀ ਔਲਾਦ ਅੱਗੋਂ ਤਿੰਨੀਂ ਥਾਈਂ ਵੰਡੀ ਗਈ। ਇਕ ਸੂਦ, ਸੋਢੇ, ਛੜਰੀ, ਇਕ ਸੋਢੇ

ਨੀਰੇ, ਇਕ ਸੋਢੇ ਸੁਲਤਾਨ, ਤਿੰਨ ਸ਼ਾਖਾਂ ਹੋ ਗਈਆਂ ਸੋਢੀਆਂ ਦੀਆਂ। ਜਿਨ੍ਹਾਂ ਸੋਢੀਆਂ ਨੇ ਨੀਵੀਂ ਜਾਤ ਦੀਆਂ ਕੁੜੀਆਂ ਨਾਲ ਸ਼ਾਦੀਆਂ ਕਰ ਲਈਆਂ ਉਹਨਾਂ ਦੀ ਸੰਤਾਨ ਦਾ ਨਾਂ ਪਿਆ ਸੋਢੇ ਸੁਲਤਾਨ, ਜਿਹੜੇ ਲੋਕ ਚੋਰੀ ਧਾੜਾਂ ਮਾਰ ਕੇ ਗੁਜ਼ਾਰਾ ਕਰਨ ਲੱਗ ਪਏ, ਉਹਨਾਂ ਦੀ ਸੰਤਾਨ ਦਾ ਨਾਂ ਪਿਆ ਸੋਢੇ ਨੀਰੇ, ਤੇ ਜਿਹੜੇ ਕਰਮ, ਧਰਮ ਵਿਚ ਪੂਰੇ ਰਹੇ ਤੇ ਉਹਨਾਂ ਦਾ ਨਾਂ ਪਿਆ ਸੂਦ, ਸੋਢੇ, ਛੱਤਰੀ। ਉਹ ਜਿਹੜੇ ਸੂਦ, ਸੋਢੇ, ਛੱਤਰੀ ਸਨ ਨਾ ਉਹਨਾਂ ਨੇ ਸਿੰਧ, ਕੱਛ, ਗੁਜਰਾਤ, ਤਾਲਾਵਾੜ, ਇਹਨਾਂ ਇਲਾਕਿਆਂ ਵਿਚੋਂ ਉਸ ਦੇਸ਼ ਦਾ ਇਕ ਭਗਤ ਨਿਕਲਿਆ, ਉਸ ਸੋਢੀ ਨੇ ਬੜਾ ਪਰਉਪਕਾਰ ਕੀਤਾ, ਉਸ ਸੋਢੀ ਨੇ ਜ਼ੁਲਮ ਦੇ ਬਰਖਿਲਾਫ ਬੜੀਆਂ ਲੜਾਈਆਂ ਲੜੀਆਂ, ਉਸ ਸੋਢੀ ਨੇ ਕਈ ਪਾਪੀ ਹਥਿਆਰੇ ਸਦਾ ਦੀ ਨੀਂਦੇ ਸੁਲਾਅ ਦਿੱਤੇ, ਉਸ ਦੀ ਤਲਵਾਰ ਦੀ ਧਾਂਕ ਪੈ ਗਈ। ਸਿੰਧ, ਕੱਛ, ਕਾਠੀਆਵਾੜ, ਗੁਜਰਾਤ ਦੇ ਇਲਾਕਿਆਂ ਨੇ ਇਕੱਠੇ ਹੋ ਕੇ ਉਸ ਸੋਢੀ ਰਾਇ ਨੂੰ ਇਕ ਦਰਜਾ ਬਖਸ਼ਿਆ, ਪਬਲਿਕ ਵਲੋਂ ਉਹ ਦਰਜਾ ਸੀ ਭਗਤ ਵਛਲ। ਉਸ ਦਾ ਨਾਂ ਪੈ ਗਿਆ ਭਗਤ ਵਛਲ। ਜਿਸ ਵੇਲੇ ਉਸ ਨੇ ਹੋਰ ਪਰਉਪਕਾਰ ਕੀਤੇ, ਹੋਰ ਉਹਨੇ ਧਰਮ ਦੀ ਕਿਰਤ ਕੀਤੀ, ਹੋਰ ਗਰੀਬਾਂ ਦੀ ਸਹਾਇਤਾ ਕੀਤੀ, ਹੋਰ ਜਾਨ ਜੋਖੋਂ ਵਿਚ ਪਾ ਲਈ, ਕਈ ਜ਼ੁਮੇਵਾਰੀਆਂ ਪਾ ਲਈਆਂ। ਉਹਨੂੰ ਦੂਜਾ ਦਰਜਾ ਦਿੱਤਾ ਉਸ ਇਲਾਕੇ ਦੀ ਜਨਤਾ ਨੇ, ਵਾਸਲਾ ਪ੍ਰਭੂ ! ਅੱਜ ਵੀ ਕਈਆਂ ਇਲਾਕਿਆਂ ਵਿਚ ਉਥੇ ਮਕਾਨ ਬਣਾਉਣ ਲਗਿਆਂ ਨੀਹਾਂ ਪੁੱਟਦੇ ਨੇ ਤੇ ਵਾਸਲਾ ਪ੍ਰਭੂ ਦੇ ਨਾਂ ਦੀਆਂ ਮੂਰਤਾਂ ਨਿਕਲਦੀਆਂ ਨੇ। ਜਿਸ ਵੇਲੇ ਉਸ ਨੂੰ "ਵਾਸਲਾ ਪ੍ਰਭੂ" ਦੇ ਨਾਂ ਦਾ ਖਿਤਾਬ ਮਿਲਿਆ, ਮੈਦਾਨ ਵਿਚੋਂ ਹੋਰ ਅਗੇਰੇ ਹੋ ਕੇ ਕੁੱਦਿਆ, ਨੇਕੀ ਦੇ ਮੈਦਾਨ ਵਿਚ ਹੋਰ ਉਸ ਨੇ ਅਗਾਂਹ ਹੋ ਕੇ ਹਿੱਸਾ ਪਾਇਆ ਤੇ ਤੀਸਰੀ ਵੇਰਾਂ ਉਸ ਇਲਾਕੇ ਦੀ ਜਨਤਾ ਨੇ ਉਸ ਨੂੰ ਪਦਵੀ ਦਿੱਤੀ 'ਦੁਸ਼ਟ ਦਮਨ' ! ਜਦੋਂ ਉਸ ਦੀ ਦੁਸ਼ਟ ਦਮਨ ਪਦਵੀ ਸੀ ਨਾ, ਉਦੋਂ ਉਸ ਦੇ ਘਰ ਇਕ ਲੜਕਾ ਵੀ ਜੰਮਿਆ ਹੋਇਆ ਸੀ, ਉਹਦਾ ਨਾਂ ਬਿਜੈ ਰਾਇ ਸੀ, ਉਹ ਬੜਾ ਸਿਆਣਾ ਹੋ ਗਿਆ ਹੋਇਆ ਸੀ। ਉਹ ਬਿਜੈ ਰਾਇ ਨੂੰ ਸਭ ਕੁਝ ਸੌਂਪ ਕੇ ਤਪੱਸਿਆ ਕਰਨ ਚਲਾ ਗਿਆ। ਤਪੱਸਿਆ ਦੇ ਅਸਥਾਨ ਬਾਰੇ ਸਿੱਖ ਇਤਿਹਾਸ ਨੇ ਬਿਆਨ ਕੀਤਾ ਹੈ ਕਿ ਹੇਮਕੁੰਟ ਤੋਂ ਦੱਖਣ ਦੇ ਪਾਸੇ ਵੱਲ ਇਕ ਤਲਾਬ ਹੈ, ਜਿਸ ਦਾ ਨਾਂ ਹੈ 'ਲੋਹ ਪਾਲ' ਜਾਂ 'ਲੋਕ ਪਾਲ' ਉਸ ਤਲਾਬ ਦਾ ਪਾਣੀ ਬੜਾ ਸੁੰਦਰ ਹੈ ਤੇ ਬੜਾ ਸਾਫ ਹੈ। ਉਸ ਤਲਾਬ ਤੋਂ ਚੜ੍ਹਦੇ ਪਾਸੇ ਵਲ ਇਕ ਗਾਰ ਜਿਹੀ ਹੈ, ਉਸ ਗਾਰ ਤੋਂ ਜ਼ਰਾ ਕੁ ਅਗਾਂਹ ਜਾਈਏ ਤਾਂ ਬੜੀ ਲੰਬੀ ਚੌੜੀ ਸਿਰਾ ਆਉਂਦੀ ਹੈ। ਉਸ ਸਿਰਾ ਦੇ ਚਾਰ-ਚੁਫੇਰੇ ਵੀ ਚਾਰਦੀਵਾਰੀ ਜਿਹੀ ਬਣੀ ਹੋਈ ਹੈ, ਉਤੋਂ ਉਹ ਛੱਤੀ ਹੋਈ ਹੈ, ਉਸ ਸਿਰਾ ਉਤੇ ਬੈਠ ਕੇ ਉਸ ਦੁਸ਼ਟ ਦਮਨ ਨੇ ਕਈ ਵਰ੍ਹੇ ਤੁਪੱਸਿਆ ਕੀਤੀ। ਉਸ ਦੀ ਤਪੱਸਿਆ ਬਾਰੇ ਜ਼ਿਕਰ ਆਉਂਦਾ ਹੈ ਕਿ ਇੰਦਰ ਰਾਜੇ ਨੂੰ ਸ਼ੰਕਾ ਹੋ ਗਿਆ, ਜੇ ਇਸ ਦਾ ਤੱਪ ਇਸੇ ਤਰ੍ਹਾਂ ਈ ਜਾਰੀ ਰਿਹਾ ਤੇ ਕਿਤੇ ਮੇਰੀ ਇੰਦਰ ਪੱਦਵੀ ਨਾ ਖੋਹ ਲਏ। ਡਰ ਪੈ ਗਿਆ ਇੰਦਰ ਨੂੰ ! ਇੰਦਰ ਰਾਜੇ ਨੇ ਬਸੰਤ ਰੁੱਤ ਨੂੰ

ਹੁਕਮ ਦਿੱਤਾ ਕਿ ਬਸੰਤ ਦੇ ਫੁੱਲ ਖਿੜ ਗਏ, ਕਾਮਦੇਵ ਨੂੰ ਹੁਕਮ ਦਿੱਤਾ ਉਹ ਅਪੱਛਰਾਂ ਨੂੰ ਨਾਲ ਲੈ ਕੇ, ਬੜੇ ਬੜੇ ਸੁੰਦਰ ਰੂਪ ਧਾਰਨ ਕਰਕੇ ਢੋਲ ਵਜਾਇਆ, ਘੁੰਗਰੂ ਬੱਧੇ, ਨ੍ਰਿਤਕਾਰੀਆਂ ਕੀਤੀਆਂ, ਬੜੇ ਨਾਚ ਨੱਚੇ, ਔਰ ਇਹ ਕਰਮ ਕਈ ਦਿਨ ਕਰਦੇ ਰਹੇ। ਤੇ ਕਈਆਂ ਦਿਨਾਂ ਦੇ ਬਾਅਦ ਦੁਸ਼ਟ ਦਮਨ ਨੇ ਨੇਤਰ ਖੋਲ੍ਹ ਕੇ ਕਿਹਾ, "ਪਿਆਰਿਉ ਜਾਉ ! ਆਪਣੇ ਰਾਜੇ ਨੂੰ ਕਹੋ ਬੇਫਿਕਰ ਰਹੇ, ਇੰਦਰ ਨੂੰ ਆਖੋ ਚਿੰਤਾ ਨਾ ਕਰੇ। ਮੈਂ ਤਿੰਨਾਂ ਲੋਕਾਂ ਦੇ ਪਦਾਰਥ ਕਾਂ ਦੇ ਵਿਸਟੇ ਸਮਝ ਕੇ ਤਿਆਗ ਕੇ ਆਇਆ ਹਾਂ। ਮੈਨੂੰ ਨਾ ਇੰਦਰਪੁਰੀ ਦੀ ਲੋੜ, ਮੈਨੂੰ ਨਾ ਸ਼ਿਵਪੁਰੀ ਦੀ ਲੋੜ, ਨਾ ਮੈਨੂੰ ਬ੍ਰਹਮਪੁਰੀ ਦੀ ਲੋੜ, ਮੈਂ ਅਕਾਲ ਦਾ ਪੁਜਾਰੀ ਹਾਂ, ਅਕਾਲ ਦਾ ਚਿੰਤਨ ਕਰ ਰਿਹਾ ਹਾਂ, ਉਸ ਦੇ ਨਾਲ ਮੇਰੀ ਸੁਰਤ ਜੁੜੀ ਹੋਈ ਹੈ, ਮੈਂ ਉਹਦੇ ਨਾਲ ਇਕ-ਮਿਕ ਹੋ ਗਿਆ ਹਾਂ। ਇੰਦਰ ਨੂੰ ਆਖੋ ਚਿੰਤਾ ਨਾ ਕਰੇ, ਕਾਮਦੇਵ ਹਾਰ ਕੇ, ਅਪੱਛਰਾਂ ਹਾਰ ਕੇ, ਬਸੰਤ ਰੁੱਤ ਹਾਰ ਕੇ ਚਲਿਆ। ਜਿਸ ਵੇਲੇ ਦੁਸ਼ਟ ਦਮਨ ਤਪੱਸਿਆ ਕਰਦਾ ਆਪਣੇ ਇਸ਼ਟ ਨਾਲ ਇਕ ਰੂਪ ਹੋ ਗਿਆ, ਤਾਂ ਬਚਿੱਤਰ ਨਾਟਕ ਵਿਚ ਜ਼ਿਕਰ ਆਇਆ ਹੈ ਕਿ ਇਕ ਰੂਪ ਹੋਏ-ਹੋਏ ਦੇ ਥੋੜੇ ਜਿਹੇ ਪਿਛੋਕੜ ਵੱਲ ਵੇਖੀਏ, ਥੋੜਾ ਜਿਹਾ ਧਿਆਨ ਮਾਰ ਕੇ ਵੇਖੀਏ ਤੇ ਪਤਾ ਚਲਦਾ ਹੈ:

*"ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ॥*
*ਜਬ ਪਹਿਲੇ ਹਮ ਸ੍ਰਿਸਟਿ ਬਨਾਈ॥*
*ਦਈਤ ਰਚੇ ਦੁਸਟ ਦੁਖ ਦਾਈ॥"*

ਅਕਾਲ ਪੁਰਖ ਨੇ ਮੇਰੇ ਕੰਨਾਂ ਵਿਚ ਇਹ ਗੱਲ ਪਾਈ ਕਿ ਐ ਦੁਸ਼ਟ ਦਮਨ ! ਜਦੋਂ ਮੈਂ ਸ੍ਰਿਸ਼ਟੀ ਬਣਾਈ, ਰਾਕਸ਼ਸ਼ ਮੈਂ ਸਾਜੇ, ਭਈ ਪ੍ਰਬੰਧ ਕਰਨਗੇ, ਪਰ ਉਹ ਬੜੇ ਦੁਸ਼ਟ ਨਿਕਲੇ, ਬੜੇ ਦੁਖਦਾਈ ਨਿਕਲੇ। ਉਹ ਰਾਕਸ਼ਸ਼ ਆਪਣੀਆਂ ਬਾਹਵਾਂ ਦੇ ਬਲ ਨਾਲ ਜਾ ਕੇ ਪਾਗਲ ਹੋ ਗਏ। ਜਿਸ ਵਾਹਿਗੁਰੂ ਨੇ ਉਹਨਾਂ ਨੂੰ ਸਾਜਿਆ ਸੀ, ਉਸ ਦੀ ਪੂਜਾ ਉਹਨਾਂ ਨੇ ਛੱਡ ਹੀ ਦਿੱਤੀ। ਐ ਦੁਸ਼ਟ ਦਮਨ ! ਜਿਸ ਵੇਲੇ ਮੈਂ ਤਮਕ ਪੂਰੀ ਦ੍ਰਿਸ਼ਟੀ ਦਾ ਪ੍ਰਗਟਾਵਾ ਕੀਤਾ, ਸਾਰੇ ਰਾਕਸ਼ਸ਼ ਮਾਰ ਕੇ ਮੈਂ ਰੱਖ ਦਿੱਤੇ। ਉਹਨਾਂ ਦੀ ਜਗ੍ਹਾ ਫਿਰ ਮੈਂ ਦੇਵਤਿਆਂ ਨੂੰ ਪ੍ਰਗਟ ਕੀਤਾ। ਉਹ ਵੀ ਪੂਜਾ ਦੇ ਬਲ ਵਿਚ ਰੁਝ ਗਏ, ਉਹ ਦੇਵਤੇ ਵੀ ਆਪਣੀ ਪੂਜਾ ਕਰਵਾਉਣ ਲੱਗ ਪਏ:

*"ਮਹਾਦੇਵ ਅਚੁਤ ਕਹਾਯੋ॥*
*ਬਿਸਨ ਆਪ ਹੀ ਕੋ ਠਹਰਾਯੋ॥*
*ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥*
*ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ॥ ੮॥"*

ਸ਼ਿਵਜੀ ਕਹਿੰਦਾ, ਮੈਂ ਆਚੁਤ ਹਾਂ ਅਰਥਾਤ ਜਿਸ ਨੂੰ ਕੋਈ ਦਬਾਅ ਨਾ ਸਕੇ, ਹਿਲਾ ਨਾ ਸਕੇ। ਵਿਸ਼ਨੂੰ ਕਹਿਣ ਲੱਗਾ, ਮੈਂ ਹੀ ਉਸ ਦਾ ਅਸਲੀ ਰੂਪ ਹਾਂ। ਬ੍ਰਹਮਾ ਕਹਿੰਦਾ ਮੈਂ ਹੀ ਬ੍ਰਹਮ ਹਾਂ। ਜਿਸ ਵੇਲੇ ਇਹ ਆਪਣੀ-ਆਪਣੀ ਪੂਜਾ ਵਿਚ ਰੁਝ ਗਏ, ਰੱਬ ਦੀ ਪੂਜਾ ਛੱਡ

Sri Satguru Jagjit Singh Ji Elibrary NamdhariElibrary@gmail.com

ਦਿੱਤੀ ਤੇ ਬਚਿੱਤਰ ਨਾਟਕ ਦੇ ਇਹ ਅਰਥ ਨੇ ਅੱਠ ਸਾਥੀ ਬਣਾਏ ਕਿ ਤੁਸੀਂ ਸਹਾਦਤ ਦਿਉ ਕਿ ਰੱਬ ਇਹ ਨਹੀਂ, ਬ੍ਰਹਮਾ, ਵਿਸ਼ਨੂੰ, ਮਹੇਸ਼ ਰੱਬ ਨਹੀਂ, ਇਹ ਪਰਮੇਸ਼ਰ ਨਹੀਂ, ਇਹ ਵਾਹਿਗੁਰੂ ਨਹੀਂ, ਵਾਹਿਗੁਰੂ ਤਾਂ ਕੋਈ ਹੋਰ ਹੈ। ਉਹਨੂੰ ਤਾਂ ਅਗਵਾਈ ਦੇਣ ਵਾਸਤੇ ਬਣਾਇਆ ਸੀ ਨਾ, ਉਹ ਦੁਹਾਈ ਦੇਣ ਲੱਗੇ, ਮੱਥਾ ਸਾਨੂੰ ਵੀ ਟੇਕੋ, ਗੁਰੂ ਗੋਬਿੰਦ ਸਿੰਘ ਪਿਛੋਂ ਵੇਖਿਆ ਜਾਊ ! ਪਹਿਲਾਂ ਆਉ ਸਾਨੂੰ ਚੜ੍ਹਾਵਾ ਚਾੜ੍ਹੋ, ਸਾਨੂੰ ਮੱਥਾ ਟੇਕੋ, ਗੁਰੂ ਗ੍ਰੰਥ ਸਾਹਿਬ ਦੀ ਫੇਰ ਸਾਰ ਲਈ ਜਾਏਗੀ:

*"ਤੇ ਕਹੈ ਕਰੋ ਹਮਾਰੀ ਪੂਜਾ॥*
*ਹਮ ਬਿਨ ਅਵਰ ਨ ਠਾਕੁਰੁ ਦੂਜਾ॥ ੬॥*
*"ਪੁਨਿ ਹਰਿ ਰਾਮਾਨੰਦ ਕੋ ਕਰਾ॥*
*ਭੇਸ ਬੈਰਾਗੀ ਕੋ ਜਿਨਿ ਧਰਾ॥*
*ਕੰਠੀ ਕੰਠਿ ਕਾਠ ਕੀ ਡਾਰੀ॥*
*ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥ ੨੫॥"*

ਰਾਮਾਨੰਦ ਬੁਲਾਇਆ, ਖਬਰਾ ਇਹ ਹੀ ਲੋਕਾਂ ਨੂੰ ਗੁਰੂ ਦੇ ਪਾਸੇ ਲਾਵੇ, ਉਹਨੇ ਵੀ ਆਪਣਾ ਪੰਥ ਬਣਾ ਲਿਆ, ਗਲ ਵਿਚ ਕਾਠ ਦੀ ਕੰਠੀ ਪਾ ਲਈ, ਨਿਰੰਕਾਰ ਦੀ ਪੂਜਾ ਉਹਨੇ ਵੀ ਨਾ ਦ੍ਰਿੜ੍ਹਾਈ। ਫਿਰ ਦੱਤਾ ਤ੍ਰਿਉ ਨੂੰ-ਕੀਤਾ, ਦੱਤਾ ਤ੍ਰਿਉ ਦੇ ਆਪਣੇ ਚੌਵੀ ਗੁਰੂ ਨੇ, ਇੱਲ ਵੀ ਉਸ ਦਾ ਗੁਰੂ ਹੈ। ਕਿਸੇ ਇੱਲ ਨੇ ਕਸਾਈ ਦੀ ਦੁਕਾਨ ਤੋਂ ਚੁੱਕ ਲਿਆ ਮਾਸ ਦਾ ਟੁਕੜਾ, ਉਸ ਦੇ ਮਗਰ 20 ਇੱਲਾਂ ਪੈ ਗਈਆਂ, ਪ੍ਰੇਸ਼ਾਨ ਕਰ ਦਿੱਤੀ ਉਹ ਇੱਲ, ਨਾ ਦਰੱਖਤ ਤੇ ਬੈਠਣ ਦੇਣ, ਨਾ ਭੁੰਜੇ ਬੈਠਣ ਦੇਣ, ਕੋਈ ਅਗਲੇ ਪਾਸਿਉਂ ਆ ਜਾਏ ਇੱਲ, ਕੋਈ ਪਿਛਲੇ ਪਾਸਿਉਂ ਆ ਜਾਏ ਇੱਲ, ਉਹ ਜਿਸ ਦੇ ਕੋਲ ਮਾਸ ਦਾ ਟੁਕੜਾ ਸੀ ਉਹ ਬੜੀ ਹੈਰਾਨ ਹੋਈ, ਲੜਦਿਆਂ-ਲੜਦਿਆਂ ਉਹਦੇ ਕਿਤੇ ਪੌਂਚੇ ਢਿਲੇ ਹੋ ਗਏ ਤੇ ਮਾਸ ਦਾ ਟੁਕੜਾ ਥੱਲੇ ਡਿੱਗ ਪਿਆ। ਉਹ ਬਾਕੀ ਦੀਆਂ ਇੱਲਾਂ ਉਸ ਟੁਕੜੇ ਉਤੇ ਝਪਟ ਕੇ ਪੈ ਗਈਆਂ ਤੇ ਇਹ ਅਰਾਮ ਨਾਲ ਕਿਸੇ ਦਰੱਖਤ ਉਤੇ ਬੈਠ ਗਈ। ਜਦੋਂ ਟੁਕੜਾ ਮਾਸ ਦਾ ਡਿੱਗ ਗਿਆ, ਉਹ ਬੇਫਿਕਰ ਹੋ ਗਈ। ਜਦੋਂ ਮਾਸ ਦਾ ਟੁਕੜਾ ਕੋਲ ਸੀ, ਉਦੋਂ ਪਰੇਸ਼ਾਨ ਸੀ। ਇਕ ਕੁਆਰੀ ਕੁੜੀ ਵੀ ਉਸ ਦਾ ਗੁਰੂ ਹੈ ਦੱਤਾ ਤ੍ਰਿਉ ਦਾ, ਉਹ ਕੁਆਰੀ ਕੁੜੀ ਨੇ ਕਿਤੇ ਮਾਂ ਨਾਲ ਜ਼ਿਦ ਪੈ ਕੇ ਚੂੜੀਆਂ ਚੜ੍ਹਵਾਈਆਂ ਤੇ ਉਹ ਚੂੜੀਆਂ ਆਪਸ ਵਿਚ ਟਕਰਾ-ਟਕਰਾ ਕੇ ਟੁੱਟਦੀਆਂ ਜਾਣ, ਜਿਵੇਂ ਗੁਰਦੁਆਰੇ ਵਿਚ ਪਾਰਟੀਆਂ ਟਕਰਾ-ਟਕਰਾ ਕੇ ਟੁੱਟਦੀਆਂ ਨੇ। ਉਹ ਜਿਸ ਵੇਲੇ ਇਕੋ ਇਕ ਚੂੜੀ ਰਹਿ ਗਈ ਨਾ ਦੋਵੇਂ ਹੱਥੀਂ ਤੇ ਨਾ ਰੌਲਾ ਪਵੇ ਤੇ ਨਾ ਹੀ ਉਹ ਟੁੱਟਣ ਤੇ ਦੱਤਾ ਤ੍ਰਿਉ ਕਹਿਣ ਲੱਗਾ, ਕੁੜੀਏ ! ਤੂੰ ਵੀ ਸਾਡੀ ਗੁਰੂ ਹੈਂ। ਜਿੰਨਾ ਚਿਰ ਬਹੁਤੀਆਂ ਸੀ ਉਦੋਂ ਰੌਲਾ, ਜਦੋਂ ਇਕ ਇਕ ਰਹਿ ਗਈ ਹੁਣ ਕੋਈ ਰੌਲਾ ਨਹੀਂ, ਇਕੱਲੇ ਹੋ ਜਾਉ, ਲਾਂਭੇ ਹੋ ਜਾਉ। ਰੌਲਾ ਤੇ ਉਦੋਂ ਹੀ ਹੈ

Sri Satguru Jagjit Singh Ji Elibrary NamdhariElibrary@gmail.com

ਨਾ ਜਦੋਂ ਇਲੈਕਸ਼ਨ ਹੋਣ, ਇਕ ਦੇ ਕੋਲੋਂ ਟੱਕੇ ਵੱਧ ਲਏ, ਕਹਿੰਦਾ ਜਾਹ ਤਿੰਨ ਲੱਖ ਰੁਪਏ ਦੀ ਵਿਸਕੀ ਲਿਆ ਭਲਕੇ ਗੁਰਦੁਆਰੇ ਦੇ ਇਲੈਕਸ਼ਨ ਨੇ। ਤੇ ਜੇ ਤੂੰ ਅਸੈਂਬਲੀ ਦੀ ਇਲੈਕਸ਼ਨ ਲੜਨੀ ਹੈ ਤੇ ਅੱਲਾ ਮੀਆਂ ਹੀ ਜਾਣੇ ਕਿੰਨੀਆਂ ਕੁ ਰਿਆਸਤਾਂ ਖਿੱਚਣੀਆਂ। ਅਸੀਂ ਕੁਰੱਸਤੇ ਜਿਹੇ ਪੈ ਗਏ, ਉਹ ਦੱਤਾ ਤ੍ਰਿਉ ਨੂੰ ਬੁਲਾਇਆ ਕਿ ਇਹ ਹੀ ਕਿਤੇ ਵਾਹਿਗੁਰੂ ਦੀ ਪੂਜਾ ਕਰਾਵੇਗਾ, ਪਰ ਦੱਤਾ ਤ੍ਰਿਉ ਨੇ ਤਾਂ ਆਪਣਾ ਹੀ ਪੰਥ ਬਣਾ ਲਿਆ ਤੇ ਕਹਿਣ ਲੱਗਾ, ਨਹੁੰ ਨਹੀਂ ਲ੍ਹਾਵਣੇ। ਮਾਨ ਸਿੰਘ ਝੌਰ ਜੀ ਦੱਸਦੇ ਨੇ ਕਿ ਮੈਂ ਇਕ ਕੁੜੀ ਦੇ ਨਹੁੰ ਵੇਖੇ ਬੜੇ-ਬੜੇ ਲੰਬੇ ਤੇ ਮੈਂ ਕਿਹਾ, ਬੱਲੇ ਧੀਏ। ਤੇਰੀ ਸ਼ਾਬਾਸ਼ ਤੂੰ ਦੱਤਾ ਤ੍ਰਿਉ ਨੂੰ ਨਹੀਂ ਭੁਲਾਇਆ, ਅਜੇ ਤਕ ਉਸ ਦੀ ਅੰਸ ਬੰਸ ਚਲੀ ਆ ਰਹੀ ਹੈ। ਆਖਦਾ ਸੀ, ਨਹੁੰ ਨਹੀਂ ਕਟਾਣੇ। ਉਸ ਨੇ ਨਹੁੰ ਵਧਾਉਣ ਦੀ ਆਗਿਆ ਦੇ ਦਿੱਤੀ, ਸਿਰ ਤੇ ਜਟਾਂ ਬਣਾ ਦਿੱਤੀਆਂ। ਬਚਿੱਤਰ ਨਾਟਕ ਦੇ ਇਹ ਅੱਖਰ ਨੇ:

*'ਪੁਨਿ ਹਰਿ ਗੋਰਖ ਕੋ ਉਪਰਾਜਾ॥*
*ਸਿੱਖ ਕਰੇ ਤਿਨਹੂੰ ਬਡ ਰਾਜਾ॥'*

ਫੇਰ ਗੋਰਖ ਨੂੰ ਬੁਲਾਇਆ, ਬੜੇ-ਬੜੇ ਰਾਜੇ ਮਹਾਰਾਜੇ ਉਸ ਨੇ ਆਪਣੇ ਚੇਲੇ ਬਣਾ ਲਏ, ਪਰ ਗੋਰਖ ਨੇ ਵੀ ਆਪਣੇ ਚੇਲਿਆਂ ਦੇ ਕੰਨ ਪਾੜ ਕੇ ਮੁੰਦਰਾਂ ਪਾ ਦਿੱਤੀਆਂ, ਦੁਨੀਆਂ ਨਾਲੋਂ ਵੱਖਰਾ ਕਰ ਦਿੱਤਾ। ਪ੍ਰਭੂ ਕੀ ਰੀਤ ਨੀਤ ਉਸ ਨੇ ਵੀ ਨਾ ਵਿਚਾਰੀ। ਫਿਰ ਹਜ਼ਰਤ ਮੁਹੰਮਦ ਸਾਹਿਬ ਖਾਤਿਮ ਔਲੰਬੀਆਂ ਨੂੰ ਪੈਦਾ ਕੀਤਾ ਰੱਬ ਨੇ। ਉਸ ਨੂੰ ਅਰਬ ਮੁਲਕ ਦਾ ਰਾਜਾ ਬਣਾਇਆ। ਮੁਹੰਮਦ ਸਾਹਿਬ ਨੇ ਵੀ ਇਕ ਆਪਣਾ ਪੰਥ ਬਣਾ ਲਿਆ, ਸਭ ਦੀ ਸੁੰਨਤ ਕਰਵਾ ਦਿੱਤੀ।

*'ਸਭ ਤੇ ਅਪਨਾ ਨਾਮੁ ਜਪਾਯੋ॥*
*ਸਤਿਨਾਮੁ ਕਾਹੂੰ ਨ ਦ੍ਰਿੜਾਯੋ॥ ੨੭॥'*

ਤੇ ਸਭ ਨੂੰ ਹੁਕਮ ਦਿੱਤਾ, ਅਰਬੀਉ ! ਜਿਹੜੇ-ਜਿਹੜੇ ਮੁਸਲਮਾਨ ਬਣ ਗਏ, ਅਰਥਾਤ ਜਿਹੜਾ ਮੁਹੰਮਦ ਦੀ ਸਿਫਾਰਿਸ਼ ਕਰੇਗਾ ਉਹ ਬਖਸ਼ਿਆ ਜਾਏਗਾ, ਜਿਹੜਾ ਸਿਫਾਰਿਸ਼ ਨਹੀਂ ਕਰੇਗਾ, ਉਹ ਬਖਸ਼ਿਆ ਨਹੀਂ ਜਾਏਗਾ। ਮਾਨ ਸਿੰਘ ਝੌਰ ਜੀ ਦੱਸਦੇ ਨੇ ਮੈਂ ਜਦੋਂ ਕੁਰਾਨ ਪੜ੍ਹਦਾ ਸਾਂ ਤੇ ਉਨੀਸਵੇਂ ਸਫੇ ਵਿਚ ਇਕ ਕਥਾ ਆਈ ਹੈ ਕਿ ਇਕ ਦਿਨ ਇਕ ਅਸਾਹਬੀ ਨੇ ਪੁਛਿਆ, "ਯਾ ਹਜ਼ਰਤ ! ਗੁਨਾਹ ਕਿਸ ਤਰ੍ਹਾਂ ਮਾਫ ਹੋਣ ?" ਤੇ ਹਜ਼ਰਤ ਮੁਹੰਮਦ ਸਾਹਿਬ ਕਹਿਣ ਲੱਗੇ, "ਭਈ ਜਿਹੜਾ ਮੁਸਲਮਾਨ ਹਰ ਨਮਾਜ਼ ਦੇ ਬਾਅਦ ਤਿੰਨ ਵਾਰ ਕਲਮਾ ਤਾਇਬਾਂ ਪੜ੍ਹੇ ਤੇ ਨਾਮ ਉਤੇ ਜ਼ਰਾ ਜ਼ੋਰ ਦੇ ਕੇ ਪੜ੍ਹੇ। ਤਿੰਨ ਕਲਮੇ ਨੇ ਇਸਲਾਮ ਦੇ ਅੰਦਰ, ਇਕ ਹੈ ਆਹੁਦਮ, ਬਹੁਦਮ, ਆਹੁਦਮ, ਵਾਹੁਦਮ, ਇਕ ਹੈ ਲਾਇ-ਲਾਹੁਲ-ਇੱਲਾ-ਮੁਹੰਮਦ-ਅ ਰਸੂਲਾ-

Sri Satguru Jagjit Singh Ji Elibrary NamdhariElibrary@gmail.com

ਅੱਲਾ, ਇਕ ਹੈ ਕੁਲ ਹਵੱਲਾ ਵਾਹਦੁਮ, ਤਿੰਨ ਕਲਮੇ ਨੇ ਇਤਿਹਾਸ ਅੰਦਰ। ਜਿਹੜਾ ਲਾਇ-ਲਾਹੁਲ-ਇੱਲਾ-ਮੁਹੰਮਦ-ਅ-ਰਸੂਲ-ਅੱਲਾ ਇਸ ਦਾ ਨਾਮ ਹੈ ਕਲਮਾ ਇਤਿਆਇਦਾ। ਹਜ਼ਰਤ ਮੁਹੰਮਦ ਸਾਹਿਬ ਕਹਿਣ ਲੱਗੇ, ਜਿਹੜਾ ਨਮਾਜ਼ ਪੜ੍ਹਨ ਦੇ ਬਾਅਦ ਤਿੰਨ ਵਾਰਾਂ ਕਲਮਾ ਇਤਿਆਇਦਾ ਪੜ੍ਹੇ ਤੇ ਨਾਮ ਉਤੇ ਜ਼ਰਾ ਜ਼ੋਰ ਦੇ ਕੇ ਪੜ੍ਹੇ ਤੇ ਹਜ਼ਰਤ ਮੁਹੰਮਦ ਕਹਿਣ ਲੱਗਾ, ਉਸ ਦਾ ਇਕ ਲੱਖ ਅੱਸੀ ਹਜ਼ਾਰ ਗੁਨਾਹ ਮਾਫ ਹੋ ਜਾਏਗਾ।'' ਔਰ ਗੁਨਾਹ ਹੈ ਕਬੀਰਾ ਵੱਡੇ ਪਾਪ, ਬੱਜਰ ਪਾਪ। ਇਕ ਹਿਸਾਬੀ ਲਾਗਿਓਂ ਬੋਲਿਆ, ''ਮਹਾਰਾਜ ! ਰਕਮ ਬੜੀ ਵੱਡੀ ਹੈ, ਜੇ ਕਿਸੇ ਕੋਲੋਂ ਇਕ ਲੱਖ ਅੱਸੀ ਹਜਾਰ ਗੁਨਾਹ ਹੋਣ ਹੀ ਨਾ ਫੇਰ। ਤੇ ਹਜਰਤ ਮੁਹੰਮਦ ਕਹਿਣ ਲੱਗਾ, ਨਾਲੇ ਮਾਂ-ਪਿਉ ਦੇ ਰਲਾ ਲਏ ਜਾਣਗੇ, ਪਰ ਰਕਮ ਵਿਚ ਘਾਟਾ ਨਹੀਂ ਕੀਤਾ ਜਾਏਗਾ। ਤੀਜਾ ਹਿਸਾਬੀ ਬੋਲਿਆ, ਜੇ ਮਾਂ-ਪਿਉ ਦੇ ਵੀ ਰਲਾ ਕੇ ਇਕ ਲੱਖ ਅੱਸੀ ਹਜ਼ਾਰ ਨਾ ਹੋਣ ਤੇ ਫੇਰ ? ਤੇ ਹਜ਼ਰਤ ਮੁਹੰਮਦ ਬੋਲਿਆ, ਲਾਗਿਓਂ ਗੁਆਂਢੀਆਂ ਦੇ ਰਲਾ ਲਏ ਜਾਣਗੇ, ਪਰ ਰਕਮ ਵਿਚ ਘਾਟਾ ਨਹੀਂ ਹੋਣਾ। ਮਾਨ ਸਿੰਘ ਝੌਰ ਜੀ ਦੱਸਦੇ ਨੇ, ਮੈਂ ਕਈ ਸਿੱਖ ਵੇਖੇ ਨੇ ਬੜੇ ਚਿੜਦੇ ਨੇ ਕਿ ਫਲਾਣਾ ਸੰਤ ਪੰਜ ਪਾਠ ਕਰਦਾ ਹੈ ਸੁਖਮਨੀ ਸਾਹਿਬ ਦੇ ਜੋਗਿੰਦਰਾ। ਮੈਂ ਕਿਹਾ, ਤੂੰ ਗੁਨਾਹ, ਤੂੰ ਕਦੇ ਵਾਹਿਗੁਰੂ ਕੀਤਾ ਹੈ ਕਿ ਨਹੀਂ ? ਆਖਦਾ, ਨਹੀਂ। ਤੇ ਮੈਂ ਕਿਹਾ, ਤੈਨੂੰ ਸੰਤ ਦੇ ਪਾਠਾਂ ਨਾਲ ਕੀ ? ਮਾਮੇ ਦੇ ਕੰਨੀਂ ਬੀਰ-ਬੱਲੀਆਂ ਕਹਿੰਦਾ, ਪੰਜ ਹਜ਼ਾਰ ਦੀਆਂ ਬੀਰ-ਬੱਲੀਆਂ ! ਮੇਰੇ ਮਾਮੇ ਦੇ ਕੰਨੀਂ। ਤੇ ਸਿਆਣੇ ਨੇ ਕਿਹਾ, ਤੇਰੇ ਹੱਥ ਤੇ ਇਕ ਲੋਹੇ ਦਾ ਛੱਲਾ ਵੀ ਨਹੀਂ, ਆਨੇ ਦਾ ਵੀ ਨਹੀਂ। ਤੈਨੂੰ ਮਾਮੇ ਦੀਆਂ ਬੀਰ-ਬੱਲੀਆਂ ਨਾਲ ਕੀ ? ਇਥੇ ਤੇ ਇਹ ਹੈ:

*"ਦਿਤਾ ਲਈਏ ਆਪਣਾ*
*ਅਣਦਿਤਾ ਕਿਸੇ ਹਥ ਨਾ ਆਵੈ॥"*

ਇਥੇ ਤੇ ਰਸਨਾ ਨਾਮ ਜਪੇ ਤੇ ਵਧੀਆ ਹੈ, ਇਹ ਨਹੀਂ ਹੋਣਾ ਕਿ ਪਾਠ ਕਰੇ ਕੋਈ ਤੇ ਫਲ ਕਿਸੇ ਹੋਰ ਨੂੰ ਮਿਲੇ ਮਿੱਤਰਾ ! ਇਥੇ ਠੇਕੇਦਾਰੀ ਨਹੀਂ ਚਲਦੀ, ਇਥੇ ਤਾਂ ਆਪ ਹੀ ਕਰਨਾ ਪੈਂਦਾ ਹੈ, ਫੇਰ ਉਸ ਦਾ ਫਲ ਮਿਲਣਾ ਹੈ। ਨਾਨਕ ਚੰਦ ਨਾਜ਼ ਨੇ ਤਰਜਮਾ ਕੀਤਾ ਹੈ ਬਚਿੱਤਰ ਨਾਟਕ ਦਾ, ਭਈ ਇਹ ਗਲਤ ਰਸਤੇ ਦੱਸਣ ਵਾਲੇ, ਵੱਖਰੀਆਂ-ਵੱਖਰੀਆਂ ਰੀਤਾਂ ਦੱਸਣ ਵਾਲੇ, ਜਦੋਂ ਚਾਰ-ਚੁਫੇਰੇ ਛਾ ਗਏ ਨਾ। ਇਕ ਨਿੱਕਾ ਜਿਹਾ ਭੁਲੇਖਾ ਹੋਰ ਦੂਰ ਕਰ ਲਈਏ, ਤਾਂਕਿ ਰਸਤਾ ਸਾਡਾ ਸਾਫ ਹੋ ਜਾਏ। ਹਜ਼ੂਰ ਕਹਿੰਦੇ ਨੇ ਹੇਮਕੁੰਟ ਬਾਰੇ:

*'ਅਬ ਮੈ ਅਪਨੀ ਕਥਾ ਬਖਾਨੋ॥*
*ਤਪ ਸਾਧਤ ਜਿਹ ਬਿਧਿ ਮੁਹਿ ਆਨੋ॥'*

ਮਾਨ ਸਿੰਘ ਝੌਰ ਜੀ ਦੱਸਦੇ ਨੇ ਮੈਂ ਆਪਣੀ ਕਥਾ ਦੱਸਦਾ ਹਾਂ ਕਿ ਜਿਸ ਤਰ੍ਹਾਂ ਮੈਨੂੰ ਤੱਪ

Sri Satguru Jagjit Singh Ji Elibrary NamdhariElibrary@gmail.com

ਕਰਦੇ-ਕਰਦੇ ਨੂੰ ਬੁਲਾਇਆ। ਹੇਮ ਦਾ ਅਰਥ ਹੈ ਬਰਫ, ਕੁੰਟ ਦਾ ਅਰਥ ਹੈ ਘਰ। ਬਰਫ ਦਾ ਘਰ ਜਿਹੜਾ ਪਹਾੜ ਹੈ, ਉਸ ਦੇ ਲਾਗੇ ਸੋਭਦਾ, ਚੰਗਾ ਲਗਦਾ ਸਪਤ ਸ੍ਰਿੰਗ ਸਮੇਲ ਪਰਬਤ, ਉਥੇ ਮੈਂ ਬੜੀ ਤਪੱਸਿਆ ਕੀਤੀ ਤੇ ਜਿਹੜੇ ਅਨਮਤੀ ਨੇ ਨਾ, ਉਹ ਭਈ ਅਰਥ ਕਰਦੇ ਨੇ ਭਈ ਮੈਂ ਉਥੇ ਕਾਲਕਾ ਦਾ ਅਰਾਧਨ ਕੀਤਾ, ਦੇਵੀ ਦਾ ਅਰਾਧਨ ਕੀਤਾ, ਚਤੁਰਭੁਜੀ ਦਾ ਅਰਾਧਨ ਕੀਤਾ, ਤੇ ਇਹ ਅਰਥ ਗਲਤ ਨੇ। ਸਾਹਿਬ ਕਹਿੰਦੇ ਨੇ, ਉਸ ਹੇਮਕੁੰਟ ਪਰਬਤ ਦੇ ਲਾਗੇ ਸਪਤ ਸ੍ਰਿੰਗ ਦੇ ਕੋਲ, ਗੁਫਾ ਦੇ ਅੰਦਰ ਬੈਠ ਕੇ ਮੈਂ ਬੜੀ ਤਪੱਸਿਆ ਕੀਤੀ। ਉਹ ਜਿਹੜੇ ਸੱਜਣ ਦੇਵੀ ਅਰਥ ਕਰਦੇ ਨੇ ਨਾ, ਉਹ ਅਰਾਧੀ ਨੂੰ ਸਮਝਦੇ ਨੇ ਇਸਤਰੀ ਲਿੰਗ। ਵਾਸਤਵ ਵਿਚ ਇਹ ਇਸਤਰੀ ਲਿੰਗ ਨਹੀਂ। ਭਾਈ ਗੁਰਦਾਸ ਕਹਿੰਦੇ ਨੇ, ਜਿਹੜਾ ਛਪਾਈ ਸ਼ਬਦ ਹੈ, ਉਹ ਇਸਤਰੀ ਲਿੰਗ ਹੈ ਔਰ ਇਹ ਜਿਹੜੇ ਬੰਗਾਲ ਤੋਂ ਲਿਆਏ ਨੇ ਨਾ ਜਨਾਨੀਆਂ ਪੰਜਾਬੀ, ਉਹ ਬੋਲਦੇ ਨੇ ਇਹੋ ਜਿਹੀ ਭਾਸ਼ਾ ਕਿ "ਦੀਪੋ ਦਾ ਭਾਈਆ ਚੋਲ ਨਹੀਂ ਖਾਂਦੀ।" ਇਹੋ ਜਿਹੀਆਂ ਭਾਸ਼ਾ ਉਹ ਬੋਲਦੀਆਂ ਨੇ, ਕਹਿੰਦੀ "ਦੂਰ ! ਮੈਂ ਵੇਖਿਆ ਤੇ ਮੈਂ ਸਮਝੀ ਦੀਪੋ ਦਾ ਭਾਈਆ ਆਂਦੀ।" ਤੇ ਜਿਹੜਾ ਰਾਹਿ-ਰਾਹਿ ਤੁਰਿਆ ਜਾਂਦਾ ਹੈ, ਉਸ ਨੂੰ ਤੁਸੀਂ ਕੀ ਆਖਦੇ ਹੋ ? ਰਾਹੀ, ਤੇ ਕੀ ਇਸ ਦਾ ਮਤਲਬ ਇਹ ਜਨਾਨੀ ਬਣ ਗਿਆ। ਜਿਹੜਾ ਬਹੁਤਾ ਦਾਨ ਦੇਵੇ, ਉਸ ਨੂੰ ਅਸੀਂ ਆਖਦੇ ਹਾਂ ਦਾਨੀ, ਤੇ ਕੀ ਮਤਲਬ ਇਸ ਦਾ ਕਿ ਉਹ ਜਨਾਨੀ ਬਣ ਗਿਆ ? ਜਿਹੜਾ ਬਹੁਤਾ ਮਾਨ ਕਰੇ, ਉਹਨੂੰ ਅਸੀਂ ਆਖਦੇ ਹਾਂ ਮਾਨੀ। ਜਿਵੇਂ ਮਾਨ ਕਰਨ ਵਾਲੇ ਨੂੰ ਆਖੀਦਾ ਹੈ ਮਾਨੀ, ਦਾਨ ਕਰਨ ਵਾਲੇ ਨੂੰ ਆਖੀਦਾ ਹੈ ਦਾਨੀ, ਰਾਹੇ ਜਾਣ ਵਾਲੇ ਨੂੰ ਆਖੀਦਾ ਹੈ ਰਾਹੀ, ਇਸੇ ਤਰ੍ਹਾਂ ਅਰਾਧਨਾ ਕਰਨ ਵਾਲੇ ਨੂੰ ਆਖੀਦਾ ਹੈ ਅਰਾਧੀ। ਮਹਾਰਾਜ ਕਹਿੰਦੇ ਨੇ, ਸਮੇਂ ਦਾ ਮਾਲਿਕ ਜਿਹੜਾ ਵਾਹਿਗੁਰੂ, ਮੈਂ ਉਸ ਦੀ ਅਰਾਧਨਾ ਕਰਨ ਵਾਲਾ, ਮੈਂ ਉਸ ਅਕਾਲ ਦੀ ਪੂਜਾ ਕਰਨ ਵਾਲਾ, ਇੰਨੀ ਮੈਂ ਤਪੱਸਿਆ ਕੀਤੀ, ਇੰਨੀ ਮੈਂ ਤਪੱਸਿਆ ਕੀਤੀ ਕਿ ਮੈਂ ਤੇ ਮੇਰਾ ਅਕਾਲ ਪੁਰਖ ਇਕ ਰੂਪ ਹੋ ਗਏ। ਜੇ ਇਕ ਹੁੰਦਾ ਦੁਸ਼ਟ ਦਮਨ, ਇਕ ਹੁੰਦੀ ਦੇਵੀ, ਤੇ ਇਕ ਹੁੰਦਾ ਰੱਬ ਤੇ ਫਿਰ ਦੁਵੈ ਪਾਠ ਨਹੀਂ ਸੀ ਆਉਣਾ ਚਾਹੀਦਾ, ਪਾਠ ਤੇ ਹੋਣਾ ਚਾਹੀਦਾ ਸੀ:

*"ਇਹ ਬਿਧਿ ਕਰਤ ਤਪੱਸਿਆ ਭਯੋ॥*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ॥"*

ਪਰ ਹੁਣ ਤੇ ਤ੍ਰਹਿ ਨਹੀਂ, ਪਰ ਮੈਂ ਤੇ ਮੇਰਾ ਵਾਹਿਗੁਰੂ ਇਕ ਰੂਪ ਹੋ ਗਏ, ਕਿਉਂਕਿ ਮੈਂ ਅਕਾਲ ਦਾ ਪੁਜਾਰੀ ਹਾਂ। ਮੈਨੂੰ ਤਪੱਸਿਆ ਕਰਦੇ-ਕਰਦੇ ਨੂੰ ਮੇਰੇ ਵਾਹਿਗੁਰੂ ਨੇ ਬੁਲਾਇਆ, ਤੇ ਇਹ ਗੱਲ ਕਹਿ ਕੇ ਮੈਨੂੰ ਮਾਤ-ਲੋਕ ਵਿਚ ਭੇਜਿਆ:

*"ਚਿਤ ਨ ਭਯੋ ਹਮਰੋ ਆਵਨ ਕਹ॥"*

ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦੁਸ਼ਟ ਦਮਨ ਵੇਲੇ ਦੀ ਮਨ ਦੀ ਅਵਸਥਾ ਹੈ, ਮੇਰਾ

ਜੀਅ ਨਹੀਂ ਸੀ ਕਰਦਾ ਉਥੋਂ ਆਉਣ ਤੋਂ, ਮੇਰਾ ਮਨ ਨਹੀਂ ਸੀ ਲੋਚਦਾ ਉਥੋਂ ਆਉਣ ਤੋਂ, ਉਹ ਇਕ ਅਲੌਕਿਕ ਜਿਹੀ ਗੱਲ ਸੀ, ਉਹ ਇਕ ਅਲੌਕਿਕ ਜਿਹੀ ਗੱਲ ਸੀ, ਮੈਂ ਉਥੋਂ ਵਿਛੜਨਾ ਹੀ ਨਹੀਂ ਸੀ ਚਾਹੁੰਦਾ। ਉਹ ਮੇਰਾ ਪਰਿਪੂਰਨ ਦੇਵ, ਜਿਸ ਦੇ ਵਾਸਤੇ ਪੰਜਵਾਂ ਬਾਪੂ ਕਹਿੰਦਾ ਹੈ:

*ਉਕਤਿ ਸਿਆਨਪ ਕਿਛੂ ਨ ਜਾਨਾ॥*

'ਉਕਤੀ' ਦਾ ਅਰਥ ਹੈ ਦਲੀਲ, ਮਹਾਰਾਜ ਕਹਿੰਦੇ, ਮੈਂ ਕੋਈ ਦਲੀਲ ਨਹੀਂ ਜਾਣਦਾ:

*ਦਿਨੁ ਰੈਣਿ ਤੇਰਾ ਨਾਮੁ ਵਖਾਨਾ॥ ੧॥*
*ਮੈ ਨਿਰਗੁਨ ਗੁਣੁ ਨਾਹੀ ਕੋਇ॥*
*ਕਰਨ ਕਰਾਵਨਹਾਰ ਪ੍ਰਭ ਸੋਇ॥ ੧॥ ਰਹਾਉ॥* *(ਪੰਨਾ ੩੮੮)*

ਮੇਰੇ ਵਾਸਤੇ ਕਰਨ ਵਾਲਾ, ਤੇ ਮੇਰੇ ਤੋਂ ਕਰਵਾਉਣ ਵਾਲਾ ਮੇਰਾ ਸਤਿਨਾਮ, ਵਾਹਿਗੁਰੂ।

*"ਮੂਰਖ ਮੁਗਧ ਅਗਿਆਨ ਅਵੀਚਾਰੀ॥*
*ਨਾਮ ਤੇਰੇ ਕੀ ਆਸ ਮਨਿ ਧਾਰੀ॥ ੨॥*
*ਜਪੁ ਤਪੁ ਸੰਜਮੁ ਕਰਮ ਨਾ ਸਾਧਾ॥*
*ਨਾਮੁ ਪ੍ਰਭੂ ਕਾ ਮਨਹਿ ਅਰਾਧਾ॥ ੩॥*
*ਕਿਛੂ ਨ ਜਾਨਾ ਮਤਿ ਮੇਰੀ ਥੋਰੀ॥"* *(ਪੰਨਾ ੩੮੮)*

ਇਕ ਦੀ ਪੂਜਾ ਕਰਦਿਆਂ-ਕਰਦਿਆਂ ਉਥੋਂ ਮੇਰਾ ਜੀਅ ਨਹੀਂ ਸੀ ਕਰਦਾ ਆਉਣ ਤੋਂ, ਬੜਾ ਸੁੰਦਰ ਅਸਥਾਨ, ਬੜਾ ਰਮਣੀਕ ਅਸਥਾਨ, ਨਾ ਉਥੇ ਕੋਈ ਜੰਮਦਾ, ਨਾ ਉਥੇ ਕੋਈ ਮਰਦਾ, ਨਾ ਉਥੇ ਸੀਤ, ਨਾ ਉਥੇ ਲੜਾਈ, ਨਾ ਉਥੇ ਝਗੜਾ, ਨਾ ਉਥੇ ਮੇਰਾ ਨਾ ਤੇਰਾ, ਨਾ ਉਥੇ ਸਾਡਾ ਤੁਹਾਡਾ, ਉਥੇ ਐਸੀਆਂ ਧੁਨਾਂ ਵੱਜਦੀਆਂ ਨੇ, ਉਥੋਂ ਮੇਰਾ ਆਉਣ ਤੇ ਜੀਅ ਨਹੀਂ ਕਰਦਾ:

*"ਚਿਤ ਨ ਭਯੋ ਹਮਰੋ ਆਵਨ ਕਹ॥*
*ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ॥"*

ਮੈਨੂੰ ਵਾਹਿਗੁਰੂ ਨੇ ਬੜਾ ਸਮਝਾਇਆ, ਬੜੀ ਮੱਤ ਦਿੱਤੀ, ਬੜੀਆਂ ਸਿੱਖਿਆਵਾਂ ਦਿੱਤੀਆਂ, ਬਹੁਤ ਕੁਝ ਸਮਝਾ-ਬੁਝਾ ਕੇ ਮੈਨੂੰ ਮਾਤ-ਲੋਕ ਭੇਜਿਆ, ਕਹਿਣ ਲੱਗੇ:

*"ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੈ ਧਰਮੁ ਚਲਾਇ॥*
*ਕਬੁਧਿ ਕਰਨ ਤੇ ਲੋਕ ਹਟਾਇ॥ ੨੯॥"*

Sri Satguru Jagjit Singh Ji Elibrary NamdhariElibrary@gmail.com

*"ਕਿਸੀ ਕੀ ਗਲਤ ਬਾਤ ਚਲਨੇ ਨਾ ਦੇ।*
*ਕਿਸੀ ਕੀ ਕਰਾਮਾਤ ਚਲਨੇ ਨਾ ਦੇ।*
*ਅਡੰਬਰ ਗਲਤ ਕਾਰ ਲੋਗੋਂ ਕੇ ਤੇ ਬੜੇ।*
*ਉਸੇ ਹਤਰਵੀ ਸੇ ਫਨਾਅ ਕਰਕੇ ਛੋੜ।"*

ਵਾਹਿਗੁਰੂ ਕਹਿੰਦਾ ਗਿਆ, ਮੈਂ ਸੁਣਦਾ ਗਿਆ ਤੇ ਸੁਣਦਿਆਂ-ਸੁਣਦਿਆਂ ਮੈਂ ਹੱਥ ਜੋੜੇ:

*"ਯੇ ਸੁਨ ਕਰ ਕਹਾ ਮੈਂਨੇ ਐ ਵਾਹਿਗੁਰੂ,*
*ਮੈਂ ਸੇਵਕ ਤੇਰਾ ਮੇਰਾ ਮਾਲਕ ਹੈ ਤੂ।*
*ਮੇਰੀ ਦਸਤ ਬਸਤਾ ਹੈ ਯੇ ਬੇਨਤੀ,*
*ਤੋ ਗੂੰਜੇਗਾ ਸੰਸਾਰ ਮੇਂ ਤੇਰਾ ਪੰਥ।"*

ਐ ਮਾਲਕ ! ਜੇ ਤੂੰ ਮੇਰੀ ਰਹਿਨੁਮਾਈ ਕੀਤੀ, ਮੇਰੇ ਸਿਰ ਦੇ ਉਤੇ ਰਹਿਮਤ ਦਾ ਹੱਥ ਰੱਖਿਆ, ਜੇ ਤੂੰ ਮੇਰੀਆਂ ਵਾਗਾਂ ਦੀ ਡੋਰ ਆਪਣੇ ਹੱਥ ਰੱਖੀ, ਜੇ ਤੂੰ ਮੇਰੇ ਉਤੇ ਫਜ਼ਲੋ-ਕਰਮ ਕਰਦਾ ਰਹਿਉਂ ਨਾ, ਤਾਂ:

*"ਪੰਥ ਤੇਰੇ ਦੀਆਂ ਗੂੰਜਾਂ ਦਿਨੋ ਦਿਨ ਪੈਣਗੀਆਂ।"*
*ਇਮ ਕਿਹ ਕੈ ਇਹ ਲੋਕ ਪਠਾਯੋ॥੫॥*

ਮੈਂ ਹੁਕਮ ਮੰਨ ਕੇ ਆ ਗਿਆ, ਸਿਰ ਮੱਥੇ ਤੇ ਹੁਕਮ ਮੰਨ ਕੇ ਆ ਗਿਆ, ਮਾਨ ਸਿੰਘ ਝੋਰ ਜੀ ਦੱਸਦੇ ਨੇ, ਗੁਰੂ ਦੇ ਮਾਤਾ ਪਿਤਾ ਨੇ ਸੇਵਾ ਕੀਤੀ, "ਸਤਿਨਾਮ-ਵਾਹਿਗੁਰੂ।"

*"ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁ ਬਿਧਿ ਜੋਗ ਸਾਧਨਾ ਸਾਧਾ॥ ੩॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾ ਤੇ ਭਏ ਪ੍ਰਸੰਨਿ ਗੁਰਦੇਵਾ॥"*

ਜਦੋਂ ਮੇਰੇ ਮਾਤਾ-ਪਿਤਾ ਨੇ ਵਾਹਿਗੁਰੂ ਦੀ ਸੇਵਾ ਕੀਤੀ, ਸਿਮਰਨ ਕੀਤਾ, ਸਮਾਧੀ ਲਾਈ, ਤਾਂ ਵਾਹਿਗੁਰੂ ਉਹਨਾਂ ਤੇ ਪ੍ਰਸੰਨ ਹੋ ਗਿਆ, ਮੇਰੇ ਮਾਤਾ-ਪਿਤਾ ਉਤੇ ਵਾਹਿਗੁਰੂ ਤਰੁੱਠ ਪਿਆ। ਸਾਹਿਬ ਕਹਿੰਦੇ ਨੇ ਕਿ ਇਹੋ ਜਿਹੇ ਪਾਖੰਡਾਂ, ਟੂਣਿਆਂ ਤੋਂ ਖਾਲਸੇ ਨੂੰ ਬੜੀ ਦੂਰ ਰੱਖਣਾ ਚਾਹੁੰਦੇ ਨੇਂ। ਸਾਹਿਬ ਮੇਰੇ ਮਾਤਾ-ਪਿਤਾ ਤੇ ਪ੍ਰਸੰਨ ਹੋ ਗਏ। ਮੇਰੇ ਪਿਤਾ ਨੇ ਜਦੋਂ ਪੂਰਬ ਦੇਸ ਵਲ ਚਾਲੇ ਪਾਏ ਤਾਂ ਕਈ ਤਰ੍ਹਾਂ ਦੇ ਤੀਰਥਾਂ ਤੇ ਗਏ, ਧਨ ਦੌਲਤ ਵੰਡਿਆ, ਲੋਕਾਂ ਨੂੰ ਸੱਚ ਦਾ ਉਪਦੇਸ਼ ਦਿੱਤਾ, ਭੁੱਲੀਆਂ ਹੋਈਆਂ ਰੂਹਾਂ ਨੂੰ ਸਿੱਧਾ ਰਾਹ ਦੱਸਿਆ, ਮੇਰੇ ਮਾਤਾ-ਪਿਤਾ ਦੇ ਦਿਨ-ਰਾਤ ਬੀਤੇ ਪੁੰਨ-ਦਾਨ ਕਰਦਿਆਂ। ਇਲਾਹਾਬਾਦ, ਤ੍ਰਿਬੇਣੀ ਦੇ ਕੰਢੇ, ਮੈਂ ਮਾਤਾ ਗੁਜਰੀ ਦੇ ਗਰਭ ਵਿਚੋਂ ਵਾਸਾ ਪਾਇਆ। ਨਹੀਂ ਰਾਮ ਦੱਸ ਸਕਿਆ, ਨਹੀਂ ਕ੍ਰਿਸ਼ਨ ਦੱਸ ਸਕਿਆ, ਨਹੀਂ ਬ੍ਰਹਮਾ ਦੱਸ ਸਕਿਆ ਕਿ ਮੈਂ ਕਿਥੇ ਰਹਿਆ ਹਾਂ। ਨਾ ਹਜ਼ਰਤ ਮੁਹੰਮਦ ਦੱਸ ਸਕਿਆ ਹੈ। ਇਹ ਤੇ

ਗੁਰੂ ਗੋਬਿੰਦ ਸਿੰਘ ਇਕ ਐਸੀ ਹਸਤੀ ਹੈ ਦੁਨੀਆਂ ਦੇ ਤਖਤੇ ਉਤੇ, ਜਿਸ ਨੇ ਆਪਣਾ ਜੀਵਨ ਆਪ ਲਿਖਿਆ. ਜਿਸ ਨੇ ਆਪਣੀ ਕਥਾ ਆਪ ਲਿਖੀ ਹੈ, ਇਲਾਹਾਬਾਦ ਤ੍ਰਿਬੇਣੀ ਦੇ ਕੰਢੇ, ਪੁੰਨ-ਦਾਨ ਕਰਦਿਆਂ ਮੇਰੇ ਮਾਤਾ-ਪਿਤਾ ਦੇ ਦਿਨ-ਰਾਤ ਬੀਤੇ। ਉਥੇ ਮੈਂ ਮਾਂ ਦੇ ਗਰਬ ਵਿਚੋਂ ਵਾਸਾ ਲਿਆ:

*'ਪਟਨਾ ਸਹਰ ਬਿਖੈ ਭਵ ਲਯੋ॥*
*ਪਟਨਾ ਸਹਰ ਬਿਖੈ ਭਵ ਲਯੋ॥'*

ਜਿਸ ਵੇਲੇ ਹਜ਼ੂਰ ਪੰਜਾਂ ਵਰ੍ਹਿਆਂ ਦੇ ਹੋਏ, ਹੋਰ ਜ਼ਰਾ ਕੁ ਸਿਆਣੇ ਹੋਏ ਤਾਂ ਪੰਜਾਬ ਵਿਚੋਂ ਸੁਨੇਹਾ ਆ ਗਿਆ, ਪੰਜਾਬ ਵਿਚੋਂ। ਸ੍ਰੀ ਪਟਨਾ ਸਾਹਿਬ ਦੇ ਨਰ-ਨਾਰੀ ਨੂੰ ਪਤਾ ਲੱਗ ਪਿਆ ਆਪ ਪੰਜਾਬ ਨੂੰ ਚੱਲੇ ਹੋ, ਖੌਰੇ ਸਾਡੇ ਜੀਉਂਦਿਆਂ ਆਉਣਾ ਕਿ ਨਹੀਂ ਆਉਣਾ। ਸਾਰੇ ਪਟਨਾ ਸਾਹਿਬ ਵਿਚ ਹੜਤਾਲ ਹੋ ਗਈ ਕਿ ਹਜ਼ੂਰ ਦਾ ਬਚਪਨ ਹੈ, ਨਿੱਕੀ ਜਿਹੀ ਉਮਰ ਵਿਚ ਨਰ-ਨਾਰੀਆਂ ਨੂੰ, ਹਿੰਦੂ ਮੁਸਲਮਾਨਾਂ ਨੇ ਆਪਣੇ ਪਿਆਰ ਪੰਘੂੜੇ ਵਿਚ ਐਸੇ ਹੁਲਾਰੇ ਦਿੱਤੇ ਕਿ ਸਭ ਹਜ਼ੂਰ ਦੇ ਅੱਗੇ ਰਵੀਦਾ ਹੋ ਗਏ। ਹੜਤਾਲ ਹੋ ਗਈ ਸ਼ਹਿਰ ਵਿਚ। ਇਕ ਮੁਸਲਮਾਨ ਫਕੀਰ ਆਇਆ, ਵੇਖਿਆ ਸਾਰੇ ਸਹਿਰ ਵਿਚ ਸਨਾਟਾ, ਉਸ ਨੇ ਇਕ ਮੁਸਲਮਾਨ ਦੋਸਤ ਨੂੰ ਪੁੱਛਿਆ, "ਅੱਜ ਕੀ ਗੱਲ ਹੈ ? ਬੜੀ ਪ੍ਰੇਸ਼ਾਨੀ ਹੈ ਸ਼ਹਿਰ ਵਿਚ !" ਤੇ ਮੁਸਲਮਾਨ ਦੁਕਾਨਦਾਰ ਨੇ ਕਿਹਾ ਕਿ "ਅੱਜ ਪਟਨੇ ਦੀ ਜਾਨ ਨਿਕਲ ਚੱਲੀ ਹੈ ਜਾਨ। ਇਸ ਕਰਕੇ ਪਟਨਾ ਮਾਯੂਸ ਹੈ।" ਮੁਸਲਮਾਨ ਫਕੀਰ ਕਹਿਣ ਲੱਗਾ, "ਹੈਂ ! ਸਾਰੇ ਪਟਨੇ ਦੀ ਜਾਨ ਇਕੋ ਵੇਰਾਂ ਕਿਸ ਤਰ੍ਹਾਂ ਨਿਕਲ ਚੱਲੀ ਹੈ ?" ਤੇ ਮੁਸਲਮਾਨ ਫਕੀਰ ਨੂੰ ਮੁਸਲਮਾਨ ਦੁਕਾਨਦਾਰ ਨੇ ਆਖਿਆ, ਆ ਤੈਨੂੰ ਦੱਸਾਂ, ਜਿਹੜੇ ਚੌਂਕ ਵਿਚ ਇਸਤਰੀ ਪੁਰਸਾਂ ਨੇ ਘੇਰਿਆ ਹੋਇਆ ਸੀ ਨਾ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ, ਚਾਰ-ਚੁਫੇਰੇ ਵਾੜ ਕੀਤੀ ਹੋਈ ਇਸਤਰੀ ਪੁਰਸ਼ਾਂ ਨੇ ਤੇ ਮਾਈਆਂ ਅਗਾਂਹ ਆਈਆਂ ਤੇ ਹੱਥ ਜੋੜ ਕੇ ਆਖਿਆ, "ਗੁਰੂ ! ਗੋਬਿੰਦ ਰਾਏ, ਸਾਹਿਬ ਸੱਚੇ ਪਾਤਿਸ਼ਾਹ, ਤੂੰ ਸਾਡੇ ਬੱਚਿਆਂ ਨੂੰ ਵਾਹਿਗੁਰੂ ਦੇ ਨਾਮ ਦੀ ਸਮਾਧੀ ਲਾਉਣੀ ਸਿਖਾਈ, ਤੂੰ ਸਾਡੇ ਬੱਚਿਆਂ ਨੂੰ ਭੈੜੀ ਖੇਡੋਂ ਹਟਾਇਆ, ਤੂੰ ਸਾਡੇ ਬੱਚਿਆਂ ਨੂੰ ਗੰਦ-ਮੰਦ ਬੋਲਣੋਂ ਹਟਾ ਕੇ ਸਤਿਨਾਮ ਵਾਹਿਗੁਰੂ ਦਾ ਪਾਵਨ ਨਾਮ ਬਖਸ਼ ਦਿੱਤਾ ਤੇ ਜੇ ਤੁਸੀਂ ਚਲੇ ਜਾਉਗੇ ਤਾਂ ਸਾਡੇ ਬੱਚੇ ਫਿਰ ਤੋਂ ਅਵਾਰਾ ਹੋ ਜਾਣਗੇ।" ਹੱਥ ਜੁੜੇ ਸੀ ਦੇਵੀਆਂ ਦੇ, ਆਖਦੀਆਂ ਮਹਾਰਾਜ ! ਤੁਹਾਡੇ ਘਰ ਦੇ ਖੂਹ ਦਾ ਪਾਣੀ ਮਿੱਠਾ ਹੈ, ਅਸੀਂ ਉਥੇ ਪਾਣੀ ਲੈਣ ਜਾਂਦੀਆਂ ਸਾਂ, ਤੁਸੀਂ ਮੌਜ ਵਿਚ ਆ ਕੇ ਸਾਡੇ ਘੜੇ ਭੰਨ ਸੁੱਟੇ ਸਨ, ਅਸਾਂ ਮਾਤਾ ਕੋਲ ਸ਼ਿਕਾਇਤ ਕੀਤੀ, ਵਾਹਿਗੁਰੂ ਜਾਣੇ ਮਾਤਾ ਨੇ ਤੁਹਾਨੂੰ ਕੁਛ ਆਖਿਆ ਕਿ ਨਹੀਂ ਆਖਿਆ, ਪਰ ਸਾਨੂੰ ਪਿੱਤਲ ਦੀਆਂ ਗਾਗਰਾਂ ਮਿਲ ਗਈਆਂ। ਲੇਕਿਨ ਤੁਹਾਡੇ ਤੀਰਾਂ ਦੀ ਮੁਖੀ ਅੱਗੇ ਪਿੱਤਲ ਦੀਆਂ ਉਹ ਗਾਗਰਾਂ ਵੀ ਠਹਿਰ ਨਾ ਸਕੀਆਂ, ਅਸਾਂ ਦੁਬਾਰਾ ਸ਼ਿਕਾਇਤ ਕੀਤੀ, ਵਾਹਿਗੁਰੂ ਜਾਣੇ ਮਾਤਾ ਨੇ ਤੁਹਾਨੂੰ ਡਾਂਟਿਆ ਕਿ ਨਹੀਂ ਡਾਂਟਿਆ, ਪਰ ਸਾਨੂੰ ਲੋਹੇ ਦੇ

Sri Satguru Jagjit Singh Ji Elibrary NamdhariElibrary@gmail.com

ਮਟਕੇ ਮਿਲ ਗਏ। ਤੁਹਾਡੇ ਤੀਰਾਂ ਨੇ ਲੋਹੇ ਦੇ ਮਟਕੇ ਵੀ ਭੰਨ ਸੁੱਟੇ। ਅਸਾਂ ਫਿਰ ਸ਼ਿਕਾਇਤ ਕੀਤੀ, ਸਾਡੀ ਬਾਰ-ਬਾਰ ਦੀ ਸ਼ਿਕਾਇਤ ਕਰਕੇ, ਮਾਤਾ ਜੀ ਨੇ ਡਾਂਟਿਆ ਹੋਵੇਗਾ ਤੁਹਾਨੂੰ, ਝਿੜਕਿਆ ਹੋਵੇਗਾ, ਮਹਾਰਾਜ ਅਸੀਂ ਸਮਝਦੀਆਂ ਹਾਂ, ਤੁਸੀਂ ਸਾਡੀਆਂ ਸ਼ਿਕਾਇਤਾਂ ਸੁਣ ਕੇ, ਸਾਡੇ ਨਾਲ ਗੁੱਸੇ ਹੋ ਕੇ ਚਲੇ ਚੱਲੇ ਹੋ। ਜੇ ਇਹੋ ਕਾਰਨ ਹੈ ਤੇ ਹੱਥ ਜੋੜ ਕੇ, ਝੋਲੀ ਅੱਡ ਕੇ ਖੈਰ ਮੰਗਦੀਆਂ ਹਾਂ, ਲੋਹੇ ਦੇ ਮਟਕੇ ਕੀ ਚੀਜ਼ ਹੋਏ, ਮਿੱਟੀ ਦੇ ਮਟਕੇ ਕੀ ਚੀਜ਼ ਹੋਏ, ਪਿੱਤਲ ਦੀਆਂ ਗਾਗਰਾਂ ਕੀ ਚੀਜ਼ ਹੋਈਆਂ ? ਜੇ ਤੁਸੀਂ ਮਟਕੇ ਭੰਨ ਕੇ ਰਾਜੀ ਹੋ ਤੇ ਸਾਡੇ ਸਿਰਾਂ ਨੂੰ ਮਟਕੇ ਜਾਣੋ ਤੇ ਆਪਣੇ ਤੀਰਾਂ ਦੀ ਮੁੱਖੀ ਨਾਲ ਸਾਡੇ ਸੀਸ ਧੜ ਦੇ ਉਤੋਂ ਭਾਵੇਂ ਉਡਾ ਦਿਉ, ਪਰ ਪਟਨੇ ਸਾਹਿਬ ਤੋਂ ਨਾ ਜਾਇਉ। ਸਾਡੇ ਬੱਚਿਆਂ ਦੇ ਜੀਵਨ ਨੂੰ ਬਰਬਾਦ ਨਾ ਕਰੋ, ਬੁੱਢੇ-ਬੁੱਢੇ ਅਸੀਂ ਹੋਏ ਗਰੀਬ-ਨਿਵਾਜ਼ ! ਜਿਸ ਦਿਨ ਦੇ ਤੁਹਾਡੀ ਸੰਗਤ ਕਰਨ ਲੱਗੇ ਨੇ ਸਾਡੇ ਬੱਚੇ, ਸਾਡੇ ਘਰ ਸਵਰਗ ਬਣ ਗਏ ਨੇ। ਮੇਰੇ ਬੱਚੇ ਸਮਾਧੀਆਂ ਲਾ ਲੈਂਦੇ ਨੇ, ਸਤਿਨਾਮ ਵਾਹਿਗੁਰੂ ਦਾ ਜਾਪ ਜਪਦੇ ਨੇ, ਤੁਸੀਂ ਨਾ ਜਾਉ। ਨੌਜਵਾਨਾਂ ਨੇ ਅਰਜ਼ ਕੀਤੀ, ਤੁਸੀਂ ਨਾ ਜਾਉ, ਜਿਹੜੇ ਬੱਚੇ ਹਜ਼ੂਰ ਨਾਲ ਖੇਡਦੇ ਸੀ, ਚਾਰ-ਚਾਰ ਦੀ ਲਾਈਨ ਬਣਾ ਕੇ, ਅੱਜ ਸੱਜੇ ਪਾਸੇ ਕਮਾਨ ਕਰਨ ਵਾਲਾ ਕਮਾਂਡਰ ਕੋਈ ਨਹੀਂ। ਜਿਥੇ ਪੁਰਸ਼ਾਂ ਤੇ ਇਸਤਰੀਆਂ ਨੇ ਘੇਰਿਆ ਹੋਇਆ ਗੁਰੂ ਨੂੰ, ਉਸ ਚੌਂਕ ਵੱਲ ਤੁਰੇ ਆ ਰਹੇ ਨੇ, ਚਾਰ-ਚਾਰ ਦੀ ਲਾਈਨ ਹੈ, ਸੱਜੇ ਪਾਸੇ ਕੋਈ ਹੁਕਮ ਦੇਣ ਵਾਲਾ ਨਹੀਂ, ਨਿੱਕੀਆਂ-ਨਿੱਕੀਆਂ ਗੁਲੇਲਾਂ ਮੋਢਿਆਂ ਉਤੇ ਨੇ, ਛੋਟੇ-ਛੋਟੇ ਕਾਨਿਆਂ ਦੇ ਤੀਰ ਪਿਛੇ ਲਟਕੇ ਨੇ, ਕਮਰ-ਕੱਸੇ ਕੀਤੇ ਹੋਏ ਨੇ, ਛੋਟੇ ਬੱਚੇ ਪਾਪ ਤੋਂ ਦੂਰ ਛਲ-ਕਪਟ ਤੋਂ ਦੂਰ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸੰਗੀ ਇਹ ਗੀਤ ਗਾ ਰਹੇ ਆ ਰਹੇ ਸਨ ਆਪਣੇ ਯਾਰ ਨੂੰ ਰਿਝਾਉਣ ਵਾਸਤੇ, ਆਪਣੇ ਵਿਛੜਦੇ ਪ੍ਰੀਤਮ ਨੂੰ ਰੋਕਣ ਵਾਸਤੇ, ਇਹ ਇਕ ਗੀਤ ਗਾਉਂਦੇ ਆ ਰਹੇ ਸਨ:

*"ਹਾਲਾਂ ਨਾ ਜਾਵੋ ਗੋਬਿੰਦ ਯਾਰ, ਹਾਲਾਂ ਨਾ ਜਾਵੋ,*
*ਭੈੜੀ ਖੇਡੋਂ ਤੁਸੀਂ ਹਟਾਇਆ,*
*ਵਾਹਿਗੁਰੂ ਦਾ ਨਾਮ ਜਪਾਇਆ,*
*ਪਰ ਅਜੇ ਹੋਏ ਨਹੀਂ ਹੁਸ਼ਿਆਰ, ਹਾਲਾਂ ਨਾ ਜਾਵੋ।*
*ਅਸੀਂ ਤੁਸਾਂ ਬਿਨ ਕੀ ਕਰਾਂਗੇ, ਹਾਲਾਂ ਨਾ ਜਾਵੋ।*
*ਯਾਰ ਵਿਛੋੜਾ ਕਿਵੇਂ ਜਰਾਂਗੇ ਤੇ,*
*ਜਾਂ ਮਾਰ ਜਾਵੋ ਤਲਵਾਰ, ਹਾਲਾਂ ਨਾ ਜਾਵੋ।"*

ਇਹ ਸਭ ਕੁਝ ਵੇਖ ਕੇ ਮੁਸਲਮਾਨ ਫਕੀਰ ਹੈਰਾਨ ਹੋ ਗਿਆ। ਹੇ ਪੀਰਾਂ ਦੇ ਪੀਰ ! ਹੇ ਗੁਰੂ ਗੋਬਿੰਦ ਸਿੰਘ ਸਾਹਿਬ, ਵਾਹਿਗੁਰੂ ਮੇਰਾ ਜਾਣੇ, ਅੱਲ੍ਹਾ ਮੇਰਾ ਜਾਣੇ, ਤੂੰ ਕੈਸਾ ਜਾਦੂਗਰ ਹੈਂ, ਬਚਪਨ ਦੀ ਉਮਰ ਵਿਚ ਤਮਾਮ ਲੋਕਾਂ ਨੂੰ ਆਪਣੇ ਇਸ਼ਕ ਵਿਚ ਰੰਗ ਲਿਆ ਹੈ। ਆਪਣੀ ਮੁਹੱਬਤ ਵਿਚ ਤਾਰੀਆਂ ਲਾਉਣ ਦਾ ਆਸਣ ਦੇ ਦਿੱਤਾ। ਪਿਛਲੇ ਸਾਰੇ ਯਾਰ ਵੀ ਉਸ ਫਕੀਰ

Sri Satguru Jagjit Singh Ji Elibrary NamdhariElibrary@gmail.com

ਕੋਲ ਅੱਗੇ ਆ ਗਏ। ਉਹਨਾਂ ਸਭ ਲੋਕਾਂ ਨੇ, ਸਾਰੇ ਯਾਰਾਂ ਨੇ ਫਰਿਆਦ ਕੀਤੀ ਕਿ ਸਾਨੂੰ ਛੱਡ ਕੇ ਨਾ ਜਾਉ। ਉਹਨਾਂ ਸਾਰਿਆਂ ਦਾ ਪਿਆਰ ਵੇਖ ਕੇ, ਉਹਨਾਂ ਯਾਰਾਂ ਦਾ ਗੀਤ ਸੁਣ ਕੇ ਗੁਰੂ ਜੀ ਦੀਆਂ ਅੱਖਾਂ ਭਰ ਆਈਆਂ ਤੇ ਉਸ ਫਕੀਰ ਮੁਸਲਮਾਨ ਨੇ ਵੀ ਇਹ ਫਰਿਆਦ ਕੀਤੀ, ਉਹਨਾਂ ਲੋਕਾਂ ਲਈ ਕਿ ਤੁਸਾਂ ਇਨ੍ਹਾਂ ਦੇ ਬੱਚਿਆਂ ਨੂੰ ਵਾਹਿਗੁਰੂ ਦਾ ਨਾਮ ਜਪਾਇਆ ਹੈ, ਚੰਗੇ ਕੰਮਾਂ ਵਿਚ ਲਾਇਆ ਹੈ। ਜੇ ਤੁਸੀਂ ਇਨ੍ਹਾਂ ਨੂੰ ਛੱਡ ਜਾਵੋਗੇ ਤਾਂ ਇਨ੍ਹਾਂ ਦੀ ਭਗਤੀ, ਸੁਰਤੀ ਟੁੱਟ ਜਾਏਗੀ। ਇਹ ਸਾਰੀਆਂ ਗੱਲਾਂ ਸੁਣ ਕੇ ਗੁਰੂ ਜੀ ਨੇ ਪਟਨੇ ਜਾਣ ਤੋਂ ਇਨਕਾਰ ਕਰ ਦਿੱਤਾ।

ਸੋ ਸਾਧ ਸੰਗਤ ਜੀ, ਸੱਚੇ ਦਿਲ ਨਾਲ ਕਿਸੇ ਨੂੰ ਵੀ ਪਾਉਣਾ ਹੋਵੇ, ਉਹ ਮਿਲ ਜਾਂਦਾ ਹੈ। ਜੇ ਤੁਸੀਂ ਸੱਚੇ ਮਨ ਨਾਲ, ਇਕ ਰੂਪ ਹੋ ਕੇ ਵਾਹਿਗੁਰੂ ਦਾ ਨਾਮ ਜਪੋਗੇ, ਉਸ ਦੀ ਭਗਤੀ ਵਿਚ ਲੀਨ ਹੋਵੋਗੇ ਤਾਂ ਤੁਹਾਨੂੰ ਵੀ ਵਾਹਿਗੁਰੂ ਰੂਪੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਹੋਣਗੇ।

◆◆◆◆

Sri Satguru Jagjit Singh Ji Elibrary NamdhariElibrary@gmail.com

# ਗੁਰੂ ਗੋਬਿੰਦ ਸਿੰਘ ਸਾਹਿਬ ਦੀ ਉਪਮਾ

ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਐਸੀ ਬਾਣੀ ਹੈ, ਜਿਸ ਵਿਚ ਆਦਿ ਤੋਂ ਅੰਤ ਤਕ ਕੇਵਲ ਸਿੱਖੀ ਦੇ ਨਾਮ ਦੀ ਚਰਚਾ ਹੈ ਅਰਥਾਤ ਬੰਦਾ ਬਹਾਦਰ ਵਰਗੇ ਸੂਰਮਿਆਂ ਨੇ ਆਪਣੀ ਸਿੱਖੀ ਨੂੰ ਬਚਾਉਣ ਵਾਸਤੇ ਆਪਣੇ ਆਪ ਨੂੰ ਸ਼ਹੀਦ ਕਰਵਾ ਦਿੱਤਾ ਸੀ।

ਮਾਨ ਸਿੰਘ ਝੌਰ ਜੀ ਦੱਸਦੇ ਨੇ ਕਿ ਮਹੱਲਾ ਕਰਤਾਰਪੁਰ ਵਿਚ ਜਿਹੜਾ ਕਿ ਰਾਵਲਪਿੰਡੀ ਦੇ ਲਾਗੇ ਸੀ, ਉਥੇ ਸਰਦਾਰ ਈਸ਼ਰ ਸਿੰਘ ਰਹਿੰਦੇ ਸੀ। ਇਕ ਦਿਨ ਸ਼ਾਹੂਕਾਰ ਅਬਰੋਲ ਰਾਏ ਨੂੰ ਪਿਛੋਂ ਸੁਨੇਹਾ ਮਿਲ ਗਿਆ ਕਿ ਜਿਹੜਾ ਤੇਰਾ ਵੱਡਾ ਕਾਕਾ ਹੈ ਨਾ, ਵੀਹਾਂ ਵਰ੍ਹਿਆਂ ਦਾ ਹੋ ਗਿਆ, ਉਹ ਤੇਰਾ ਕਾਕਾ ਮਰ ਗਿਆ ਤੇ ਸੁਣ ਕੇ ਨਾ ਮਰ ਗਿਆ ਦਾ ਸੁਨੇਹਾ ਤਸੱਲੀ ਨਾਲ ਵਾਪਸ ਆ ਗਿਆ। ਇਸ਼ਨਾਨ ਕਰਾਇਆ, ਕਪੜੇ ਪਹਿਨਾਏ, ਆਪ ਚਿੱਤਾ ਬਣਾਈ, ਆਪ ਅਰਦਾਸ ਕਰਕੇ ਆਪ ਅੱਗ ਲਾਈ ਤੇ ਤਾਂ ਵੀ ਹੱਸੂ-ਹੱਸੂ ਕਰਦਾ ਰਿਹਾ। ਜਿਹੜੇ ਉਹਦੇ ਨਾਲ ਸੀ ਨਾਮ-ਸਿਮਰਨ ਕਰਨ ਵਾਲੇ ਉਹ ਗੱਦ-ਗੱਦ ਹੋ ਗਏ। ਕਹਿਣ ਲੱਗੇ, "ਗੁਰੂ ਗੋਬਿੰਦ ਸਿੰਘ ਸਾਹਿਬ ਤੂੰ ਇਸ ਦੇ ਅੰਦਰ ਨਾਮ ਦਾ ਕਿਣਕਾ ਵਸਾ ਦਿੱਤਾ।" ਦੋ ਦਿਨ ਬਾਅਦ ਫਿਰ ਜਿਹੜਾ ਦੂਜਾ ਮੁੰਡਾ ਸੀ ਉਹ ਬਾਈ ਵਰ੍ਹਿਆਂ ਦਾ ਹੋਇਆ ਤੇ ਉਹ ਮਰ ਗਿਆ, ਉਹਦਾ ਸਸਕਾਰ ਵੀ ਉਸੇ ਤਰ੍ਹਾਂ ਕੀਤਾ, ਤੇ ਜਿਸ ਵੇਲੇ ਤੀਜਾ ਵੀਹਾਂ ਵਰ੍ਹਿਆਂ ਦਾ ਹੋਇਆ, ਦੇਵਨੇਤ ਐਸੀ ਪਈ, ਉਹ ਵੀ ਮਰ ਗਿਆ। ਜਦੋਂ ਤੀਜੇ ਨੂੰ ਅੱਗ ਲਾਉਣ ਲੱਗਾ ਤੇ ਨੇਤਰਾਂ ਵਿਚੋਂ ਜਲ ਨਿਕਲ ਆਇਆ ਤੇ ਜਿਹੜੇ ਨਾਲ ਨਾਮ-ਸਿਮਰਨ ਕਰਨ ਵਾਲੇ ਸਨ ਨਾ ਗੁਰਮੁਖ ਪਿਆਰੇ, ਉਹ ਕਹਿਣ ਲੱਗੇ, ਈਸ਼ਰ ਸਿੰਘਾ ਆਖਰ ਸਿਦਕ ਡੋਲ ਹੀ ਗਿਆ ਨਾ, ਆਖਰ ਪੁੱਤਰਾਂ ਦਾ ਮੋਹ ਆ ਹੀ ਗਿਆ ਨਾ, ਤੇ ਈਸ਼ਰ ਸਿੰਘ ਕਹਿਣ ਲੱਗਾ ਨਹੀਂ, ਗੁਰੂ ਗੋਬਿੰਦ ਸਿੰਘ ਹਾਜ਼ਰ ਨੇ, ਮੈਂ ਇਸ ਕਰਕੇ ਨਹੀਂ ਰੋਇਆ ਕਿ ਮੇਰੇ ਤਿੰਨ ਪੁੱਤ ਮਰ ਗਏ ਨੇ, ਮੈਂ ਤੇ ਇਸ ਕਰਕੇ ਰੋਇਆ ਹਾਂ ਕਿ ਕਲਗੀ ਵਾਲਿਆ ! ਤੇਰੇ ਚਾਰ ਤੇ ਮੇਰੇ ਤਿੰਨ ਹੀ ਰਹਿ ਗਏ। ਜੇ ਕਿਤੇ ਇਕ ਹੋਰ ਹੁੰਦਾ ਤਾਂ ਉਹ ਵੀ ਸਾੜ ਕੇ ਵੇਖ ਲਈਂ। ਮੈਨੂੰ ਹਸਰਤ ਇਹ ਹੈ ਕਿ ਮੇਰਾ ਚੋਥਾ ਹੈ ਨਹੀਂ। ਕਹਿੰਦੇ ਨੇ ਕਿ ਸੌ ਵਿਚੋਂ ਇਕ ਸਿੱਖ ਨੂੰ ਰੋਜ਼ ਸ਼ਹੀਦ ਕਰਦੇ ਸਨ ਦਿੱਲੀ। ਤੁਸੀਂ ਗੌਰ ਫੁਰਮਾਉ ਕਿ ਜਿਹੜੇ ਸ਼ਹੀਦ ਹੋ ਗਏ ਤੇ ਉਹਨਾਂ ਨੂੰ ਤੇ ਆਖ ਲਵਾਂਗੇ ਨਾ ਕਿ ਨਹੀਂ ਪਤਾ ਤੇ ਜਿਹੜੇ ਅਗਲੇ ਦਿਨ ਬੁਲਾਏ ਸਨ, ਉਨ੍ਹਾਂ ਨੂੰ ਤੇ ਪਤਾ ਹੈ ਨਾ ਕਿ ਸ਼ਹੀਦ ਹੋਣਾ ਹੈ। ਉਹਨਾਂ ਦੇ ਵਿਚ ਸੀ ਇਕ ਲੜਕਾ 'ਮਾਧੋ ਦਾਸ', 13 ਬਰਸ ਦੀ ਉਸ ਦੀ ਉਮਰ ਸੀ। ਉਹਦੀ ਮਾਂ ਨੇ ਸੂਬੇ ਨੂੰ ਆਖਿਆ ਕਿ ਮੇਰਾ ਪੁੱਤ ਸਿੱਖ ਨਹੀਂ ਤੇ ਉਸ ਨੂੰ ਛੱਡ ਦੇ, ਤੇ ਸੂਬੇ ਨੇ ਪੁੱਛਿਆ, "ਸੁਣਾ ਭਈ ਮਾਧੋ ਦਾਸ,

Sri Satguru Jagjit Singh Ji Elibrary NamdhariElibrary@gmail.com

ਤੂੰ ਗੁਰੂ ਗੋਬਿੰਦ ਸਿੰਘ ਦਾ ਸਿੱਖ ਨਹੀਂ ?'' ਕਹਿੰਦਾ ਸਿੱਖ ਹਾਂ। ਪਰ ਸੂਬੇਦਾਰ ਕਹਿੰਦਾ ਤੇਰੀ ਮਾਂ ਕਹਿੰਦੀ ਹੈ ਕਿ ਤੂੰ ਗੁਰੂ ਗੋਬਿੰਦ ਸਿੰਘ ਦਾ ਸਿੱਖ ਨਹੀਂ ਹੈਂ ਤੇ ਮਾਧੋ ਦਾਸ ਕਹਿਣ ਲੱਗਾ, ਇਹ ਮੇਰੀ ਮਾਂ ਈ ਨਹੀਂ। ਜੇ ਤੇਰੀ ਮਾਂ ਹੁੰਦੀ ਤਾਂ ਮੈਨੂੰ ਇੰਝ ਕਹਿ ਸਕਦੀ ਸੀ ? ਜਿਹੜੀ ਮੈਨੂੰ ਕਹਿੰਦੀ ਹੈ ਨਾ ਇਹ ਗੁਰੂ ਗੋਬਿੰਦ ਸਿੰਘ ਦਾ ਸਿੱਖ ਨਹੀਂ, ਇਹ ਮੇਰੀ ਮਾਂ ਈ ਨਹੀਂ ਹੋ ਸਕਦੀ। ਮੈਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਹਾਂ, ਤੇ ਸ਼ਹੀਦ ਹੋ ਗਿਆ ਤੇ ਬਾਬੇ ਬੰਦਾ ਸਿੰਘ ਬਹਾਦਰ ਦੇ ਜੀਉਂਦੇ ਦੇ ਨੇਤਰ ਕੱਢ ਦਿੱਤੇ ਸਨ, ਸਲਾਈਆਂ ਨਾਲ ਜੀਉਂਦੇ ਦੇ ਡੇਲੇ ਬਾਹਰ ਕੱਢ ਦਿੱਤੇ ਸਨ, ਸਲਾਈਆਂ ਨਾਲ ਜੀਉਂਦੇ ਦੇ ਡੇਲੇ ਬਾਹਰ ਕੱਢ ਕੇ ਅੰਨ੍ਹਾ ਕਰ ਦਿੱਤਾ ਸੀ, ਪਰ ਜਦੋਂ ਉਹ ਜੀਉਂਦਾ ਸੀ ਨਾ ਤੇ ਉਦੋਂ ਉਸ ਦੇ ਬੱਚੇ ਦਾ ਜਮੂਰ ਨਾਲ ਤੋੜ ਕੇ ਮਾਸ ਖਿੱਚ ਕੇ ਤੇ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾ ਦਿੱਤੀ, ਪੁੱਤਰ ਦੇ ਮਾਸ ਦੀ ਬੋਟੀ। ਸੂਬੇ ਨੇ ਪੁੱਛਿਆ, ''ਡਰ ਨਹੀਂ ਆਉਂਦਾ ?'' ਤਾਂ ਉਹ ਹੱਸਿਆ, ਤੇ ਸੂਬੇ ਨੇ ਪੁੱਛਿਆ ਫਿਰ ਹੱਸਿਆ ਕਿਉਂ ਹੈਂ ? ਬੰਦਾ ਸਿੰਘ ਬਹਾਦਰ ਕਹਿਣ ਲੱਗਾ, ਜਦੋਂ ਮੁੰਡਾ ਵਿਆਉਣ ਜਾਈਦਾ ਹੈ ਨਾ, ਤੇ ਉਦੋਂ ਸੱਸ ਉਸ ਦੇ ਮੂੰਹ ਵਿਚ ਲੱਡੂ ਪਾਉਂਦੀ ਹੈ ਤੇ ਮੈਂ ਹਾਂ ਆਜ਼ਾਦੀ ਦਾ ਲਾੜਾ, ਤੇ ਤੁਸਾਂ ਮੇਰੇ ਮੂੰਹ ਵਿਚ ਲੱਡੂ ਪਾ ਦਿੱਤਾ ਹੈ ਤੇ ਹੁਣ ਖਾਲਸੇ ਨੇ ਆਜ਼ਾਦੀ ਵਿਆਹ ਹੀ ਲੈਣੀ ਹੈ। ਫਿਰ ਉਸ ਨੂੰ ਅੰਨ੍ਹਿਆਂ ਕੀਤਾ ਗਿਆ ਤੇ ਸੂਬੇ ਨੇ ਪੁੱਛਿਆ, ਬੰਦਾ ਬਹਾਦਰ ਕਿਹੋ ਜਿਹੀ ਮੌਤ ਤੂੰ ਚੰਗੀ ਸਮਝਣਾ ਹੈਂ ? ਅੰਨ੍ਹੇ ਹੋਏ ਨੇ ਆਖਿਆ ਜਿਹੋ ਜਿਹੀ ਮੌਤ ਤੈਨੂੰ ਆਪਣੇ ਲਈ ਚੰਗੀ ਲੱਗਦੀ ਹੈ ਨਾ, ਉਸ ਮੌਤੇ ਮੈਨੂੰ ਮਾਰ ਦੇ, ਆਖਿਰ ਤੂੰ ਵੀ ਤੇ ਮਰਨਾ ਈ ਹੈ ਨਾ ਤੇ ਹਕੀਕਤ ਵਿਚ ਹੈ ਕਿ ਜਿਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਹੀਦ ਕੀਤਾ ਸੀ, ਉਸੇ ਤਰ੍ਹਾਂ ਸੂਬੇ ਨਾਲ ਵੀ ਹੋਇਆ। ਬਾਬੇ ਬੰਦਾ ਸਿੰਘ ਬਹਾਦਰ ਦੇ ਨੇਤਰਾਂ ਵਿਚੋਂ ਅੱਥਰੂ ਨਹੀਂ ਸਨ ਨਿਕਲੇ। ਉਹਦੇ ਪੁੱਤਰ ਦੇ ਅੱਖਾਂ ਵਿਚੋਂ ਵੀ ਅੱਥਰੂ ਨਹੀਂ ਸਨ ਨਿਕਲੇ। ਗੁਰੂ ਕੇ ਭਾਣੇ ਨੂੰ ਮਿੱਠਾ ਕਰਕੇ ਮੰਨ ਕੇ ਸ਼ਹੀਦੀ ਦੇ ਰਸਤਿਆਂ ਉੱਤੇ ਤੁਰਦੇ ਰਹੇ। ਸਾਹਿਬ ਸੱਚਾ ਪਾਤਿਸ਼ਾਹ ਨਾਨਕ ਨਿਰੰਕਾਰੀ ਫੁਰਮਾ ਰਹੇ ਨੇ:

*"ਤਿਨ ਬਲ਼ਿਹਾਰੈ ਜਾਇ ਨਾਨਕ ਤਿਨ ਬਲਿਹਾਰੈ ਜਾਇ॥"*

ਚੌਦਾਂ ਸੌ ਸਿੱਖਾਂ ਵਿਚੋਂ ਇਕ ਨਹੀਂ ਕੰਬਿਆ। ਜਿਸ ਨੂੰ ਜਦੋਂ ਵੀ ਇਹ ਵਾਕਿਆ ਯਾਦ ਆਉਂਦਾ ਹੈ, ਨਾਲ ਇਕ ਮੁਸਲਮਾਨ ਦੋਸਤ ਵੀ ਚੇਤੇ ਆਉਂਦਾ ਹੈ। ਉਹ ਕਹਿੰਦਾ ਹੈ:

*"ਦਾਤ ਦਿੱਤੀ ਹੈ ਗਰਦਿਸ਼ੇ ਦੌਰਾਨ,*
*ਜ਼ਿੰਦਗੀ ਇਹਤਰਾਮ ਕਰਤੀ ਹੈ।*
*ਇਸ਼ਕ ਜਬ ਮੌਤ ਸੇ ਉਲਝਤਾ ਹੈ ਤੋ,*
*ਮੌਤ ਝੁਕ ਕਰ ਸਲਾਮ ਕਰਤੀ ਹੈ।"*

ਮੌਤ ਸ਼ਿਕਸਤ ਖਾ ਜਾਂਦੀ ਹੈ ਸੱਚੇ ਪ੍ਰੇਮ ਦੇ ਸਾਹਮਣੇ। ਦਿਆਲੇ ਨੂੰ ਉਬਾਲ ਦਿੱਤਾ ਗਿਆ ਤੇ ਗੁਰੂ ਤੇਗ ਬਹਾਦਰ ਨੇ ਸੀਖਾਂ ਵਾਲੇ ਪਿੰਜਰੇ ਤੋਂ ਪੁੱਛਿਆ, ''ਦਿਆਲਿਆ ਪੀੜ ਨਹੀਂ

ਹੁੰਦੀ ? ਉਬਲਦੇ ਪਾਣੀ ਵਿਚ ਤੈਨੂੰ ਬੈਠਾ ਦਿੱਤਾ ਹੈ ਤੇ ਢੱਕਣ ਦੇ ਦਿੱਤਾ ਤੇ ਪੁੱਛਿਆ ਪੀੜ ਨਹੀਂ ਹੁੰਦੀ ?'' ਤੇ ਦਿਆਲੇ ਆਖਿਆ, ''ਮਹਾਰਾਜ ਪੰਜਵੇਂ ਜਾਮੇ ਵਿਚ ਤੁਸੀਂ ਆਏ ਸੋ। ਤੁਸਾਂ ਦੇਗ ਵਿਚ ਚਾਰ ਪਹਿਰ ਉਬਾਲੇ ਖਾ ਕੇ ਜਿਹੜਾ ਸਾਨੂੰ ਸਬਕ ਪੜ੍ਹਾਇਆ ਸੀ, ਉਹ ਅਸੀਂ ਪੰਜਵੇਂ ਜਾਮੇ ਤੋਂ ਪੜ੍ਹਨ ਲੱਗ ਪਏ ਤੇ ਮਹਾਰਾਜ ਹੁਣ ਨੌਵਾਂ ਜਾਮਾ ਆਇਆ ਹੈ, ਪਰ ਜੋਤ ਤਾਂ ਉਹੀ ਹੈ ਨਾ, ਕਾਇਆਂ ਦਾ ਈ ਹੇਰ-ਫੇਰ ਹੈ ਨਾ। ਹੁਣ ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਤੁਹਾਡਾ ਪੜ੍ਹਾਇਆ ਹੋਇਆ ਸਬਕ ਅਸੀਂ ਭੁੱਲੇ ਨਹੀਂ।'' ਭਾਈ ਦਿਆਲੇ ਦੇ ਸਬੰਧ ਵਿਚ ਪ੍ਰਵਾਨਾ ਕੌਲ ਤੁਸੀਂ ਸੁਣ ਹੀ ਲਿਆ ਹੋਵੇਗਾ ਕਿ ਇਹ ਭਾਈ ਮਨੀ ਸਿੰਘ ਸਾਹਿਬ ਦਾ ਸਕਾ ਭਰਾ ਜੇ, ਤੇ ਭਾਈ ਮਨੀ ਸਿੰਘ ਸਾਹਿਬ ਜੀ 12 ਸਕੇ ਭਰਾ ਸਨ ਤੇ ਬਾਰਾਂ ਵਿਚੋਂ ਦਸ ਸ਼ਹੀਦ ਹੋਏ। ਕਿੱਡੇ ਭਾਗਾਂ ਵਾਲੀ ਉਹ ਮਾਂ ਹੋਵੇਗੀ, ਕਿੰਨਾ ਚੰਗਾ ਉਸ ਦਾ ਪਵਿੱਤਰ ਦੁੱਧ ਹੋਵੇਗਾ, ਭਾਈ ਸਾਹਿਬ ਦੇ ਪਿਉ ਦੀ ਕਮਾਈ ਕਿੰਨੀ ਪਵਿੱਤਰ ਹੋਵੇਗੀ, ਜਿਸ ਦੀ ਕਮਾਈ ਖਾਣ ਵਾਲੇ ਬਾਰਾਂ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਫੌਜ ਵਿਚ ਰਲ ਕੇ ਸ਼ਹੀਦ ਹੋਏ ਤੇ ਪਿਉ ਦੀਆਂ ਅੱਖਾਂ ਵਿਚੋਂ ਅੱਥਰੂ ਨਹੀਂ ਨਿਕਲੇ। ਭਾਈ ਮਨੀ ਸਿੰਘ ਸਾਹਿਬ ਦੇ ਦਸ ਬੇਟੇ ਸਨ, ਜਿਸ ਨੇ ਹਾਥੀ ਦੇ ਮੱਥੇ ਤੇ ਬਰਛਾ ਮਾਰਿਆ ਸੀ ਭਾਈ ਬਚਿੱਤਰ ਸਿੰਘ, ਉਹ ਭਾਈ ਮਨੀ ਸਿੰਘ ਸਾਹਿਬ ਦਾ ਪੁੱਤਰ ਸੀ। ਦਸ ਸਕੇ ਭਰਾ ਸਨ, ਉਹਨਾਂ ਵਿਚੋਂ ਸੱਤ ਸ਼ਹੀਦ ਹੋਏ ਨੇ। ਇਕ ਖਾਨਦਾਨ ਦੇ ਇੰਨੇ ਆਦਮੀ ਸ਼ਹੀਦ ਹੋ ਜਾਣੇ ਤੇ ਫੇਰ ਵੀ ਖਾਨਦਾਨ ਦਾ ਸਿੱਖੀ ਵਲੋਂ ਮੂੰਹ ਨਾ ਮੁੜਨਾ ਤੇ ਬਾਬਾ ਨਾਨਕ ਪੂਰਨੇ ਪਾ ਕੇ ਛੱਡ ਗਿਆ:

*"ਤਿਨ ਬਲਿਹਾਰੈ ਜਾਇ ਨਾਨਕ ਤਿਨ ਬਲਿਹਾਰੈ ਜਾਇ॥"*

ਲਾਹੌਰ ਹੋਈ "SIKH EDUCATIONAL CONFERENCE", ਤਮਾਮ ਸਿੱਖ ਰਾਜੇ ਮੌਜੂਦ ਸਨ, ਗੰਗਾ ਰਾਮ ਮੌਜੂਦ ਸੀ, ਕਾਨਸਟੇਬਲ ਸ੍ਰ: ਜੋਗਿੰਦਰ ਸਿੰਘ ਮੌਜੂਦ ਸੀ, ਸ੍ਰੀ ਮਾਨ ਸੰਤ ਬਾਬਾ ਅਟੱਲ ਸਿੰਘ ਮੌਜੂਦ ਸਨ ਤੇ ਜੋਗੀ ਅਲਾਯਾਖਾਨ ਨੇ ਦੋ ਚੀਜ਼ਾਂ ਲਿਖੀਆਂ ਸਨ ''ਗੰਜਿ ਸ਼ਹੀਦਾਂ,'' ''ਸ਼ਹੀਦ-ਆਨੇ-ਵਫਾ''। ਇਹ ਨਿਰਾ ਨੇਤਰਾਂ ਨਾਲ ਵੇਖਿਆ ਹੋਇਆ ਵਾਕਿਆ ਹੈ। ਜਿਸ ਵੇਲੇ ਜੋਗੀ ਅਲਾਯਾਖਾਨ ਨੇ ਉਹ ਪੜ੍ਹ ਕੇ ਸੁਣਾਏ ਨਾ ਦੋਵੇਂ ਤੇ ਮੈਂ ਵੇਖਿਆ ਰਾਜਿਆਂ, ਮਹਾਰਾਜਿਆਂ ਨੇ ਦੂਜੀ ਵੇਰਾਂ ਰੁਮਾਲ ਬਦਲਿਆ ਸੀ ਰੋਂਦਿਆਂ-ਰੋਂਦਿਆਂ। ਮਹਾਰਾਜਾ ਸਾਹਿਬ ਨਾਭਾ, ਇਉਂ ਮਾਲੂਮ ਹੁੰਦਾ ਸੀ ਕਿ ਇਹ ਹਾਲੋਂ-ਬੇਹਾਲ ਹੋ ਗਏ ਨੇ, ਇੰਨਾ ਵੈਰਾਗ ਸੀ ਉਨ੍ਹਾਂ ਪੁਸਤਕਾਂ ਵਿਚ। ਜਿੰਨੇ ਬਾਗਬਾਨ-ਪੁਰੇ ਦੇ ਮੁਸਲਮਾਨ ਸਨ, ਸਾਰੇ ਅਲਾਯਾਖਾਨ ਨਾਲ ਨਰਾਜ਼ ਹੋ ਗਏ, ਭਈ ਇਹ ਕਾਫਰ ਹੈ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੁੱਤਰਾਂ ਦੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਤਨੀ ਤਾਰੀਫ, ਉਨ੍ਹਾਂ ਸੜਿਆਂ ਹੋਇਆਂ ਨੇ ਅਗਲੇ ਦਿਨ ਮਸੀਤੇ ਬੈਠ ਕੇ ਅਲਾਯਾਖਾਨ ਨੂੰ ਕਾਫਰ ਦਾ ਫੱਤਵਾ ਲਾ ਦਿੱਤਾ, ਕਿ ਇਹ ਮਸੀਤੇ ਨਹੀਂ ਵੜ ਸਕਦਾ। ਕਈ ਵਰ੍ਹੇ ਅਲਾਯਾਖਾਨ ਮਸੀਤੇ ਨਹੀਂ ਆਇਆ। ਜਦੋਂ ਅਲਾਯਾਖਾਨ ਬੁੱਢਾ ਹੋ ਗਿਆ, ਫਿਰ

ਅੱਠ ਦਸ ਮੁਸਲਮਾਨ ਆਏ, ਕਹਿਣ ਲੱਗੇ, "ਚਲ ਅਲਾਯਾਖਾਨ, ਅੱਜ ਜੁਮੇ ਦਾ ਮੁਕੱਦਸ ਦਿਨ ਹੈ ਤੇ ਚਲ ਮਸੀਤੇ" ਤੇ ਅਲਾਯਾਖਾਨ ਹੱਸ ਕੇ ਕਹਿਣ ਲੱਗਾ, ਬਾਬਾ ! ਮਸੀਤੇ ਜਾਣੋਂ ਤੇ ਮੈਂ ਅਧਿਕਾਰੀ ਨਹੀਂ, ਜਦੋਂ ਦਾ ਤੁਸੀਂ ਮੈਨੂੰ ਫੱਤਵਾ ਲਾਇਆ ਹੈ ਨਾ ਕਾਫਰ ਦਾ, ਨਮਾਜ ਮੈਂ ਨਹੀਂ ਛੱਡੀ, ਘਰੇ ਹੀ ਪੜ੍ਹ ਲੈਂਦਾ ਹਾਂ ਤੇ ਮੈਂ ਮਸੀਤੇ ਜਾਣ ਤੋਂ ਨਾਂਹ ਨਹੀਂ ਕਰਦਾ, ਪਰ ਮੈਂ ਮਾਫੀ ਮੰਗਣ ਨਹੀਂ ਜਾਣਾ, ਕਿਉਂਕਿ ਮੈਂ ਪਾਪ ਨਹੀਂ ਕੀਤਾ, ਸਚਾਈ ਲਿਖੀ ਹੈ, ਹਕੀਕਤ ਲਿਖੀ ਹੈ। ਜਦੋਂ ਇਹ ਕਾਫਰ ਚਮਕੌਰ ਦੇ ਕਿਲ੍ਹੇ ਵਿਚ ਆਏ ਤਾਂ ਸਿੱਖ ਸੁੱਤੇ ਪਏ ਸਨ ਤੇ ਹਜ਼ੂਰ ਡੇਢ ਘੜੀ ਰਾਤ ਆਪਣੇ ਤੰਬੂ ਵਿਚੋਂ ਨਿਕਲੇ, ਸਿੱਖਾਂ ਵੱਲ ਵੇਖਿਆ, ਕਈਆਂ ਦੇ ਦਸਤਾਰੇ ਉਤਰੇ ਹੋਏ ਸੀ, ਚੇਹਰਿਆਂ ਉੱਤੇ ਗਰਦਾ ਸੀ, ਕਾਠੀਆਂ ਉੱਤੇ ਸਿਰ ਰੱਖੇ ਹੋਏ ਸਨ, ਕਈਆਂ ਨੇ ਧਾਰ ਹੀ ਆਪਣੀ ਸਹਰਾਨੇ ਥੱਲੇ ਰੱਖੀ ਹੋਈ ਸੀ ਤੇ ਅਲਾਯਾਖਾਨ ਕਹਿੰਦਾ ਹੈ, "ਜੇ ਕਿਤੇ ਸਿੱਖ ਦੇ ਸਿਰ ਵਲੋਂ ਦੀ ਲੰਘੇ ਨਾ ਗੁਰੂ ਗੋਬਿੰਦ ਸਿੰਘ ਸਾਹਿਬ ਚਮਕੌਰ ਕੇ ਕਿਲ੍ਹੇ ਵਿਚ ਤੇ ਉਹਨਾਂ ਸਿੱਖਾਂ ਦੇ ਮੱਥੇ ਚੁੰਮੇ, ਮੂੰਹ ਚੁੰਮਿਆ, ਸਿੱਖਾਂ ਦੀਆਂ ਨਾਤਾਂ ਚੁੰਮੀਆਂ, ਇਹਨਾਂ ਨਾੜਾਂ ਨੇ ਦੁਸ਼ਮਣ ਦਾ ਵਾਰ ਆਪਣੇ ਤੇ ਝੱਲਣਾ ਹੈ ਦੇਸ਼ ਦੀ ਆਜ਼ਾਦੀ ਖਾਤਿਰ, ਤੇਰੇ ਗਲੇ ਦੀਆਂ ਨਾੜਾਂ ਧੰਨ, ਤੇਰਾ ਮਸਤਕ ਧੰਨ, ਤੇਰਾ ਚਿਹਰਾ ਧੰਨ, ਜਿਸ ਤੇ ਲਾਲੀਆਂ ਚੜ੍ਹਨੀਆਂ ਨੇ। ਜੇ ਸਿਰ ਵਲੋਂ ਦੀ ਲੰਘੇ ਤੇ ਆਪਣੇ ਸਿੱਖ ਦਾ ਸਿਰ ਚੁੰਮਿਆ ਤੇ ਕਿਸੇ ਸਿੱਖ ਨੂੰ ਵੇਖਦੇ-ਵੇਖਦੇ ਉਸ ਦੇ ਪੈਰਾਂ ਵਲੋਂ ਦੀ ਜੇ ਲੰਘੇ ਤੇ ਉਸ ਦੇ ਚਰਨ ਚੁੰਮੇ, ਉਸ ਦੇ ਪੈਰਾਂ ਨੂੰ ਪਿਆਰ ਦਿੱਤਾ ਤੇ ਕਿਹਾ, "ਸਿੱਖਾ ! ਧੰਨ ਹਨ ਤੇਰੇ ਇਹ ਪੈਰ ਜਿਨ੍ਹਾਂ ਨੇ ਦੁਸ਼ਮਣਾਂ ਵੱਲ ਟੁੱਟ-ਟੁੱਟ ਕੇ ਪੈਣਾ ਹੈ।" ਅੱਗੇ ਅਲਾਯਾਖਾਨ ਜੋਗੀ ਨੇ ਲਿਖਿਆ ਹੈ ਕਿ ਬੜੇ ਪੀਰ ਪੈਗੰਬਰ ਆਏ ਨੇ, ਪਰ ਜਿਹੋ ਜਿਹਾ ਪਿਆਰ ਗੁਰੂ ਗੋਬਿੰਦ ਸਿੰਘ ਨੇ ਕੀਤਾ ਹੈ, ਉਹੋ ਜਿਹਾ ਕਿਸੇ ਨੇ ਨਹੀਂ ਕੀਤਾ ਤੇ ਆਪ ਖਾਲਸੇ ਨੂੰ ਅੰਮ੍ਰਿਤ ਦੇ ਕੇ ਛਕਾ ਕੇ ਫਿਰ ਉਹਨਾਂ ਅੱਗੇ ਹੱਥ ਜੋੜ ਕੇ ਖਲੋ ਜਾਣਾ ਤੇ ਕਹਿਣਾ, ਮੈਂ ਅਜੇ ਗੋਬਿੰਦ ਰਾਏ ਹਾਂ ਤੇ ਮੈਨੂੰ ਗੋਬਿੰਦ ਸਿੰਘ ਬਣਾ ਦਿਓ। ਇੰਨਾ ਕੁਝ ਕਰਕੇ ਫਿਰ ਖਾਲਸੇ ਦੀ ਉਪਮਾ ਆਪਣੀ ਰਸਨਾ ਨਾਲ ਗਾਉਂਦਿਆਂ-ਗਾਉਂਦਿਆਂ ਇਹ ਨਹੀਂ ਕਿਹਾ ਕਿ ਖਾਲਸਾ ਮੈਂ ਬਣਾਇਆ ਹੈ, ਕਹਿੰਦੇ ਨੇ:

*"ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥"*

ਚਾਰੇ ਪੁੱਤਰ ਸ਼ਹੀਦ ਕਰਵਾ ਕੇ, ਮਾਂ ਪਿਉ ਸ਼ਹੀਦ ਕਰਵਾ ਕੇ, ਸਿੱਖਾਂ ਨੂੰ ਕੁਰਬਾਨ ਕਰ ਦਿੱਤਾ। ਅਲਾਯਾਖਾਨ ਫਿਰ ਬਾਬੇ ਨੂੰ ਕਹਿਣ ਲੱਗਾ ਕਿ ਮੈਂ ਮਸੀਤੇ ਉਸ ਤਰ੍ਹਾਂ ਚਲਾ ਜਾਵਾਂਗਾ, ਪਰ ਮੈਂ ਮਾਫੀ ਮੰਗਣ ਨਹੀਂ ਜਾਣਾ ਤੇ ਉਹ ਰਾਹੀ ਸੀ ਨਾ, ਉਹ ਖਿੱਝ ਗਿਆ, ਕਹਿਣ ਲੱਗਾ, "ਓ ਆਲਾਯਾਖਾਨ ! ਤੂੰ ਕਾਫਰ ਹੋ ਕੇ ਮਰਨਾ ਹੈ" ਤੇ ਫਿਰ ਅਲਾਯਾਖਾਨ ਹੱਸ ਪਿਆ ਤੇ ਕਹਿਣ ਲੱਗਾ, "ਬਾਬਾ ! ਜੇ ਮੈਂ ਕਾਫਰ ਹੋਵਾਂਗਾ ਤੇ ਹਜ਼ਰਤ ਮੁਹੰਮਦ ਵਲੋਂ ਈ ਹੋਵਾਂਗਾ ਨਾ, ਗੁਰੂ ਗੋਬਿੰਦ ਸਿੰਘ ਦੀ ਗੋਦ ਮੇਰੇ ਵਾਸਤੇ ਖਾਲੀ ਹੈ, ਗੁਰੂ ਗੋਬਿੰਦ ਸਿੰਘ ਮੈਨੂੰ ਆਪਣੀ

Sri Satguru Jagjit Singh Ji Elibrary NamdhariElibrary@gmail.com

ਗਲਵੱਕੜੀ ਵਿਚ ਲੈ ਲਵੇਗਾ। ਮੈਂ ਨਹੀਂ ਝੂਠ ਬੋਲਿਆ, ਮੈਂ ਮਾਫੀ ਮੰਗਣ ਨਹੀਂ ਜਾਣਾ।''

*"ਤਿਨ ਬਲਿਹਾਰੈ ਜਾਇ ਨਾਨਕ ਤਿਨ ਬਲਿਹਾਰੈ ਜਾਇ॥"*
*"ਤੇਰੇ ਦਰਬਾਰ ਕੀ ਆਲੀ ਨਿਰਾਲੀ ਸ਼ਾਨ ਯਹ ਦੇਖੀ।*
*ਸਦਾਕਤ ਭੀ ਗਲੀਓਂ ਕੇ ਚੱਕਰ ਕਾਟਤੀ ਦੇਖੀ।*
*ਝੁਕਾਇਆ ਜਿਸ ਨੇ ਭੀ ਸਿਰ ਤਿਉਂ ਦਰਬਾਰੇ ਮੇਂ ਐ ਮਾਲਕ,*
*ਤੁਝੇ ਦੇਤਾ ਨਹੀਂ ਦੇਖਾ ਪਰ ਝੋਲੀ ਭਰੀ ਦੇਖੀ ਹੈ।"*

ਇਸ ਪੰਕਤੀ ਦਾ ਇਹ ਅਰਥ ਹੈ ਕਿ ਦੇਣ ਵਾਲੇ ਦਾਤਿਆ ! ਆਪ ਤੇ ਭਾਵੇਂ ਤੂੰ ਲੱਭੇਂ ਕਿ ਨਾ ਲੱਭੇਂ, ਪਰ ਜਿਹੜਾ ਤੇਰੇ ਦਰਬਾਰ ਤੇ ਝੁਕ ਜਾਏ ਨਾ, ਉਸ ਦੀ ਤੂੰ ਝੋਲੀ ਭਰ ਦੇਨਾ ਹੈਂ। ਰਾਇ ਬੁਲਾਰ ਨਾਨਕ-ਨਾਨਕ ਜਪਦਾ ਜੰਗਲਾਂ ਵੱਲ ਚਲਿਆ ਗਿਆ, ਕਾਜ਼ੀ ਮੌਲਾਨੇ ਨੇ ਲੱਭਿਆ, ਤੀਜੇ ਕੁ ਦਿਨ ਤੇ ਮੌਲਾਨਾ ਜੀ ਗੱਲੀਂ ਪੈ ਗਏ ਤੇ ਕਹਿਣ ਲੱਗੇ, ''ਰਾਏ ਜੀ ! ਤੁਸੀਂ ਕੁਰਾਨੇ ਕਰੀਮ ਦੇ ਹਾਫ਼ਿਜ਼ ਹੋ, ਸ਼ੀਤਲ ਮਿਲਾਪ ਕਰਦੇ ਹੋ, ਜੁੰਮੇ ਦੀ ਦੇਗ ਵੰਡਦੇ ਹੋ, ਇਹ ਤੁਹਾਨੂੰ ਕੀ ਹੋ ਗਿਆ ? ਇਕ ਹਿੰਦੂ ਦੇ ਮੁੰਡੇ ਪਿੱਛੇ ਲੱਗ ਪਏ।'' ਤੇ ਰਾਏ ਬੁਲਾਰ ਨੇ ਛੇਤੀ ਨਾਲ ਰੋਕ ਦਿੱਤਾ, ਜਿੰਨਾ ਤੁਸੀਂ ਬੋਲਣਾ ਸੀ, ਬੋਲ ਬੈਠੇ, ਦੇਖੀਂ ! ਨਾਨਕ ਨਿਰੰਕਾਰੀ ਦੇ ਖਿਲਾਫ ਕੋਈ ਰੁੱਖਾ ਲਫਜ਼ ਨਾ ਕਹਿ ਬੈਠੀਂ।

*"ਗੁਰੂ ਜੀ ਬੜੇ ਮਰਦ-ਮਰਦ ਕੇ ਖੁਦਾ ਹੈਂ।*
*ਸਿਖਾਵਤ ਕੇ ਪੁਤਲੇ ਹੈਂ, ਬੜੇ ਗੁਪਤਗਾਹ ਹੈਂ।*
*ਵੋਹ ਹਰੇਕ ਮਰਦ ਕੀ ਮੁਜ਼ਰਤ ਦੁਆ ਹੈਂ।*
*ਵੋਹ ਜ਼ਾਹਿਰ ਹੈਂ ਇਨਸਾਨ ਲੇਕਿਨ ਬਾਖੇ ਖੁਦਾ ਹੈਂ।"*

ਵੇਖਣ ਨੂੰ ਭਾਵੇਂ ਤੈਨੂੰ ਮਨੁੱਖਾਂ ਵਰਗੀ ਸੂਰਤ ਨਜ਼ਰ ਆਉਂਦੀ ਹੈ ਕਾਜ਼ੀਆ ! ਪਰ ਅੰਦਰੋਂ ਰੱਬ ਨੇ, ਤੇਰੀਆਂ ਅੱਖਾਂ ਉਹਨਾਂ ਨੂੰ ਨਹੀਂ ਪਛਾਣ ਸਕਦੀਆਂ। ਇਹ ਤੇ ਕਿਤੇ ਲਹਿਣੇ ਦੇ ਨੇਤਰ ਹੋਣ ਤੇ ਉਹ ਉਹਨੂੰ ਪਛਾਣਨ ਤੇ ਪਛਾਣਦਿਆਂ ਸਾਰ ਬਦੋ-ਬਦੀ ਬੋਲ ਉਠਣਗੇ:

*"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥"*

ਜਿਨ੍ਹਾਂ ਨੇ ਸਿੱਖੀ ਕਮਾਈ ਹੈ ਨਾ, ਭਲਾ ਉਹਨਾਂ ਦੇ ਜੀਵਨ ਵੱਲ ਸਾਰੇ ਮਾਈ ਭਾਈ ਧਿਆਨ ਮਾਰਨ, ਉਹਨਾਂ ਸਾਰਾ ਦਿਨ ਮਜ਼ੂਰੀ ਕੀਤੀ, ਲੋਕਾਂ ਦੀਆਂ ਵੱਡੀਆਂ-ਵੱਡੀਆਂ ਗੱਠਾਂ ਤੇ ਪੰਡਾਂ ਚੁਕ ਕੇ, ਤਿੰਨ-ਤਿੰਨ ਮੰਜ਼ਲਾਂ ਚੜ੍ਹਨਾ। ਇੰਨੀ ਮਜ਼ੂਰੀ ਤੇ ਰਾਤ ਨੂੰ ਤਿੰਨ ਪੈਸੇ ਮਿਲੇ ਤੇ ਤਿੰਨ ਪੈਸੇ ਲੈ ਕੇ ਲਹਿਣੇ ਦੀ ਦੁਕਾਨ ਤੇ ਚਲਾ ਗਿਆ। ਗੁਰੂ ਕਾ ਸਿੱਖ ਸਿਮਰਨ ਅਭਿਆਸ ਦਾ ਮਾਲਕ ਹੈ। ਸਿੱਖੀ ਕੋਈ ਨਾਵਲ ਨਹੀਂ, ਸਿੱਖੀ ਕੋਈ ਕਥਾ ਨਹੀਂ, ਸਿੱਖੀ ਕੋਈ ਲਿਖਿਆ ਹੋਇਆ ਨਾਟਕ ਨਹੀਂ। ਇਹ ਤੇ ਇਕ ਬੜੀ ਅਜੀਬ ਜਿਹੀ ਚੀਜ਼ ਹੈ, ਜਿਸ ਨੂੰ ਸਮਝਣੋਂ ਅਸੀਂ ਕਾਫ਼ਰ ਹੋ ਗਏ

ਤੇ ਜਾ ਕੇ ਲਹਿਣੇ ਨੂੰ ਆਖਿਆ, ਲਹਿਣਿਆ, ਭਾਈ ਲਹਿਣਿਆ ! ਇਕ ਮੈਂ ਹਾਂ, ਇਕ ਮੇਰੀ ਇਸਤਰੀ ਹੈ, ਤੇ ਉਸ ਦੀ ਗੋਦ ਵਿਚ ਇਕ ਢਾਈਆਂ ਕੁ ਵਰ੍ਹਿਆਂ ਦਾ ਬੱਚਾ ਹੈ, ਅਜੇ ਦੁੱਧ ਪੀਂਦਾ ਹੈ ਤੇ ਮੈਂ ਸਵੇਰ ਦਾ ਭੁੱਖਾ ਈ ਮਜ਼ੂਰੀ ਕਰਨ ਚਲਿਆ ਗਿਆ ਸਾਂ, ਰਾਤੀਂ ਰੋਟੀ ਖਾਧੀ ਸੀ, ਪਰ ਸਵੇਰ ਜੋਗਾ ਆਟਾ ਘਰ ਹੈ ਨਹੀਂ ਸੀ। ਜਿਨ੍ਹਾਂ ਨੇ ਸਿੱਖੀ ਕਮਾਈ ਹੈ, ਮਾਨ ਸਿੰਘ ਝੌਰ ਜੀ ਦੱਸਦੇ ਨੇ, ਮੈਂ ਉਹਨਾਂ ਦੀ ਹਾਲਤ ਦੱਸ ਰਿਹਾ ਹਾਂ। ਤਿੰਨ ਜੀਅ ਸੀ, ਰਾਤੀਂ ਭੁੱਖੇ ਈ ਸੌਂ ਗਏ ਸਾਂ, ਆਟਾ ਹੈ ਨਹੀਂ ਤੇ ਹੁਣ ਵੀ ਸਵੇਰ ਦੀ ਮਜ਼ੂਰੀ ਕਰਦਾ ਹਾਂ, ਇਸਤਰੀ ਮੇਰੀ ਉਡੀਕ ਰਹੀ ਹੈ ਤੇ ਇਹ ਲੈ ਪੈਸੇ ਤਿੰਨ, ਜਿੰਨਾ ਪੈਸਿਆਂ ਦਾ ਸੀਦਾ ਆਉਂਦਾ ਹੈ ਨਾ, ਓਨਾ ਮੈਨੂੰ ਦੇ ਦਿਉ। ਲਹਿਣਾ ਸੋਚੀਂ ਪੈ ਗਿਆ, ਤਿੰਨ ਪੈਸੇ, ਤਿੰਨ ਜੀਅ, ਰਾਤ ਦੇ ਭੁੱਖੇ, ਸਵੇਰ ਦਾ ਵੀ ਭੁੱਖਾ, ਹੁਣ ਜਾ ਕੇ ਜੇ ਪ੍ਰਸ਼ਾਦ ਛੱਕ ਕੇ ਸੌਂ ਗਿਆ, ਸਵੇਰ ਜੋਗਾ ਫਿਰ ਆਟਾ ਨਹੀਂ ਬਚਣਾ, ਤਿੰਨਾਂ ਪੈਸਿਆਂ ਦਾ ਕਿੰਨਾ ਕੁ ਸੀਦਾ ਹੋਵੇਗਾ। ਨਾਲੇ ਸੌਦਾ ਤੋਲਦਾ ਰਿਹਾ ਲਹਿਣਾ, ਨਾਲੇ ਸੋਚਾਂ ਸੋਚਦਾ ਰਿਹਾ ਲਹਿਣਾ। ਜਿਸ ਵੇਲੇ ਤਿੰਨਾਂ ਪੈਸਿਆਂ ਦਾ ਸੌਦਾ ਤੋਂ ਗਿਆ ਪੂਰਾ ਤੇ ਲਹਿਣੇ ਨੇ ਆਪਣੇ ਵਲੋਂ ਤਿੰਨ ਬੁੱਕ ਆਟੇ ਦੇ ਭਰ ਕੇ ਭਾਈ ਸ਼ੀਹੇਂ ਦੇ ਆਟੇ ਵਿਚ ਪਾ ਦਿੱਤੇ। ਭਾਈ ਸ਼ੀਹਾਂ ਇਕ ਦਮ ਕੰਬ ਗਿਆ, ਡੁੱਲ੍ਹ ਗਿਆ, ਥੜਥੜਾ ਗਿਆ, ਹੱਥ ਜੋੜ ਕੇ ਪੁੱਛਿਆ, ਲਹਿਣਿਆ ! ਆਹ ਜਿਹੜੇ ਤਿੰਨ ਬੁੱਕ ਆਟੇ ਦੇ ਪਾਏ ਈ ਮੇਰੇ ਆਟੇ ਵਿਚ, ਆਹ ਕਿਉਂ ? ਤੇ ਭਾਈ ਲਹਿਣੇ ਨੇ ਆਖਿਆ, ਭਾਈ ਸ਼ੀਹਾਂ ! ਤਿੰਨਾਂ ਪੈਸਿਆਂ ਦੇ ਆਟੇ ਨਾਲ ਤੇਰਾ ਹੁਣ ਦਾ ਡੰਗ, ਸਵੇਰ ਦਾ ਡੰਗ ਪੂਰਾ ਨਹੀਂ ਹੋਣਾ ਤੇ ਰਾਤ ਦਾ ਵੀ ਤੂੰ ਭੁੱਖਾ ਸੁੱਤਾ ਹੋਇਆ ਐਂ, ਸਵੇਰ ਦਾ ਵੀ ਤੂੰ ਭੁੱਖਾ ਏਂ ਤੇ ਜੇ ਤੇਰੀ ਇਸਤਰੀ ਨੂੰ ਪੇਟ ਭਰਵੀਂ ਰੋਟੀ ਨਾ ਮਿਲੀ, ਜੇ ਤੇਰੀ ਇਸਤਰੀ ਨੂੰ ਦੁੱਧ ਨਾ ਮਿਲਿਆ, ਤੇਰਾ ਕਾਕਾ ਭੁੱਖਾ ਰਿਹਾ, ਇਹ ਤਿੰਨ ਬੁੱਕ ਆਟੇ ਦੇ ਆਪਣੇ ਵਲੋਂ ਪਾ ਦਿੱਤੇ ਨੇ ਤੇਰੇ ਆਟੇ ਵਿਚ ਪਰਉਪਕਾਰ ਕਰਕੇ। ਲੈ ਜਾ, ਰਾਤ ਵੀ ਖਾ ਤੇ ਸਵੇਰੇ ਵੀ ਖਾ, ਤੇ ਭਾਈ ਸ਼ੀਹਾਂ ਗੋਡੇ ਤੇ ਸਿਰ ਲੈ ਕੇ ਬਹਿ ਗਿਆ, ਕਹਿਣ ਲੱਗਾ, ਭਾਈ ਲਹਿਣਿਆ ! ਮੇਰੇ ਭਾਗ ਸੁਵੱਲੇ, ਮੈਨੂੰ ਦਰਸਨ ਹੋ ਗਏ, ਨਾਨਕ ਨਿਰੰਕਾਰੀ ਦੇ ਤੇ ਦਰਸ਼ਨ ਵੀ ਰੱਜ ਕੇ ਹੋਏ, ਨਾਨਕ ਨਿਰੰਕਾਰੀ ਮੇਰੇ ਉੱਤੇ ਰੀਝ ਪਿਆ ਤੇ ਮੇਰੀ ਝੋਲੀ ਵਿਚ ਸਿੱਖੀ ਦਾ ਹੀਰਾ ਪਾ ਦਿੱਤਾ। ਮੈਨੂੰ ਆਪਣਾ ਸਿੱਖ ਬਣਾ, ਚਰਨੀਂ ਲਾ ਲਿਆ ਤੇ ਚਰਨੀਂ ਲਾ ਕੇ ਮੈਨੂੰ ਅੱਖਰ ਕਹਿ ਗਿਆ ਸੀ, ਭਾਈ ਸ਼ੀਹਾਂ, ਕਮਾਈ ਕਰੀਂ, ਸਿਦਕ ਨਾ ਡੋਲਣ ਦੇਵੀਂ, ਕਮਾਈ ਕਰਦਿਆਂ-ਕਰਦਿਆਂ ਤੇਰੇ ਆਰ-ਪ੍ਰਖਾਰ ਭਰ ਜਾਣਗੇ। ਭਾਈ ਸ਼ੀਹਾਂ ! ਸਿੱਖੀ ਸਿਦਕ ਬੜਾ ਔਖਾ ਈ, ਇਹ ਨਿਭਾਉਣਾ ਈ, ਸਿੱਖੀ ਡੋਲ ਨਾ ਜਾਏ, ਕੰਬ ਨਾ ਜਾਏ। ਲਹਿਣਿਆ ਜਿਨ੍ਹੇ ਇੰਨੇ ਅੱਖਰ ਕਹੇ ਸਨ, ਉਹ ਇਹ ਵੀ ਕਹਿ ਗਿਆ ਜਿਹੜਾ ਮੈਂ ਆਪਣੇ ਦਿਲ ਦੀ ਪੱਟੀ ਉੱਤੇ ਲਿਖਿਆ ਹੈ, ਮੈਨੂੰ ਜਾਂਦਾ-ਜਾਂਦਾ ਕਹਿ ਗਿਆ, ਜੇ ਸਿੱਖੀ ਦੇ ਸਿਖਰ ਉੱਤੇ ਪਹੁੰਚਣਾ ਈ ਨਾ ਤਾਂ:

*"ਹਕੁ ਪਰਾਇਆ ਨਾਨਕਾ..."*

*"ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"*

ਪਰਾਇਆ ਹੱਕ ਹਿੰਦੂ ਵਾਸਤੇ ਗਾਈਂ ਦੇ ਖ਼ੂਨ ਬਰਾਬਰ ਹੈ, ਮੁਸਲਮਾਨ ਵਾਸਤੇ ਸੂਰ ਦੇ ਬਰਾਬਰ ਹੈ. ਲਹਿਣਿਆ ! ਪਰਾਇਆ ਹੱਕ ਨਾ ਖਾਈਂ, ਸਿੱਖੀ ਦੀ ਕਮਾਈ ਮਿੱਟੀ ਵਿਚ ਮਿਲ ਜਾਏਗੀ। ਗੁਰੂ ਉਸ ਸਿੱਖ ਦੀ ਹਾਮੀ ਭਰਦਾ ਹੈ, ਉਸ ਸਿੱਖ ਦੀ ਬਾਂਹ ਫੜਦਾ ਹੈ ਜਿਹੜਾ ਪਰਾਇਆ ਹੱਕ ਨਾ ਖਾਏ। ਪਰਾਏ ਹੱਕ ਵੱਲ ਨਾ ਵੇਖੇ। ਬਲਕਿ ਹੱਕ-ਹਲਾਲ ਦੀ ਕਮਾਈ ਖਾਏ। ਗੁਰੂ ਗ੍ਰੰਥ ਸਾਹਿਬ ਵਿਚ ਹੱਕ-ਹਲਾਲ ਦੀ ਕਮਾਈ ਵਾਸਤੇ ਬੜਾ ਕੁਝ ਲਿਖਿਆ ਹੈ:

*"ਫਰੀਦਾ ਰੋਟੀ ਮੇਰੀ ਕਾਠ ਕੀ"*

ਕਾਠ ਦਾ ਅਰਥ ਲੱਕੜੀ ਦੀ ਰੋਟੀ ਨਹੀਂ। ਫਰੀਦ ਵਰਗਾ ਆਦਮੀ ਜਿਹੜਾ ਪਾਖੰਡ ਦੀਆਂ ਧੱਜੀਆਂ ਉਡਾਉਂਦਾ ਰਿਹਾ ਹੈ, ਉਹਨੇ ਇਹ ਪਾਖੰਡ ਕੀਤਾ ਹੋਵੇਗਾ ਕਿ ਲੱਕੜੀ ਦੀ ਰੋਟੀ ਬੰਨ੍ਹ ਕੇ ਜੰਗਲਾਂ ਵੱਲ ਚਲਿਆ ਗਿਆ ਹੋਵੇਗਾ। ਉਹਦੇ ਸਲੋਕਾਂ ਨੂੰ ਬੜੇ ਗੌਰ ਨਾਲ, ਬੜੇ ਧਿਆਨ ਨਾਲ, ਬੜੇ ਮਿਲਾ ਕੇ ਪੜ੍ਹਨਾ ਪੈਣਾ ਹੈ। ਉਹਦੇ ਸਲੋਕਾਂ ਵਿਚ ਵੀ ਇਹ ਬਚਨ ਆਉਂਦਾ ਹੈ:

*'ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥'*

ਜਿਹੜੀ ਤੇਰੀ ਆਪਣੀ ਕਮਾਈ ਹੈ ਨਾ, ਭਾਵੇਂ ਰੁੱਖੀ ਹੈ, ਭਾਵੇਂ ਚੋਪੜੀ ਹੋਈ ਨਹੀਂ, ਉਹ ਖਾ ਕੇ ਠੰਢਾ ਪਾਣੀ ਪੀ ਕੇ ਸਬਰ, ਸਿਦਕ ਕਰੀਂ। ਹਰਾਮ ਦੀ ਕਮਾਈ, ਲੁੱਟ ਦੀ ਕਮਾਈ, ਝੂਠ ਦਗਾ ਫਰੇਬ ਦੀ ਕਮਾਈ ਵਿਚ ਚਿਕਨੀ ਹੋਈ ਰੋਟੀ, ਤਲੀਆਂ ਹੋਈਆਂ ਪੂੜੀਆਂ, ਤਲੇ ਹੋਏ ਪੂੜੇ, ਵੇਖ ਕੇ ਕਿਤੇ ਜੀਅ ਨਾ ਡੁਲਾਅ ਦੇਈਂ। ਉਹ ਬਿਲਕੁਲ ਲਹੂ ਈ, ਆਪਣੀ ਕਮਾਈ ਬਰਬਾਦ ਨਾ ਕਰੀਂ। ਕਾਠ ਵਰਗੀ ਅਰਥਾਤ ਸੁੱਕੀ ਹੋਈ, ਸੱਤਾਂ ਦਿਨਾਂ ਦੀ ਸੁੱਕੀ ਹੋਈ, ਉਸ ਸੁੱਕੀ ਹੋਈ ਰੋਟੀ ਨਾਲ ਲਾਵਨ ਸਬਜ਼ੀ, ਭਾਵੇਂ ਘਿਉ ਨਾ ਨੁਚੜਦਾ ਹੋਵੇ, ਤੂੰ ਉਹੀ ਖਾਈਂ। ਜਿਨ੍ਹਾਂ ਨੇ ਬੇਈਮਾਨੀ ਦੀ ਰੋਟੀ, ਚੋਰੀ ਦੀ ਰੋਟੀ, ਹਰਾਮ ਦੀ ਕਮਾਈ ਖਾਧੀ ਹੈ, ਗੁਰੂ ਗ੍ਰੰਥ ਸਾਹਿਬ ਸੱਚਾ ਪਾਤਿਸ਼ਾਹ ਕਹਿੰਦੇ ਨੇ:

*"ਮਾਰਣ ਪਾਹਿ ਹਰਾਮ ਮਹਿ"*

ਮਾਰਨ ਦਾ ਅਰਥ ਹੈ ਮਸਾਲੇ। ਜੇ ਹਰਾਮ ਦੇ ਮਾਲ ਵਿਚ ਮਸਾਲੇ ਪਾ ਦੇਈਏ, ਰਾਤ ਨੂੰ ਬੱਕਰਾ ਤੇ ਕਿਸੇ ਚੁਕ ਹੀ ਲਿਆ ਹੈ ਚੋਰੀ, ਤੇ ਵੱਢੀਏ ਪਿੰਡੋਂ ਬਾਹਰ ਆਪਣੀ ਬੰਬੀ ਉੱਤੇ, ਤੇ ਉਸ ਦੇ ਵਿਚ, ਛੋਟੀਆਂ ਲਾਚੀਆਂ, ਵੱਡੀਆਂ ਲਾਚੀਆਂ, ਦਾਲ ਚੀਨੀ, ਉਹਦੇ ਵਿਚ ਸੌਂਫ, ਜੀਰਾ, ਅਨੰਤ ਉਹਦੇ ਵਿਚ ਮਸਾਲੇ ਹੋਏ, ਪਿਆਜ਼ ਹੋਏ, ਲੱਸਣ ਹੋਏ, ਅਦਰਕ ਹੋਏ, ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਉਹ ਤਿੱਖਾ ਤੇ ਬਣ ਜਾਏਗਾ, ਸੁਆਦੀ ਤੇ ਬਣ ਜਾਏਗਾ, ਪਰ ਮਸਾਲਿਆਂ ਨੇ ਹਰਾਮ ਦੇ ਮਾਲ ਨੂੰ ਹਲਾਲ ਦਾ ਨਹੀਂ ਬਣਾਇਆ ਰੱਖਣਾ। ਬੇਈਮਾਨੀ ਦੇ ਮਾਲ ਵਿਚ,

Sri Satguru Jagjit Singh Ji Elibrary NamdhariElibrary@gmail.com

ਬੇਈਮਾਨੀ ਦੇ ਆਟੇ ਵਿਚ ਜੇ ਅਸੀਂ ਚੰਗਾ ਲੂਣ, ਮਸਾਲਾ ਪਾ ਦੇਈਏ ਤੇ ਕਰਾਰੀ ਤੇ ਆਪੇ ਰੋਟੀ ਹੋ ਜਾਏਗੀ, ਪਰ ਉਸ ਨੇ ਹਲਾਲ ਦਾ ਤੇ ਨਹੀਂ ਬਣ ਜਾਣਾ। ਪਿਆਰਿਓ ! ਜਿਹੜੀ ਹੱਕ-ਹਲਾਲ ਦੀ ਕਮਾਈ ਹੈ ਨਾ, ਇਸ ਨੂੰ ਕੋਈ ਹਰਾਮ ਦੀ ਨਹੀਂ ਬਣਾ ਸਕਦਾ। ਲਹਿਣਿਆ ! ਆਹ ਵੇਖ ਮੇਰੇ ਜੁੜੇ ਹੋਏ ਹੱਥ, ਤੱਕੜੀ ਵਿਚ ਪਾ ਕੇ ਜਿੰਨੇ ਤਿੰਨ ਬੁੱਕ ਭਰ ਕੇ ਆਟੇ ਦੇ ਪਾਏ ਹੈ ਨਾ, ਉਹ ਤਿੰਨੇ ਦੇ ਤਿੰਨੇ ਕੱਢ ਲੈ, ਮੈਂ ਪਰਾਇਆ ਹੱਕ ਨਹੀਂ ਖਾਣਾ, ਮੈਂ ਹਰਾਮ ਦੀ ਕਮਾਈ ਨਹੀਂ ਖਾਣੀ। ਸਿੱਖੀ ਦੀ ਕਮਾਈ ਨੂੰ ਮੈਂ ਅੱਗ ਲਾ ਕੇ ਨਹੀਂ ਸਾੜਨਾ, ਮੈਂ ਸਿੱਖੀ ਦੇ ਰਸਤੇ ਤੁਰੇ-ਤੁਰੇ ਜਾਂਦੇ ਨੇ ਖੂਹ ਵਿਚ ਨਹੀਂ ਡਿੱਗਣਾ, ਮੈਂ ਤੇ ਸਿੱਖੀ ਦੀ ਕਮਾਈ ਕਰਨੀ ਹੈ, ਜਿਹੜੀ ਬਾਪੂ ਦੱਸ ਗਿਆ ਹੈ। ਕੱਢ ਲੈ ਆਟਾ ! ਤੇ ਭਾਈ ਲਹਿਣਾ ਜੀ ਬੜੇ ਹੈਰਾਨ ਸਨ ਇੱਡੀ ਗਰੀਬੀ, ਇੰਨੀ ਭੁੱਖ, ਇੰਨਾ ਸਿਦਕ, ਇੰਨਾ ਹੌਂਸਲਾ, ਇੰਨਾ ਭਰੋਸਾ, ਇੰਨਾ ਯਕੀਨ, ਇੱਡਾ ਵਿਸਵਾਸ। ਮਾਨ ਸਿੰਘ ਝੌਰ ਜੀ ਕਹਿੰਦੇ ਹਨ ਜ਼ਰਾ ਕੁ ਉਸ ਮਾਲਕ ਨੂੰ ਆਪਣੇ ਨੇਤਰਾਂ ਅੱਗੇ ਲਿਆਉ, ਜਰਾ ਕੁ ਉਹਦੇ ਵਲ ਧਿਆਨ ਧਰੋ ਤੇ ਸਾਹਿਬ ਫੁਰਮਾਉਂਦੇ ਨੇ:

*"ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ॥"*

ਇਸ ਪੰਕਤੀ ਦਾ ਅਰਥ ਹੈ ਕਿ ਇਕ ਉਹਦੀ ਰਚਨਾ ਵਿਚ ਕਈ ਜੀਵ ਐਸੇ ਨੇ ਜਿਹੜੇ ਮਾਸ ਤੋਂ ਬਿਨਾਂ ਹੋਰ ਕੁਝ ਨਹੀਂ ਖਾਂਦੇ, ਸ਼ੇਰ ਮਾਸ ਤੋਂ ਬਿਨਾਂ ਕੁਝ ਨਹੀਂ ਖਾਂਦਾ, ਬਾਜ਼ ਮਾਸ ਤੋਂ ਬਿਨਾਂ ਕੁਝ ਨਹੀਂ ਖਾਂਦਾ, ਬਘਿਆੜ ਮਾਸ ਤੋਂ ਬਿਨਾਂ ਕੁਝ ਨਹੀਂ ਖਾਂਦਾ। ਦਸਮ ਗ੍ਰੰਥ ਵਿਚ ਇਕ ਸ਼ਬਦ ਆਇਆ ਹੈ ਕਿ ਇਕ ਪਰਿੰਦਾ ਹੈ, ਉਹ ਸ਼ੇਰ ਦੀਆਂ ਦਾੜ੍ਹਾਂ ਵਿਚੋਂ ਮਾਸ ਕੱਢ ਕੇ ਖਾਂਦਾ ਹੈ। ਤੇ ਕੱਢਦਾ ਉਦੋਂ ਹੈ ਜਦੋਂ ਸ਼ੇਰ ਆਵਾਸੀ ਲਏ ਤੇ ਆਵਾਸੀ ਲੈਣ ਲਗਿਆਂ ਉਹ ਪੰਜ ਛੇ ਘੰਟੇ ਤੇ ਨਹੀਂ ਰਹਿ ਸਕਦੇ। ਵੱਧ ਤੋਂ ਵੱਧ ਅੱਧਾ ਮਿੰਟ ਲੱਗਦਾ ਹੋਵੇਗਾ, ਉਸ ਅੱਧੇ ਮਿੰਟ ਦੇ ਵਿਚ ਪਰਿੰਦਾ ਉਡ ਕੇ ਆਉਂਦਾ ਹੈ, ਸ਼ੇਰ ਦੇ ਮੂੰਹ ਵਿਚੋਂ ਮਾਸ ਝਪਟ ਕੇ, ਕੱਢ ਕੇ ਉਹਦੀਆਂ ਦਾੜ੍ਹਾਂ ਵਿਚੋਂ ਦਰੱਖਤ ਉੱਤੇ ਬੈਠ ਕੇ, ਖਾ ਕੇ ਰੱਜ ਜਾਂਦਾ ਹੈ। ਇੰਨੇ ਔਖੇ ਥਾਉਂ ਮਾਸ ਲਿਆ ਕੇ ਖਾਣਾ, ਉਹਨੂੰ ਵੀ ਤਾਂ ਰੱਬ ਦਿੰਦਾ ਈ ਹੈ। ਮਹਾਰਾਜ ਕਹਿੰਦੇ ਨੇ, ਸਾਹਿਬ ਸੱਚਾ ਪਾਤਸ਼ਾਹ ਇਕ ਐਸੇ ਨੇ ਜਿਹੜੇ ਘਾਸ-ਫੂਸ ਹੀ ਖਾਂਦੇ ਨੇ, ਹੁਣ ਆ ਗਿਆ ਮਨੁੱਖ ਦਾ ਜ਼ਿਕਰ। ਧਨੀ ਰਾਮ ਭੱਲੇ ਨੂੰ ਜਾਣਦੇ ਹੋ, ਕਦੇ ਅਨਾਰਕਲੀ ਲਾਹੌਰ ਵਿਚ ਫਰੂਟ ਦੀ ਉਹਦੀ ਏਜੰਸੀ ਹੁੰਦੀ ਸੀ, ਇੰਨਾ ਕੱਟੜ ਆਦਮੀ ਸੀ, ਪਰ ਮਾਨ ਸਿੰਘ ਝੌਰ ਜੀ ਦੱਸਦੇ ਨੇ ਮੈਂ ਉਸ ਨੂੰ ਤਿੰਨ ਵੇਰਾਂ ਜਪੁ ਸਾਹਿਬ ਦੀ ਕਥਾ ਸੁਣਾਈ ਸੀ। ਪੰਜਾਬ ਤੋਂ ਮੈਨੂੰ ਸੱਦਣਾ, ਇੰਨਾ ਹੌਂਸਲਾ ਸੀ ਕਿ ਪਹਿਲਾਂ ਆਪ ਕਥਾ ਕਰਨੀ, ਆਪਣੀਆਂ ਨੂੰਹਾਂ, ਪਰਿਵਾਰ ਨਾਲ ਕਥਾ ਹੋਣ ਤੋਂ ਬਾਅਦ ਕਹਿਣਾ, "ਗਿਆਨੀ ਜੀ ! ਆਪ ਬੜੇ ਵਿਦਵਾਨ ਹੋ, ਆਪ ਪਰ ਬਹੁਤ ਭਗਵਾਨ ਕੀ ਕਿਰਪਾ ਹੈ। ਯਹ ਮੇਰਾ ਪਰਿਵਾਰ ਅਗਿਆਨੀ ਹੈ, ਗੁਰੂ ਨਾਨਕ ਕੀ ਕ੍ਰਿਪਾ ਸੇ ਆਪ ਯਹਾਂ ਆ ਗਏ, ਕਿਰਪਾ ਕੀਜੀਏ, ਗੁਰੂ ਨਾਨਕ ਨਿਰੰਕਾਰੀ ਕੀ ਅੰਮ੍ਰਿਤ ਬਾਣੀ ਕਾ ਅੰਮ੍ਰਿਤ ਉਪਦੇਸ਼ ਮੇਰੇ ਪਰਿਵਾਰ ਕੋ ਦਾਨ

Sri Satguru Jagjit Singh Ji Elibrary NamdhariElibrary@gmail.com

ਦੀਜੀਏ, ਤਾਕਿ ਇਨਕਾ ਭਲਾ ਹੋ ਜਾਏ।'' ਤੇ ਮੈਂ ਤਿੰਨ ਵੇਰਾਂ ਮਹੀਨਾ-ਮਹੀਨਾ ਕਥਾ ਕੀਤੀ ਹੈ ਤੇ ਮੈਂ ਉਹਨੂੰ ਆਪਣੀ ਜਨਾਨੀ ਨਾਲ ਕਈ ਵੇਰਾਂ ਲੜਦਿਆ ਵੇਖਿਆ ਹੈ। ਲੱਖਪਤੀ ਆਦਮੀ ਨੂੰ ਜਨਾਨੀ ਨਾਲ ਲੜਦਿਆਂ ਵੇਖਿਆ ਤੇ ਲੜਦਿਆਂ ਵੇਖਿਆ ਹੈ ਰੋਟੀ ਤੋਂ। ਬਾਪੂ ਕਹਿੰਦਾ ਹੈ:

*"ਜੀਵੈ ਦਾਤਾ ਮਰੈ ਨ ਕੋਇ"*

ਜਿੰਨਾ ਚਿਰ ਦੇਣ ਵਾਲਾ ਦਾਤਾ ਜੀਉਂਦਾ ਹੈ ਨਾ, ਜਿੰਨਾ ਚਿਰ ਉਹ ਪੱਥਰਾਂ ਦੇ ਅੰਦਰ ਰਿਜਕ ਪਹੁੰਚਾਣ ਵਾਲਾ ਹੈ ਉਹ, ਪਾਣੀ ਦੇ ਵਿਚ ਰਿਜਕ ਦੇਣ ਵਾਲਾ, ਪਾਤਾਲ ਵਾਸੀਆਂ ਨੂੰ ਰਿਜਕ ਦੇਣ ਵਾਲਾ, ਜਿੰਨਾ ਚਿਰ ਉਹ ਦਾਤਾ ਜੀਉਂਦਾ ਹੈ ਨਾ, ਬਾਬਾ ਨਿਰੰਕਾਰੀ ਕਹਿੰਦਾ ਹੈ ਕਿ ਕੋਈ ਆਦਮੀ ਭੁੱਖਾ ਨਹੀਂ ਮਰ ਸਕਦਾ। ਸਾਹਿਬ ਨਾਨਕ ਨਿਰੰਕਾਰੀ ਕਹਿੰਦੇ ਨੇ ਉਹ ਰੁੱਠੇ ਗਏ, ਠੱਗੇ ਗਏ, ਲੁੱਟੇ ਗਏ, ਬਰਬਾਦ ਹੋ ਗਏ, ਕੌਣ ? ਜਿਨ੍ਹਾਂ ਦੇ ਅੰਦਰ ਦੇਣ ਵਾਲਾ ਉਹ ਪਰਮਾਤਮਾ ਨਹੀਂ ਵੱਸਿਆ। ਉਹ ਮਰ ਗਏ, ਲੁੱਟੇ ਗਏ, ਬਰਬਾਦ ਹੋ ਗਏ। ਜਿਨ੍ਹਾਂ ਨੇ ਸਿਦਕ ਔਰ ਸਬਰ ਨਾਲ ਅੰਦਰ ਵਸਾਇਆ ਨਾ, ਉਹਨੂੰ:

*"ਤਿਨ ਬਲਿਹਾਰੈ ਜਾਇ ਨਾਨਕ ਤਿਨ ਬਲਿਹਾਰੈ ਜਾਇ॥"*

ਲਹਿਣਾ ਵੀ ਦੁਕਾਨ ਸੁਮੇਟ-ਸਮਾਟ ਕੇ ਆ ਗਿਆ ਤੇ ਭਾਈ ਸੀਹੇਂ ਦੇ ਦਰਵਾਜੇ ਦੇ ਉਹਲੇ ਖਲੋ ਗਿਆ ਕਿ ਜ਼ਿੰਦਗੀ ਵੇਖੀਏ ਕਿ ਇਕ ਰੋਗੀ ਜ਼ਿੰਦਗੀ ਵੇਖੀਏ। ਸ਼ੀਹੇਂ ਦੇ ਘਰ ਦਾ ਜੀਵਨ ਕਿਹੋ ਜਿਹਾ ਹੈ ਤੇ ਬੜੇ ਚਾਵਾਂ, ਬੜੇ ਮਲਾਵਾਂ ਨਾਲ ਹੱਸੂ-ਹੱਸੂ ਚਾਵਾਂ ਨਾਲ ਘਰ ਵਾਲੀ ਨੂੰ ਕਹਿਣ ਲੱਗਾ, ਕਰਮਾਂ ਵਾਲੀਏ ! ਕਿਸੇ ਨੇਕ ਮਾਂ ਦੀਏ ਬੇਟੀਏ, ਨਾਨਕ ਨਿਰੰਕਾਰੀ ਦਾ ਜਾਪੁ ਜਪਣ ਵਾਲੀਏ, ਅੱਜ ਬਾਰੇ ਨਾਨਕ ਨੇ ਤਿੰਨ ਪੈਸੇ ਦਿੱਤੇ ਨੇ, ਉਸ ਦਾ ਇਹ ਸਮਾਨ ਆਇਆ ਹੈ, ਇਹਦੇ ਨਾਲ ਮੈਂ ਤੇ ਤੂੰ ਦੋ ਡੰਗ ਕਰਨੇ ਨੇ, ਤੇ ਤੈਨੂੰ ਪਤਾ ਤੂੰ ਵੀ ਭੁੱਖੀ, ਮੈਂ ਵੀ ਭੁੱਖਾ ਤੇ ਕਾਕਾ ਵੀ ਤੇ ਭੁੱਖਾ ਹੀ ਹੋਣਾ ਏ। ਛੇਤੀ ਕਰ ਬਣਾ, ਇਤਿਹਾਸ ਦੱਸਦਾ ਹੈ ਕਿ ਤਿੰਨ ਰੋਟੀਆਂ ਬਣੀਆਂ ਹੋਣੀਆਂ ਤੇ ਤਿੰਨਾਂ ਰੋਟੀਆਂ ਵਿਚੋਂ ਦੋ ਚੁੱਕੀਆਂ ਕਰਮਾਂ ਵਾਲੀ ਨੇ ਥਾਲੀ ਵਿਚ ਰੱਖੀਆਂ, ਢੱਕੀਆਂ ਤੇ ਆਪਣੇ ਮਾਲਕ ਅੱਗੇ ਰੱਖ ਦਿੱਤੀਆਂ। ਮਾਲਕ ! ਤੂੰ ਕੱਲ ਦਾ ਭੁੱਖਾ, ਸਾਰਾ ਦਿਨ ਪੰਡਾਂ ਢੋਂਦਾ ਰਹਿਉਂ, ਤੇਰੀਆਂ ਹੱਡੀਆਂ ਚੂਰ ਹੋ ਗਈਆਂ ਨੇ, ਮੈਂ ਵੇਹਲੜ ਜਨਾਨੀ ਸਾਰਾ ਦਿਨ ਭਾਂਡੇ ਮਾਂਜ ਕੇ ਮੰਜੇ ਉੱਤੇ ਪਸਲੇਟੇ ਮਾਰਦੀ ਰਹਿਨੀ ਹਾਂ। ਮੈਂ ਇਕ ਰੋਟੀ ਨਾਲ ਗੁਜ਼ਾਰਾ ਕਰ ਲਵਾਂਗੀ। ਮੇਰੇ ਪਤੀਦੇਵ ਜੀ ! ਦੋ ਰੋਟੀਆਂ ਤੁਸੀਂ ਖਾ ਲਵੋ। ਪਤੀਬ੍ਰਤਾ ਧਰਮ ਇਕ ਬੜਾ ਬਰੀਕ ਧਰਮ ਹੈ। ਮਾਨ ਸਿੰਘ ਝੌਰ ਜੀ ਦੱਸਦੇ ਨੇ ਮੈਂ ਜਦੋਂ ਡੇਰੇ ਵਿਚ ਪੜ੍ਹਦਾ ਸਾਂ। ਮੈਨੂੰ ਮਹਾਂਪੁਰਸ਼ਾਂ ਨੇ ਇਕ ਬਚਨ ਸੁਣਾਇਆ, ਭਈ ਗੁਆਂਢਣ ਆਪਣੀ ਗੁਆਂਢਣ ਨੂੰ ਆ ਕੇ ਪੁੱਛਣ ਲਗੀ, ''ਨੀ ! ਤੂੰ ਤੇ ਆਪਣੇ ਪਤੀ ਨੂੰ ਪਰਮੇਸ਼ਵਰ ਜਾਣਦੀ ਹੈਂ, ਤੂੰ ਤੇ ਪਤੀ ਦੇ ਚਰਨਾਂ ਤੋਂ ਸਦਕੇ-ਸਦਕੇ ਜਾਂਦੀ ਹੈਂ। ਅੱਜ ਸਾਰੀ ਰਾਤ ਤੂੰ ਰੋਂਦੀ ਰਹੀ, ਹੌਕੇ ਭਰਦੀ ਰਹੀ, ਦਮ ਨਾਲ ਤੇਰਾ

ਦਮ ਨਹੀਂ ਰਲਿਆ। ਨੀ ਗੱਲ ਕੀ ? ਕਿਉਂ ਇੰਨੇ ਹਾਵੇ ਹੌਕੇ, ਕਿਉਂ ਇੰਨੇ ਵੈਨ ?'' ਤੇ ਪਤੀਬ੍ਰਤਾ ਇਸਤਰੀ ਨੇ ਆਪਣੀ ਗੁਆਂਢਣ ਨੂੰ ਆਖਿਆ, ''ਭੈਣ ! ਪਤੀ ਮੇਰਾ ਚਲਿਆ ਗਿਆ ਸੀ ਪਰਦੇਸ ਤੇ ਆਉਣ ਲਈ ਮੈਨੂੰ ਕਹਿ ਗਿਆ ਸੀ ਬਿੰਜਨਾ। ਬਿੰਜਨਾ ਦਾ ਅਰਥ ਹੈ ਪੱਖਾ ਤੇ ਮੇਰਾ ਪਤੀ ਜਾਨਵਰਾਂ ਦਾ ਬੜਾ ਪਿਆਰਾ ਹੈ, ਇਕ ਸ਼ੇਰ ਦਾ ਬੱਚਾ ਪਾਲਿਆ ਹੋਇਆ ਹੈ, ਇਕ ਬੱਕਰੀ ਦਾ ਬੱਚਾ ਪਾਲਿਆ ਹੋਇਆ ਹੈ। ਆਉਣ ਵਾਸਤੇ ਕਹਿ ਗਏ ਸੀ ਪੱਖਾ ਪਰ ਆਏ ਨਾ ਸਿੰਘ ਆਹਾਰ। ਸਿੰਘ ਦਾ ਅਰਥ ਹੈ ਸੇਰ ਉਹ ਜਿਹੜਾ ਸ਼ੇਰ ਦਾ ਬੱਚਾ ਪਾਲਿਆ ਹੋਇਆ ਹੈ ਉਹਦਾ ਆਹਾਰ, ਉਹਦੀ ਖ਼ੁਰਾਕ ਮਾਸ ਉਹ ਵੀ ਨਹੀਂ ਸੁ ਭੇਜਿਆ। ਬੱਕਰੀ ਦਾ ਖਾਣਾ ਪੱਤੇ ਉਹ ਵੀ ਨਹੀਂ ਭੇਜਿਆ। ਬੱਕਰੀ ਵੀ ਰੋਂਦੀ ਹੈ, ਸ਼ੇਰ ਵੀ ਬੜੀਆਂ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ, ਮੈਨੂੰ ਵੀ ਪਤੀ ਦਾ ਵਿਛੋੜਾ ਵਿਆਪਿਆ ਹੋਇਆ ਹੈ ਤੇ ਭੈਣੇ ਮੇਰਾ ਜੀਅ ਕਰਦਾ ਹੈ ਮੈਂ ਕੁਝ ਖਾ ਕੇ ਮਰ ਜਾਵਾਂ।'' ਤੇ ਗੁਆਂਢਣ ਨੇ ਕਿਹਾ, ਮੈਂ ਤੈਨੂੰ ਪੁੱਛਿਆ ਕਿ ਤੂੰ ਸਾਰੀ ਰਾਤ ਰੋਈ ਕਿਉਂ ਸੀ ? ਤੂੰ ਤਾਂ ਮੇਰੇ ਅੱਗੇ ਬੁਝਾਰਤ ਜਿਹੀ ਪਾ ਦਿੱਤੀ ਹੈ। ਕਹਿਣ ਲੱਗੀ, ਭੈਣ ਤੈਨੂੰ ਪਤਾ ਨਹੀਂ ਹੈ ਨਾ ਬਿੰਜਨਾ ਕਹਿ ਗਏ ਆਨ ਕੋ। ਬਿੰਜਨਾ ਦਾ ਅਰਥ ਹੈ ਪੱਖਾ, ਪੱਖਾ ਦਾ ਅਰਥ ਹੈ ਪੱਖ ਤੇ ਪੱਖ ਹੁੰਦਾ ਹੈ ਪੰਦਰਾਂ ਦਿਨਾਂ ਦਾ। ਪੰਦਰਾਂ ਦਿਨਾਂ ਦਾ ਵਾਅਦਾ ਕਰਕੇ ਗਏ ਸੀ ਕਿ ਮੈਂ ਪੰਦਰਾਂ ਦਿਨਾਂ ਨੂੰ ਆ ਜਾਵਾਂਗਾ। ਪਰ ਪੰਦਰਾਂ ਦਿਨਾਂ ਦੀ ਥਾਂ ਮਹੀਨਾ ਬੀਤ ਗਿਆ ਹੈ, ਅਜੇ ਤੱਕ ਨਹੀਂ ਆਏ, ਮੈਂ ਰੋਵਾਂ ਕਿ ਨਾ ਰੋਵਾਂ ? ਬੱਕਰੀ ਦਾ ਖਾਣਾ ਵੀ ਨਹੀਂ ਭੇਜਿਆ। ਆਪ ਆਉਣਾ ਕਿਤੇ ਰਿਹਾ ਕੋਈ ਪੱਤਰ ਵੀ ਨਹੀਂ ਸੁ ਭੇਜਿਆ। ਆਪਣਾ ਪ੍ਰੋਗਰਾਮ ਵੀ ਮੈਨੂੰ ਨਹੀਂ ਲਿਖਿਆ। ਮੇਰਾ ਦਿਲ ਕਰਦਾ ਹੈ ਮੈਂ ਆਪਣੇ ਪਤੀ ਦੀ ਜੁਦਾਈ ਵਿਚ ਜ਼ਹਿਰ ਖਾ ਲਵਾਂ, ਉਸ ਦੇ ਬਿਨਾਂ ਘਰ ਮੈਨੂੰ ਉਜੜਿਆ-ਉਜੜਿਆ ਜਾਪਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਇਕ ਪਤੀਬ੍ਰਤਾ ਇਸਤ੍ਰੀ ਦਾ ਰੂਪ ਕੀਲਿਆ ਹੈ:

*"ਜਲ ਥਲ ਨੀਰਿ ਵਹਿ...."*

ਮੀਂਹ ਵਰ੍ਹਿਆ ਹੋਇਆ ਹੋਵੇ ਤੇ ਨਗਰੀ ਦੇ ਚਾਰ-ਚੁਫੇਰੇ ਪਾਣੀ ਨਜ਼ਰ ਆਉਂਦਾ ਹੋਵੇ, ਬੜਾ ਸੋਹਣਾ ਨਜ਼ਾਰਾ। ਹਵਾ ਵਗੇ, ਪਾਣੀ ਦੇ ਉਤੋਂ ਦੀ ਲੇਟ-ਲੇਟ ਕੇ ਠੰਢੀ-ਠੰਢੀ ਹੋ ਕੇ ਲੋਕਾਂ ਦੇ ਪਸੀਨੇ ਸੁਕਾ ਦੇਵੇ ਤੇ ਇਹ ਦੂਜਾ ਨਜ਼ਾਰਾ ਕਿ ਉਸ ਹਵਾ ਦੇ ਨਾਲ ਨਿੱਕੀਆਂ-ਨਿੱਕੀਆਂ ਲਹਿਰਾਂ, ਨਿੱਕੇ-ਨਿੱਕੇ ਤਰੰਗ, ਨਿੱਕੀਆਂ-ਨਿੱਕੀਆਂ ਛਲਾਂ ਪਾਣੀ ਵਿਚੋਂ ਪੈਦਾ ਹੋਣ, ਕਿਨਾਰੇ ਲਾਗੇ ਜਾ ਕੇ ਸਾਫ ਹੋ ਜਾਣ। ਇਹ ਤੀਸਰਾ ਨਜ਼ਾਰਾ ਹੈ ਕਿ ਘਰ ਵਿਚ ਸੇਜ ਬੜੀ ਚੰਗੀ ਹੋਵੇ, ਹੀਰੇ ਤੇ ਲਾਲਾਂ ਨਾਲ ਜੜਿਆ ਹੋਵੇ ਪਲੰਘ, ਸਭ ਕੁਝ ਹੋਵੇ ਤੇ ਜਦੋਂ ਮਾਪੇ ਕਾਕੀ ਨੂੰ ਤੋਰਦੇ ਨੇ ਘਰੋਂ ਵਿਆਹ ਵਾਲੇ ਦਿਨ, ਜਿਹੜਾ ਸਿਰ ਤੇ ਕਪੜਾ ਦਿੰਦੇ ਨੇ ਉਹਨੂੰ ਸੁਬਰ ਕਹਿੰਦੇ ਨੇ, ਉਹ ਸੁਹਾਗ ਦੀ ਨਿਸ਼ਾਨੀ ਹੈ। ਪਤੀ ਨਾ ਜੇ ਘਰ ਵਿਚ ਹੋਵੇ, ਪਰਦੇਸ ਗਿਆ ਹੋਵੇ ਤਾਂ ਗੁਰੂ ਅਰਜਨ ਸਾਹਿਬ ਕਹਿੰਦੇ ਨੇ ਪਤੀਬ੍ਰਤਾ ਇਸਤਰੀ ਪਤੀ ਦੇ ਜੁਦਾਈ ਵਿਚ ਭਰੇ ਹੋਏ ਘਰ ਨੂੰ ਕਿਸ ਨਜ਼ਰ

ਨੂੰ ਵੇਖਦੇ ਹੋ ? ਜਿਸ ਦਾ ਪਤੀ ਘਰ ਨਾ ਹੋਵੇ, ਉਹਦੇ ਵਾਸਤੇ ਇਹ ਸਾਰੀਆਂ ਚੀਜ਼ਾਂ ਅੱਗ ਦਾ ਭਾਂਬੜ ਹੈ। ਉਹ ਤੇ ਕਹਿੰਦੀ ਹੈ:

*'ਨਾਨਕ ਤਿਨਾ ਸਬੰਤੁ ਹੈ ਜਿਨ੍ ਘਰਿ ਵਸਿਆ ਕੰਤੁ॥'*
*'ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥*
*ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥*
*ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ॥*
*ਘਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ॥ ੪॥'*

ਮੇਰੇ ਗੁਰ ਭਾਈ, ਵਿਦਿਆ ਦਾਤਾ ਦੇ ਲਿਹਾਜ਼ ਨਾਲ ਸੰਤ ਭਾਈ ਗੁਰਦਿੱਤ ਸਿੰਘ ਜੀ, ਉਹਨਾਂ ਦੀ ਕਲਮ ਵਿਚ ਬੜੀ ਰਵਾਨੀ ਸੀ, ਖਿਆਲਾਂ ਵਿਚ ਬੜੀ ਪਰਵਾਜ਼ ਸੀ, ਨਿੱਕੀ ਜਿੰਨੀ ਗੱਲ ਵਿਚੋਂ ਸਵਾਲ ਬਣਾਉਂਦੇ ਸਨ। ਉਹਨਾਂ ਦਾ ਇਕ ਬਚਨ ਹੈ:

*'ਏਕ ਬਾਤ ਹੈ ਅਟਪਤੀ,*
*ਝਟਪਟ ਲਖੀ ਨ ਜਾਇ।*
*ਝਟਪਟ ਤੋਂ ਹੀ ਲਗੇ ਜਬ ਮਨ ਕੀ ਖਟਪਟੀ ਜਾਇ।'*

ਨਿੱਕੀ ਜਿਹੀ ਗੱਲ ਵਿਚ ਬੜਾ ਸਵਾਦ ਬਣਾ ਦਿੰਦੇ ਸਨ, ਉਹਨਾਂ ਨੇ ਪਤੀਬ੍ਰਤਾ ਇਸਤਰੀ ਵਾਸਤੇ ਇਕ ਬਚਨ ਲਿਖਿਆ, ਪਤੀਬ੍ਰਤਾ ਇਸਤਰੀ ਨੇ ਜਦੋਂ ਵੇਖਿਆ ਨਾ ਸਾਜੋ-ਸਮਾਨ, ਜਿਹਨਾ ਸੁੰਦਰ ਤੇ ਆਪਣੀ ਨੌਕਰਾਣੀ ਨੂੰ ਕਹਿਣ ਲੱਗੀ:

*'ਸਾੜ ਦੇਹੁ ਸੇਜ ਕੁ ਬਿਛਾਉ ਨਾ ਬਿਛਾਈ ਆਜ,*
*ਪੀਛੇ ਕਾ ਪਲੰਘ ਜੋ ਜ਼ਾਲਮ ਭੀ ਭਾਵੇ ਨਾ।*
*ਇਧਰ ਉਡੀਲਦਾਰ ਕੇਵੜਾ ਕਿਨਾਰੇ ਕਰ,*
*ਤੋੜ ਦੇ ਤੰਬੂਰਾ ਅਰ ਮੱਧਮ ਮੜੋਰਦਾਰ,*
*ਜੁਦੀ ਕਰ ਜੋਰੀ ਉਹ ਗਾਇ ਕੇ ਸੁਣਾਵੇ ਨਾ।'*

ਪਤੀਬ੍ਰਤਾ ਇਸਤਰੀ ਨੂੰ ਪਤੀ ਦੇ ਬਿਨਾਂ ਹੋਰ ਕੋਈ ਚੀਜ਼ ਚੰਗੀ ਲੱਗਦੀ ਨਹੀਂ, ਉਹ ਆਪਣੇ ਪਤੀ ਦੇ ਚਰਨਾਂ ਦੀ ਪੁਜਾਰਣ ਹੈ, ਉਹਨੂੰ ਹੋਰ ਕਿਸੇ ਨਾਲ ਕੀ ਲੱਗੇ ? ਪਤੀਬ੍ਰਤਾ ਇਸਤਰੀ ਨੇ ਦੋ ਰੋਟੀਆਂ ਰੱਖ ਕੇ ਕਿਹਾ, ਮਾਲਕ ! ਕੱਲ ਦੇ ਭੁੱਖੇ ਹੋ, ਲਵੋ ਭੋਗ ਲਾਉ ਤੇ ਭਾਈ ਸਿੰਘ ਨੇ ਆਖਿਆ ਕਰਮਾਂ ਵਾਲੀਏ ਤੇਰੀ ਗੋਦ ਵਿਚ ਕਾਕਾ, ਤੇਰੇ ਦੁੱਧ ਦਾ ਭੁੱਖਾ, ਉਹਨੂੰ ਰਾਤੀਂ ਵੀ ਦੁੱਧ ਪੂਰਾ ਨਹੀਂ ਮਿਲਿਆ, ਉਹਨੂੰ ਦਿਨੇ ਵੀ ਦੁੱਧ ਪੂਰਾ ਨਹੀਂ ਮਿਲਿਆ ਤੇ ਹੁਣ ਤੂੰ ਇਕ ਨਹੀਂ ਖਾਧੀ ਤੇ ਸਾਰੀ ਰਾਤ ਭੁੱਖੀ ਰਹੇਗੀਂ। ਮੈਂ ਤੈਨੂੰ ਸਲਾਹ ਦਿੰਦਾ ਹਾਂ, ਦੋ ਰੋਟੀਆਂ ਤੂੰ ਖਾ ਤੇ ਮੈਂ ਮਰਦ ਹਾਂ, ਮੈਂ ਮੁਸੀਬਤਾਂ ਦਾ ਮੁਕਾਬਲਾ ਕਰਨਾ ਹੈ, ਇਹ ਮੇਰਾ ਧਰਮ ਹੈ, ਤੇ ਮੈਂ ਇਕ ਨਹੀਂ ਖਾਂਦਾ ਹਾਂ। ਇਹ ਹੈ ਸੱਚੀ-ਮੁਚੀ ਦੇ ਗ੍ਰਹਿਸਥੀ। ਇਨ੍ਹਾਂ ਵਾਸਤੇ ਮੇਰਾ ਬਾਪੂ ਕਹਿੰਦਾ ਹੈ:

Sri Satguru Jagjit Singh Ji Elibrary NamdhariElibrary@gmail.com

*'ਪੁੰਨ ਦਾਨ ਕਾ ਕਰੈ ਸਰੀਰੁ ॥'*

............................................................

*''ਇਸ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥'*

ਭਾਈ ਗੁਰਦਾਸ ਜੀ ਦੱਸਦੇ ਨੇ, ਜਿਸ ਵੇਲੇ ਸਿੱਧਾਂ ਨੇ ਕੋਈ ਗੱਲਾ-ਬਾਤਾਂ ਕੀਤੀਆਂ, ਆਪਣੇ ਆਪ ਨੂੰ ਦੱਸਿਆ ਸ਼ੁੱਧ, ਗ੍ਰਹਿਸਥੀਆਂ ਨੂੰ ਦੱਸਿਆ ਕਾਂਜੀ ਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ ਗ੍ਰਹਿਸਥ ਨੂੰ ਨਿਕੰਮਾ ਜਾਣ ਕੇ ਤੁਸੀਂ ਛੱਡ ਦਿੱਤਾ, ਪਰ ਪੁੱਤ ! ਜਦੋਂ ਭੁੱਖ ਲੱਗੀ ਨਾ, ਜਦੋਂ ਮਨ ਦਾ ਕੁੱਤਾ ਰੋਟੀ-ਰੋਟੀ ਕਰਕੇ ਭੌਂਕਿਆ ਨਾ, ਉਹਨਾਂ ਗ੍ਰਹਿਸਥੀਆਂ ਦੇ ਘਰ ਜਾ ਕੇ ਤੈਨੂੰ ਅੱਲਖ ਜਗਾਉਣੀ ਪਵੇਗੀ, ਜਿਨ੍ਹਾਂ ਨੂੰ ਕਾਂਜੀ ਕਹਿੰਦੇ ਹੋ, ਭੈੜੇ ਕਹਿੰਦੇ ਹੋ, ਜਿਨ੍ਹਾਂ ਨੂੰ ਨਿਕੰਮਾ ਜਾਣ ਕੇ ਛੱਡ ਆਏ ਹੋ। ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਸਿੱਖ ਜੀਵਨ ਬਤੀਤ ਕਰਨਾ, ਸਿੱਖ ਜੀਵਨ। ਇਸਤਰੀ ਪਤੀ ਨੂੰ ਕਹਿੰਦੀ ਹੈ ਤੂੰ ਦੋ ਖਾ, ਪਤੀ ਇਸਤਰੀ ਨੂੰ ਕਹਿੰਦਾ ਹੈ ਤੂੰ ਦੋ ਖਾ। ਇੰਨੇ ਚਿਰ ਨੂੰ ਫਕੀਰ ਆ ਗਿਆ, ਕਹਿਣ ਲੱਗਾ, ''ਗੁਰੂ ਨਾਨਕ ਦੇ ਸਿਖੋ ! ਦੋ ਦਿਨ ਦਾ ਭੁੱਖਾ ਹਾਂ, ਸਵੇਰ ਦਾ ਇਸ ਨਗਰੀ ਵਿਚ ਘੁੰਮ ਰਿਹਾ ਹਾਂ, ਬੜਾ ਜਗਾਇਆ ਲੋਕਾਂ ਨੂੰ, ਪਰ ਕਿਸੇ ਦਰਦ ਵਾਲੇ ਨੇ ਮੈਨੂੰ ਰੋਟੀ ਦੀ ਗਰਾਹੀ ਨਹੀਂ ਦਿੱਤੀ ਤੇ ਤੁਹਾਡੇ ਘਰ ਨੂੰ ਮੈਂ ਬਾਬੇ ਨਾਨਕ ਦੇ ਸਿੱਖਾਂ ਦਾ ਘਰ ਜਾਣ ਕੇ ਆਇਆ ਹਾਂ। ਮਾਨ ਸਿੰਘ ਝੌਰ ਜੀ ਦੱਸਦੇ ਨੇ ਮੈਂ ਇਥੇ ਨਾ ਅੱਜ ਸਵੇਰੇ ਉਠ ਕੇ ਵੇਖਿਆ, ਵੱਡੇ-ਵੱਡੇ ਮਹਾਂਪੁਰਸ਼ਾਂ ਦੀ ਗੈਰ-ਹਾਜ਼ਰੀ ਉਥੇ ਸਿੱਖਾਂ ਨੇ ਮੇਰੇ ਵਾਸਤੇ ਚਾਹ ਬਣਾਉਣੀ ਸੀ, ਉਨੀ ਦੇਰ ਨੂੰ ਸਿੱਖ ਆ ਗਿਆ, ਕਾਲੀ ਪੱਗ ਵਾਲਾ ਉਹ ਕਹਿਣ ਲੱਗਾ, ਦੁੱਧ ਥੋੜਾ ਹੈ, ਹੋਰ ਪਾ ਤੇ ਦੂਜਾ ਕਹਿਣ ਲੱਗਾ, ਨਹੀਂ ਤੇ ਉਹਨੇ ਦੂਜੇ ਪਾਸਿਉਂ ਦੁੱਧ ਫੜ ਕੇ ਹੋਰ ਪਾ ਦਿੱਤਾ। ਕੱਲ੍ਹ ਮੇਰੇ ਡੇਰੇ ਵਿਚ ਤਿੰਨ ਸਿੱਖ ਆ ਗਏ, ਉਹਨਾਂ ਇੰਨੀਆਂ ਰੋਟੀਆਂ ਦਾ ਥੈਲਾ ਭਰਿਆ, ਨਿੱਕੇ-ਨਿੱਕੇ ਟੁਕੜੇ ਤੋੜੀ ਜਾਣ, ਭਈ ਇਹ ਕਬੂਤਰਾਂ ਨੂੰ ਪਾਉਣੇ ਹਨ, ਬਤਖਾਂ ਨੂੰ ਪਾਉਣੇ ਹਨ। ਪਿਆਰਿਉ ! ਇਹ ਗੁਰੂ ਨਾਨਕ ਦਾ ਘਰ ਹੈ, ਇਹ ਸਾਰੀ ਨਾਨਕ ਦੀ ਦਇਆ ਹੈ। ਅਮਰਦਾਸ ਸੱਚੇ ਪਾਤਿਸਾਹ ਆਏ ਬਾਹਰੋਂ ਜਦੋਂ ਸ੍ਰੀ ਗੋਇੰਦਵਾਲ ਸਨ, ਘਰ ਦੇ ਦਰਵਾਜ਼ੇ ਕੋਲ ਆ ਗਏ, ਬੜੀਆਂ ਅੰਦਰੋਂ ਰੁੱਖੀਆਂ ਜਿਹੀਆਂ, ਤੱਤੀਆਂ ਅੰਦਰੋਂ ਅਵਾਜ਼ਾਂ ਆਈਆਂ। ਸਰਕਾਰ ਅੰਦਰ ਗਏ, ਮਨਸਾ ਦੇਵੀ ਨੇ ਵੇਖਿਆ ਪਤੀ ਆ ਗਏ ਨੇ, ਗਲ ਪੱਲਾ ਪਾਇਆ, ਮੱਥਾ ਟੇਕਿਆ ਗੁਰੂ ਪਤੀ ਨੂੰ, ਭਾਨੀ ਆ ਗਈ, ਪਿਉ ਗੁਰੂ ਨੂੰ ਪ੍ਰਣਾਮ ਕੀਤੀ, ਨੂੰਹ ਰਾਣੀ ਆ ਗਈ ਤੇ ਸਾਹਿਬ ਸੱਚਾ ਪਾਤਿਸ਼ਾਹ ਕਹਿਣ ਲੱਗੇ, ''ਮਨਸਾ ਦੇਵੀਏ। ਇਹ ਗੁਰੂ ਨਾਨਕ ਦਾ ਘਰ ਤੇ ਮੈਂ ਬਾਹਰ ਖਲੋ ਕੇ ਕੁਝ ਚਿਰ ਸੁਣਦਾ ਰਿਹਾ ਹਾਂ ਅੰਦਰੋਂ ਬੜੀਆਂ ਗਰਮ, ਬੜੀਆਂ ਰੁੱਖੀਆਂ, ਬੜੀਆਂ ਤੱਤੀਆਂ ਜਿਹੀਆਂ ਅਵਾਜ਼ਾਂ ਆਉਂਦੀਆਂ ਸਨ, ਉਹ ਕਿਉਂ ? ਬਾਬੇ ਨਾਨਕ ਦੇ ਘਰੋਂ। ਤੇ ਮਨਸਾ ਦੇਵੀ ਦੇ ਹੱਥ ਜੁੜ ਗਏ, ਕਹਿਣ ਲੱਗੀ, ਮਹਾਰਾਜ ! ਮੈਂ ਭਾਨੀ ਨਾਲ ਸਿਰ ਦੀਆਂ ਠੀਕਰੀਆਂ ਭੰਨੀਆਂ, ਆਹ ਤੁਸੀਂ ਵੇਖਦੇ ਹੋ, ਨਿੱਕਾ ਜਿਹਾ ਤੁਹਾਡਾ ਦੋਤਰਾ, ਕੰਚਨ ਵਰਗੀ ਜਿਸ ਦੀ ਕਾਇਆਂ, ਜਿਸ ਨੂੰ ਮੈਂ ਰੇਸ਼ਮ ਦੇ ਰੁਮਾਲਾਂ ਵਿਚ ਲਪੇਟ ਕੇ ਰੱਖਦੀ ਹਾਂ,

-ਮੈਂ ਕਦੇ ਇਸ ਦਾ ਵਿਸਾਹ ਨਹੀਂ ਕੀਤਾ, ਮੈਂ ਕਦੇ ਇਹਦੇ ਵਲੋਂ ਅਵੇਸਲੀ ਨਹੀਂ ਹੋਈ, ਹਰ ਵੇਲੇ ਇਸ ਨੂੰ ਆਪਣੇ ਧਿਆਨ ਵਿਚ ਰੱਖਨੀ ਹਾਂ, ਇਹ ਬੜਾ ਅਲੌਕਿਕ ਦੋਤਰਾ, ਅਨੋਖਾ ਦੋਤਰਾ ਹੈ। ਵੇਖ-ਵੇਖ ਕੇ ਅੱਖਾਂ ਰੱਜਦੀਆਂ ਨਹੀਂ। ਹੇ ਗੁਰੂ ਪਤੀ ! ਚਾਰ ਕੁ ਦਿਨ ਹੋਏ ਨੇ, ਮੈਂ ਤੱਤੀ ਨਾ ਬੋਲਾਂ ਤੇ ਕੀ ਕਰਾਂ, ਚਾਰ ਕੁ ਦਿਨ ਹੋਏ ਨੇ, ਭਾਨੀ ਨੂੰ ਮੈਂ ਆਖਦੀ ਰਹੀ, ਆਖਦੀ ਰਹੀ, ਇਕ ਨਾ ਮੰਨੀ ਮੇਰੀ, ਪ੍ਰਸ਼ਾਦ ਪਾਣੀ ਤਿਆਰ ਹੋ ਗਿਆ, ਤੱਵਾ ਚੁੱਲ੍ਹੇ ਤੇ ਰਹਿਣ ਦਿੱਤਾ, ਪਤਾ ਨਹੀਂ ਕਿਹੜੇ ਕੰਮ ਵਿਚ ਰੁੱਝ ਗਈ ਤੇ ਤੁਹਾਡਾ ਸੁੱਖਾਂ-ਲੱਦਾ ਦੋਹਤਾ, ਜਿਸ ਦੇ ਨਾਲ ਤੁਸੀਂ ਬੜਾ ਲਾਡ ਕਰਦੇ ਹੋ, ਇਹ ਸਹਿਜੇ-ਸਹਿਜੇ, ਰਿੜ੍ਹਦਾ-ਰਿੜ੍ਹਦਾ, ਚੁੱਲ੍ਹੇ ਦੇ ਲਾਗੇ ਚਲਾ ਗਿਆ, ਤੱਤਾ ਤਵਾ ਤਪਿਆ ਹੋਇਆ, ਜੇ ਮੈਂ ਇਕ ਮਿੰਟ ਨਾ ਜਾਂਦੀ ਨਾ ਮਹਾਰਾਜ ਜੀ ! ਤੇ ਤੁਹਾਡੇ ਦੋਹਤੇ ਨੇ ਉਸ ਤਵੇ ਉੱਤੇ ਹੱਥ ਰੱਖ ਦੇਣੇ ਸਨ, ਤਲੀਆਂ ਸੜ ਜਾਣੀਆਂ ਸਨ, ਛਾਲੇ ਪੈ ਜਾਣੇ ਸਨ, ਮੈਂ ਤੱਤੀ ਬੋਲਾਂ ਕਿ ਨਾ ਬੋਲਾ ? ਮੈਂ ਕਲਪਾਂ ਕਿ ਨਾ ਕਲਪਾਂ ? ਤੇ ਅੱਜ ਮੈਂ ਏਸ ਕਰਕੇ ਕਲਪੀ ਜੇ ਭਈ ਪ੍ਰਸਾਦਿ ਪਾਣੀ ਬਣ ਜਾਣ ਦੇ ਬਾਅਦ ਕਿਤੇ ਭਾਨੀ ਨੂੰ ਲੋੜ ਹੋਵੇਗੀ ਤੱਤੇ ਪਾਣੀ ਦੀ, ਮੈਂ ਪਤੀਲਾ ਭਰ ਕੇ ਰੱਖ ਦਿੱਤਾ, ਪਾਣੀ ਉਬਲਿਆ ਤੇ ਆਪ ਪਤਾ ਨਹੀਂ ਕਿਹੜੇ ਕੰਮਾਂ ਵਿਚ ਰੁੱਝ ਗਈ, ਫਿਰ ਖ਼ਿਆਲ ਭੁਲਾ ਦਿੱਤਾ ਏਸ ਦੋਹਤੇ ਦਾ, ਤੇ ਇਹ ਰਿੜ੍ਹਦਾ-ਰਿੜ੍ਹਦਾ ਫਿਰ ਚੁਲ੍ਹੇ ਵੱਲ ਨੂੰ ਤੁਰ ਪਿਆ। ਹੇ ਮੇਰੇ ਪਤੀ, ਹੇ ਅਮਰਦੇਵ ਇਹ ਜਦੋਂ ਰਿੜ੍ਹਦੇ ਨੇ, ਅੱਗ ਵੱਲ ਹੀ ਜਾਂਦੇ ਨੇ। ਜਦੋਂ ਰਿੜ੍ਹਦੇ ਹੋਏ ਅੱਗ ਵਲ ਨੂੰ ਜਾਂਦੇ ਨੇ, ਮੇਰਾ ਵਾਹਿਗੁਰੂ ਹੀ ਜਾਣੇ, ਇਨ੍ਹਾਂ ਨੂੰ ਅੱਗ ਨਾਲ ਕਿਉਂ ਪਿਆਰ ਹੈ। ਨਿਰੰਕਾਰ ਹੀ ਜਾਣੇ, ਇਹ ਅੱਗ ਦੇ ਕੋਲਿਆਂ ਨਾਲ ਕਿਉਂ ਮੁਹੱਬਤ ਕਰਦਾ ਹੈ। ਜੇ ਮੈਂ ਨਾ ਜਾਂਦੀ, ਇਕ ਮਿੰਟ ਰਹਿ ਜਾਂਦੀ ਇਸ ਨੇ ਦੋਵੇਂ ਬਾਹਵਾਂ ਪਾ ਦੇਣੀਆਂ ਸਨ ਉਬਲਦੇ ਪਾਣੀ ਵਿਚ, ਦੋਵੇਂ ਬਾਹਵਾਂ ਦਾ ਮਾਸ ਉਤਰ ਜਾਣਾ ਸੀ, ਹੱਡੀਆਂ ਨੰਗੀਆਂ ਰਹਿ ਜਾਣੀਆਂ ਸਨ, ਮੈਂ ਤੱਤੀ ਬੋਲਾਂ ਕਿ ਨਾ ਬੋਲਾਂ ? ਮੈਂ ਕਲਪਾਂ ਕਿ ਨਾ ਕਲਪਾਂ ? ਤੇ ਗਰੀਬ-ਨਿਵਾਜ਼ ਅਮਰ ਦੇਵ ਸੱਚਾ ਪਾਤਿਸ਼ਾਹ ਜਿਸ ਵੇਲੇ ਮਨਸਾ ਦੇਵੀ ਦੀ ਗੁਫਤਗੂ ਖਤਮ ਹੋ ਗਈ ਤੇ ਕਹਿਣ ਲੱਗੇ, ਅੱਜ ਤੇ ਤੂੰ ਤਵੇ ਤੋਂ ਹੱਥ ਰੱਖਣੋਂ ਬਚਾ ਲਿਆ ਹੈ ਤੂੰ, ਉਬਲਦੇ ਪਾਣੀ ਵਿਚੋਂ ਬਾਹਵਾਂ ਬਚਾ ਲਈਆਂ ਹਨ ਤੂੰ, ਤੇ ਜਿਸ ਦਿਨ ਦਸ ਮਣ ਪੱਕੀਆਂ ਲੱਕੜਾ ਬਾਲ ਕੇ ਇਕ ਦੇਗ ਬਣੇਗੀ, ਪਾਣੀ ਖੌਲਦਾ ਹੋਵੇਗਾ, ਵਿਚ ਤੇਰਾ ਦੋਹਤਾ ਬਿਠਾ ਦਿੱਤਾ ਜਾਏਗਾ, ਉਪਰੋਂ ਢੱਕਣ ਦਿੱਤਾ ਜਾਏਗਾ, ਮਨਸਾ ਦੇਵੀਏ ਉਸ ਦਿਨ ਤੂੰ ਬਚਾਵੇਂਗੀ ? ਉਸ ਦਿਨ ਤੂੰ ਰਾਖੀ ਬਣੇਗੀ, ਉਸ ਦਿਨ ਤੂੰ ਰਾਖੀ ਕਰੇਂਗੀ ? ਜਿਸ ਦਿਨ ਦਸ ਮਣ ਲੱਕੜਾਂ ਫੂਕ ਕੇ, ਕਰਕੇ ਤੱਤਾ ਤਵਾ, ਤੇਰੇ ਸੁੱਖਾਂ-ਲੱਦੇ ਦੋਹਤੇ ਨੂੰ ਬਿਠਾ ਦਿੱਤਾ ਜਾਏਗਾ ਉਪਰ, ਜਦੋਂ ਜਲ ਜਾਏਗਾ ਮਾਸ, ਜਲ ਜਾਏਗੀ ਚਰਬੀ। ਮੈਂ ਡਾਕਟਰ ਸਾਹਿਬ ਮੁਹੰਮਦ ਲਤੀਫ ਨੂੰ ਪੜ੍ਹਿਆ ਹੈ ਉਹ ਕਹਿੰਦਾ ਹੈ ਜਿਹੜੀਆਂ ਪੱਟਾਂ ਦੀਆਂ ਹੱਡੀਆਂ ਸਨ ਉਹ ਵੀ ਸੇਕ ਨਾਲ ਲਾਲ ਸੁਰਖ ਹੋ ਗਈਆਂ, ਪਰ ਕਹਿੰਦਾ ਅੱਲਾ ! ਤੇਰੀ ਤੋਬਾ, ਪਤਾ ਨਹੀਂ ਸਿੱਖੋਂ ਕਾ ਗੁਰੂ ਅਰਜਨ ਦੇਵ ਕੌਣਸੀ ਮਿੱਟੀ ਕਾ ਬਣਾ ਹੈ, ਕੌਣਸੇ ਮੁਲਕ ਕੇ ਰਹਿਣੇ

Sri Satguru Jagjit Singh Ji Elibrary NamdhariElibrary@gmail.com

ਵਾਲੇ ਹੈਂ, ਉਨਕੇ ਚਿਹਰੇ ਪਰ ਕੋਈ ਸਿਕਨ ਨਹੀਂ ਥਾ, ਉਨਕੀ ਆਂਖੋਂ ਮੇਂ ਆਂਸੂ ਨਾ ਥੇ, ਉਨਕੀ ਜੁਬਾਂ ਪੇ ਸਿਕਵਾ ਨਾ ਥਾ, ਵੋ ਮਸਤੀ ਮੇਂ ਮਸਤ ਥੇ, ਮਾਲੂਮ ਹੀ ਨਹੀਂ ਥਾ ਕਿ ਵੋ ਪਾਣੀ ਮੇਂ ਉਬਾਲ ਰਹੇ ਹੈਂ, ਮਾਲੂਮ ਹੀ ਨਹੀਂ ਥਾ ਵੋ ਗਰਮ ਤੱਵੀ ਪਰ ਬੈਠੇ ਹੈਂ। ਇਹ ਇਕ ਅਲੌਕਿਕ ਜਿਹੀ ਚੀਜ ਹੈ ਪਿਆਰਿਓਂ, ਇਥੇ ਜਾ ਕੇ ਸਿੱਖੀ ਕਮਾਈ ਜਾਂਦੀ ਹੈ। ਅਵਾਜ਼ ਦਿੱਤੀ ਫਕੀਰ ਨੇ, ਤੇ ਭਾਈ ਸ਼ੀਹੇਂ ਨੇ ਕਿਹਾ, ਕਰਮਾਂ ਵਾਲੀਏ ਧੰਨ ਕਹੁ ਬਾਬਾ ਨਾਨਕ, ਫੈਸਲਾ ਕਰ ਦਿੱਤਾ ਤਿੰਨ ਹੀ ਰੋਟੀਆਂ ਤੇ ਤਿੰਨ ਹੀ ਖਾਣ ਵਾਲੇ, ਇਕ ਆਪਣੇ ਲਈ ਰੱਖ ਲੈ, ਇਕ ਮੈਨੂੰ ਦੇ ਦੇ, ਇਕ ਬਾਹਰ ਫਕੀਰ ਨੂੰ ਦੇ ਦੇ। ਰੋਟੀ ਦੇ ਦਿੱਤੀ ਫਕੀਰ ਨੂੰ ਤੇ ਲਹਿਣਾ ਵੇਖ ਕੇ ਹੈਰਾਨ, ਪ੍ਰੇਸ਼ਾਨ, ਘਰ ਵਿਚ ਗਰੀਬੀ ਤੇ ਦਾਨ ਏਡਾ। ਫਕੀਰ ਨੇ ਰੋਟੀ ਖਾ ਕੇ ਫਿਰ ਅਵਾਜ਼ ਦਿੱਤੀ, "ਨਾਨਕ ਨਿਰੰਕਾਰੀ ਦੇ ਸਿਖੋ ! ਮੇਰੇ ਮਨ ਦਾ ਕੁੱਤਾ ਅਜੇ ਵੀ ਰੋਟੀ-ਰੋਟੀ ਭੌਂਕਦਾ ਪਿਆ ਜੇ, ਮੈਨੂੰ ਕੁਝ ਹੋਰ ਦਿਉ ਤੇ ਭਾਈ ਸੀਹਾਂ ਬੋਲ ਉਠਿਆ, ਕਰਮਾਂ ਵਾਲੀ ਨੂੰ ਨੇਕ ਬਖਤੇ ! ਕਰਮਾਂ ਵਾਲੀਏ ! ਸਿੱਖੀ ਦੀ ਕਮਾਈ ਨੂੰ ਕਰ ਰਹੀ ਹੈਂ। ਸਿੱਖੀ ਦੇ ਰਸਤੇ ਉਤੇ ਤੁਰੀ ਹੋਈ ਹੈਂ, ਦੂਜੀ ਰੋਟੀ ਵੀ ਇਸ ਨੂੰ ਦੇ ਦੇ, ਇਹ ਸਿੱਖਾਂ ਦੇ ਘਰੋਂ ਭੁੱਖਾ ਨਾ ਜਾਏ, ਮੈਂ ਤੇ ਤੂੰ ਅੱਧੀ-ਅੱਧੀ ਰੋਟੀ ਤੇ ਗੁਜ਼ਾਰਾ ਕਰ ਲਵਾਂਗੇ। ਜਿਸ ਵੇਲੇ ਦੂਜੀ ਰੋਟੀ ਦੇ ਦਿੱਤੀ ਤੇ ਭਾਈ ਲਹਿਣਾ ਤਖਤੇ ਦੇ ਉਹਲੇ ਹੋ ਕੇ ਦੌੜ ਕੇ ਸ਼ੀਹੇਂ ਦੇ ਚਰਨਾਂ ਉਤੇ ਲੇਟ ਗਿਆ। ਸ਼ੀਹਾਂ ! ਤੂੰ ਧੰਨ, ਤੇਰੇ ਅਮਲੀ ਜੀਵਨ ਨੇ, ਬਾਬੇ ਨਾਨਕ ਦੇ ਦਰਸ਼ਨਾਂ ਨੇ, ਮੇਰੇ ਅੰਦਰ ਹੜ੍ਹ ਵਗਾ ਦਿੱਤੇ ਨੇ, ਹੁਣ ਓਨਾ ਚਿਰ ਨਹੀਂ ਮਨ ਚੈਨ ਕਰੇਗਾ ਜਿੰਨਾ ਚਿਰ ਨਾਨਕ ਨਿਰੰਕਾਰੀ ਨੂੰ ਵੇਖ ਨਾ ਲਿਆ ਜਾਵੇ। ਜਿੰਨਾ ਚਿਰ ਨਾਨਕ ਨਿਰੰਕਾਰੀ ਦੇ ਦਰਸ਼ਨ ਨਾ ਹੋ ਜਾਣ। ਭਾਈ ਸ਼ੀਹੇਂ ਦੀ ਸਿੱਖੀ ਨੇ ਭਾਈ ਲਹਿਣੇ ਦੇ ਅੰਦਰ ਤੜਪ ਪੈਦਾ ਕੀਤੀ ਤੇ ਉਹ ਪਹੁੰਚ ਗਿਆ ਦਰਬਾਰ ਕਰਤਾਰਪੁਰ ਸਾਹਿਬ, ਜਿਨ੍ਹਾਂ ਦੀ ਕਰਨੀ ਨੂੰ ਵੇਖ ਕੇ ਭਾਈ ਲਹਿਣਾ ਜੀ ਨੇ ਦਰਬਾਰ ਕਰਤਾਰਪੁਰ ਸਾਹਿਬ ਜਾ ਕੇ ਨਾਨਕ ਨਿਰੰਕਾਰੀ ਨਾਲ ਮੁਲਾਕਾਤ ਕੀਤੀ:

*"ਤਿਨ ਬਲਿਹਾਰੈ ਜਾਇ ਨਾਨਕ ਤਿਨ ਬਲਿਹਾਰੈ ਜਾਇ॥*
*"ਨਾਨਕ ਦੁਨੀਆ ਕੈਸੀ ਹੋਈ॥*
*ਸਾਲਕੁ ਮਿਤੁ ਨ ਰਹਿਓ ਕੋਈ॥*
*ਨਾਨਕ ਤਿਨ ਬਲਿਹਾਰੈ ਜਾਇ॥"*

ਗਰੀਬ-ਨਿਵਾਜ਼ ਗੁਰੂ ਕੀ ਸੰਗਤ ਜੀ, ਇਸ ਪੰਕਤੀ ਦਾ ਇਹ ਅਰਥ ਹੈ ਕਿ ਜਿਸ ਵਿਚ ਦਿਖਾਵੇ ਦਾ ਵੀ ਜ਼ਿਕਰ ਆਇਆ ਹੈ, ਜਿਹੜੇ ਅਣਮਤੀਏ ਨੇ ਗੁਰਮਤੀਏ ਨਹੀਂ ਅਣਮਤੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਮਈ ਬਾਣੀ ਦੇ ਸੂਝ-ਬੂਝ ਨਾਲ ਕਠਿਨ ਪਾਠ ਕੀਤੇ ਹਨ। ਤੁਹਾਡੇ ਵਿਚੋਂ ਬਹੁਤ ਸਾਰੇ ਸੱਜਣਾਂ ਨੇ ਆਪਣੇ ਨੇਤਰਾਂ ਨਾਲ ਵੇਖ ਕੇ ਆਪਣੀ ਰਸਨਾ ਨਾਲ ਇਹ ਅੱਖਰ ਪੜ੍ਹੇ ਹੋਣਗੇ:

*"ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ॥"*

ਕੱਲਰ ਵਾਲੀ ਜ਼ਮੀਨ ਹੈ ਜਿਹੜੀ ਉਥੇ ਛੱਪੜੀ ਹੋਵੇ, ਪਾਣੀ ਇਕੱਠਾ ਹੋਇਆ ਹੋਵੇ ਤਾਂ ਉਹ ਪਾਣੀ ਸਾਫ ਨਹੀਂ ਹੁੰਦਾ, ਗੰਧਲਾ ਜਿਹਾ ਰਹਿੰਦਾ ਹੈ, ਐਵੇਂ ਲਾਲ ਜਿਹੇ ਰੰਗ ਦਾ ਜਾਪਦਾ ਹੈ। ਜੇ ਉਸ ਪਾਣੀ ਨਾਲ ਹੱਥ ਧੋਣੇ ਹੋਣ ਤਾਂ ਉਹ ਵੀ ਚਿਕਨੇ ਜਿਹੇ ਹੋ ਜਾਂਦੇ ਨੇ, ਸਾਫ ਨਹੀਂ ਹੁੰਦੇ। ਪਰ ਉਸ ਕੱਲਰ ਵਾਲੀ ਜ਼ਮੀਨ ਦੀ ਛੱਪੜੀ ਦੇ ਗੰਦੇ-ਮੰਦੇ ਪਾਣੀ ਵਿਚ ਕਾਂ ਬੜੇ ਸ਼ੌਕ ਨਾਲ ਨਹਾਉਂਦਾ ਹੈ। ਬੜੀਆਂ ਉਹਦੇ ਵਿਚ ਤਾਰੀਆਂ ਲਾਉਂਦਾ ਹੈ, ਉਸ ਨੂੰ ਇਹ ਪਾਣੀ ਚੰਗਾ ਲੱਗਦਾ ਹੈ। ਇਥੇ ਕੱਲਰ ਤੋਂ ਮੁਰਾਦ ਹੈ ਵਿਕਾਰ, ਕੁਕਰਮ, ਬਦਫੈਲੀਆਂ, ਉਹ ਜਿਹੜੀ ਵਿਕਾਰਾਂ ਦੀ ਛੱਪੜੀ ਹੈ ਨਾ ਉਸ ਵਿਚ ਕਾਂ ਬੜਾ ਖੁਸ਼ ਹੋ ਕੇ ਨਹਾਉਂਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਾਨੂੰ ਚਾਨਣਾ ਬਖਸ਼ਿਆ ਹੈ ਭਈ ਅੰਦਰੋਂ ਅੰਨ੍ਹਾ, ਬਾਹਰੋਂ ਅੰਨ੍ਹਾ, ਮਨ ਕਰਕੇ ਵੀ ਅੰਨ੍ਹਾ ਹੈ ਤੇ ਬਾਹਰੋਂ ਕਰਮਾਂ ਕਰਕੇ ਵੀ ਅੰਨ੍ਹਾ ਹੈ। ਕਰਮ ਐਸੇ ਕਰਦਾ ਹੈ ਜਿਹੜੇ ਕੁਕਰਮ ਨੇ, ਤੇ ਮਨ ਕਦੇ ਈਸ਼ਵਰ ਨਾਲ ਜੁੜਿਆ ਈ ਨਹੀਂ, ਮਨ ਕਦੇ ਇਕਾਗਰ ਹੋਇਆ ਹੀ ਨਹੀਂ, ਅੰਦਰੋਂ-ਬਾਹਰੋਂ ਅੰਨ੍ਹਾ। ਉੱਝ ਬਾਣੀ ਗਾਉਂਦਾ ਹੈ ਤੇ ਗਰੀਬ-ਨਿਵਾਜ਼ ਸੱਚਾ ਪਾਤਿਸ਼ਾਹ ਕਹਿੰਦਾ ਹੈ ਉਹਦਾ ਗਾਉਣਾ ਝੂਠਾ ਹੈ:

*"ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥*
*ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥"*

ਆਪਣੀਆਂ ਬਾਹਾਂ ਉੱਤੇ, ਆਪਣੇ ਮੱਥੇ ਉੱਤੇ, ਆਪਣੇ ਸੀਨੇ ਉੱਤੇ ਸੁਦਰਸ਼ਨ ਚੱਕਰ ਬਣਾਉਂਦਾ ਹੈ ਕਿ ਮੈਂ ਵਿਸ਼ਨੂੰ ਦਾ ਪੁਜਾਰੀ ਹਾਂ, ਅੰਦਰ ਮਨ ਦੀ ਹਾਲਤ ਕੀ ਹੈ ? ਮਨ ਕਰਕੇ ਦਿਨ-ਰਾਤ ਮਾਇਆ ਦੇ ਪਿੱਛੇ ਦੌੜਿਆ ਫਿਰਦਾ ਹੈ,, ਨੱਸਿਆ ਫਿਰਦਾ ਹੈ। ਜਿਹੜਾ ਐਸਾ ਪੁਰਸ਼ ਹੈ ਉਸ ਨੂੰ ਹਜ਼ੂਰ ਕਹਿੰਦੇ ਨੇ:

*"ਅੰਤਰਿ ਮੈਲੁ ਨ ਉਤਰੈ ਹਉਮੈ"*

ਉਸ ਦੇ ਅੰਦਰ ਮੈਲ ਹੈ, ਹਉਮੈ ਹੈ, ਹੰਕਾਰ ਹੈ। ਹਉਮੈ, ਹੰਕਾਰ ਦੇ ਕਾਰਨ ਜਿਹੜੀ ਉਸ ਦੇ ਮਨ ਨੂੰ ਮੈਲ ਲੱਗ ਗਈ ਹੈ, ਉਹ ਲੱਥਦੀ ਨਹੀਂ, ਧੋਤੀ ਨਹੀਂ ਜਾਂਦੀ। ਉਸ ਦਾ ਨਤੀਜਾ ਕੀ ਹੁੰਦਾ ਹੈ ? ਉਸ ਦਾ ਫਲ ਉਸ ਨੂੰ ਕੀ ਮਿਲਦਾ ਹੈ:

*"ਫਿਰ ਫਿਰ ਆਵੈ ਪਿਆਰੇ ਜਾਇ ਫਿਰ ਫਿਰ ਆਵੈ ਪਿਆਰੇ।"*

ਅੱਖਾਂ ਤੇ ਉਹਦੀਆਂ ਨੀਂਦ ਵਿਚ ਗੜੁਚ ਰਹਿੰਦੀਆਂ ਨੇ ਤੇ ਮਨ ਵੀ ਸੁੱਤਾ ਰਹਿੰਦਾ ਹੈ। ਬੰਬੇ ਨੂੰ ਜਾਣਾ ਹੋਵੇ ਤੇ ਝਾਂਸੀ ਤੋਂ ਅੱਗੇ ਇਕ ਸਟੇਸ਼ਨ ਆਉਂਦਾ ਹੈ ਤੇ ਉਹ ਮੁਹਾਵਰੇ ਵਿਚ ਵੀ ਆਉਂਦਾ ਹੈ:

*"ਝਾਸੀ ਗਲੇ ਕੀ ਫਾਂਸੀ ਦਖੀਆ ਗਲੇ ਕਾ ਹਾਰ।*
*ਤੇ ਲੱਲਤਪੁਰ ਕਦੇ ਨਾ ਛੋਡੀਏ ਜੇ ਮਿਲਦਾ ਰਹੇ ਉਧਾਰ।"*

ਲੱਲਤਪੁਰ ਇਕ ਗੁੰਬੀ ਹੈ, ਉਹਦਾ ਨਾਂ ਹੈ ਭਾਈ ਮੇਹਰ ਸਿੰਘ ਤੇ ਤੁਹਾਨੂੰ ਕਦੇ ਵਾਹਿਗੁਰੂ ਜਾਣ ਦਾ ਉਥੇ ਮੌਕਾ ਮਿਲੇ ਤੇ ਗੌਰ ਨਾਲ ਵੇਖਿਉ ਕਿ ਦਸਾਂ ਵਰ੍ਹਿਆਂ ਤੋਂ ਵੱਧ ਉਮਰ ਦਾ ਕੋਈ ਕੁੜੀ ਮੁੰਡਾ ਤੁਹਾਨੂੰ ਐਸਾ ਲੱਲਤਪੁਰ ਵਿਚ ਨਜ਼ਰ ਨਹੀਂ ਆਵੇਗਾ, ਜਿਸ ਨੂੰ ਰਹਿਰਾਸ ਨਾ ਕੰਠ ਹੋਵੇ, ਜਿਸ ਨੂੰ ਕੀਰਤਨ ਨਾ ਕਰਨਾ ਆਉਂਦਾ ਹੋਵੇ। ਇਹ ਉਹਦੀ ਮੇਹਰ ਸਿੰਘ ਦੀ ਮਿਹਨਤ ਹੈ, ਮੈਨੂੰ ਉਹਨਾਂ ਬੁਲਾਇਆ, ਮਾਨ ਸਿੰਘ ਤੌਰ ਜੀ ਦੱਸਦੇ ਹਨ ਕਿ ਸਾਨੂੰ ਜਪ ਸਾਹਿਬ ਦੀ ਕਥਾ ਸੁਣਾ ਜਾ ਤੇ ਭਾਈ ਹਰੀ ਸਿੰਘ ਸਾਹਿਬ ਜੀ ਉਦੋਂ ਜ਼ਿਲ੍ਹਾ ਗੁਜਰਾਤ ਦੇ ਪ੍ਰੈਜ਼ੀਡੈਂਟ ਸਨ ਤੇ ਮੈਂ ਗਿਆ। ਮੇਰੇ ਗਿਆਂ ਹੀ ਉਥੇ ਇਕ ਜੱਥਾ ਰਾਗੀਆਂ ਦਾ ਆ ਗਿਆ। ਭਾਈ ਸਾਹਿਬ ਨੇ ਬਿਸਤਰੇ ਚੰਗੇ ਦਿੱਤੇ, ਜਿਵੇਂ ਦੇ ਉਹਨਾਂ ਕੋਲੋਂ ਪੁਗਦੇ ਸੀ, ਪ੍ਰਸ਼ਾਦਿ ਪਾਣੀ ਛਕਾਇਆ, ਦੁੱਧ ਵਗੈਰਾ ਪੁੱਛਿਆ ਤੇ ਅਗਲੇ ਦਿਨ ਉਠ ਕੇ ਮੈਂ ਜਪ ਸਾਹਿਬ ਦੀ ਕਥਾ ਸੁਣਾਉਣੀ ਸੀ। ਲੱਲਤਪੁਰ ਵਿਚ ਇਕ ਐਸਾ ਬੱਚਾ ਵੀ ਸੀ ਜਿਸ ਨੂੰ ਜਪ ਸਾਹਿਬ ਵੀ ਜ਼ਬਾਨੀ ਕੰਠ ਸੀ। ਉਸ ਤੋਂ ਪੁਛਿਆ ਗਿਆ ਕਿ ਜ਼ਬਾਨੀ ਕੰਠ ਕਿਵੇਂ ਕੀਤੀ ਇਤਨੀ ? ਤੇ ਉਸ ਦਾ ਜਵਾਬ ਸੀ ਕਿ ਸਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਹੈ। ਜਿਹੜਾ ਉਹਨਾਂ ਦੇ ਲੜ ਲੱਗ ਜਾਵੇਗਾ, ਉਸ ਨੂੰ ਮੁਸਕਿਲ ਤੋਂ ਮੁਸ਼ਕਿਲ ਚੀਜ਼ ਵੀ ਕਰਨੀ ਆਸਾਨ ਲਗੇਗੀ ਤੇ ਜਿਹੜਾ ਆਪਣੇ ਆਪ ਨੂੰ ਹੀ ਮਹਾਨ ਸਮਝੇਗਾ ਤੇ ਉਸ ਵਾਸਤੇ ਆਸਾਨ ਤੋਂ ਆਸਾਨ ਚੀਜ ਵੀ ਕਰਨੀ ਮੁਸ਼ਕਿਲ ਹੋ ਜਾਏਗੀ। ਇੰਨੀ ਪਵਿੱਤਰਤਾ ਹੈ ਲੱਲਤਪੁਰ ਵਿਚ। ਸੋ ਗੁਰੂ ਕੇ ਸਿੱਖੋ, ਜਿੰਨੇ ਵੀ ਮਾਈ ਭਾਈ ਇਥੇ ਆਪਣਾ ਕੀਮਤੀ ਸਮਾਂ ਕੱਢ ਕੇ ਆਏ ਹੋ, ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਵੀ ਲੱਲਤਪੁਰ ਵਿਚ ਰਹਿ ਰਹੇ ਬੱਚਿਆਂ ਵਾਂਗੂੰ ਕੁਝ ਸਿੱਖੀਏ, ਤੇ ਆਪਣੇ ਬੱਚਿਆਂ ਨੂੰ ਵੀ ਜ਼ਬਾਨੀ ਬਾਣੀ ਕੰਠ ਕਰਵਾਈਏ।

♦♦♦♦

Sri Satguru Jagjit Singh Ji Elibrary NamdhariElibrary@gmail.com

# ਦੁਖਦਾਈ ਪ੍ਰੀਤ ਵਿਚ ਵੀ ਸੁਖਦਾਈ ਪ੍ਰੀਤ ਦਾ ਅਹਿਸਾਸ

ਗੁਰੂ ਕੀ ਪਰਮ ਸਤਿਕਾਰ ਯੋਗ ਨਿਵਾਜੀ ਗੁਰੂ ਕਾ ਸੁੰਦਰ ਸਰੂਪ ਸਾਧ ਸੰਗਤ ਜੀ ! ਗੁਰੂ ਕੇ ਖਾਸ ਰੂਪ ਖਾਲਸਾ ਮਾਈ ਭਾਈ ਬਿਰਧ ਜੋ ਵੀ ਸਮੇਂ ਦੀ ਕਦਰ ਕਰਦੇ ਗੁਰਦੁਆਰੇ ਪਹੁੰਚੇ ਹੋ, ਆਉ ਆਪਾਂ ਸਾਰੇ ਰੱਲ-ਮਿਲ ਕੇ ਕੋਸ਼ਿਸ਼ ਕਰੀਏ ਕਿ ਸਾਡਾ ਮਨ ਵੀ ਇਕ ਮੱਛਲੀ ਦੀ ਤਰ੍ਹਾਂ ਹੋ ਜਾਵੇ, ਕਿਉਂਕਿ ਉਹ ਦੁੱਖ ਵਿਚ ਵੀ ਰਹਿ ਕੇ ਸੁੱਖਦਾਈ ਦੀ ਪ੍ਰੀਤ ਦਾ ਅਹਿਸਾਸ ਕਰਦੀ ਹੈ।

ਗਿਆਨੀ ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਜੈਸੇ ਮਨ, ਕਰਮ, ਲੀਨ, ਲਿਵਲੀਨ, ਜੱਲ ਐਸੀ ਉਹਦੀ ਹਾਲਤ ਹੈ ਮੱਛੀ ਦੀ, ਜਿਸ ਵੇਲੇ ਮਛੇਰੇ ਮੱਛਲੀਆਂ ਉੱਤੇ ਜਾਲ ਪਾਉਂਦੇ ਹਨ ਤੇ ਉਹ ਪਾਣੀ ਨਾਲੋਂ ਵਿਛੜਣ ਲਗਦੀ ਹੈ, ਜਾਲ ਵਿਚ ਫਸ ਜਾਂਦੀ ਹੈ। ਉਸ ਵਿਛੜੀ ਹੋਈ ਮੱਛੀ ਨੂੰ ਪਾਣੀ ਬਚਾਉਣ ਦਾ ਕੋਈ ਉਪਰਾਲਾ ਹੀ ਨਹੀਂ ਕਰਦਾ, ਉਸ ਨੂੰ ਬਚਾਉਣ ਦਾ ਕੋਈ ਚਾਰਾ ਹੀ ਨਹੀਂ ਕਰਦਾ, ਭਈ ਇਹਦੇ ਨਾਲ ਮੇਰਾ ਪ੍ਰੇਮ ਸੀ, ਮੇਰੇ ਤੋਂ ਬਿਨਾਂ ਇਹ ਜ਼ਿੰਦਾ ਨਹੀਂ ਸੀ ਰਹਿੰਦੀ, ਮੇਰੇ ਵਿਚ ਜੰਮੀ, ਪਲੀ। ਹੁਣ ਇਹ ਮੇਰੇ ਨਾਲੋਂ ਵਿੱਛੜ ਚੱਲੀ ਹੈ, ਕੋਈ ਉਪਰਾਲਾ ਕਰਾਂ, ਇਹਨੂੰ ਬਚਾ ਲਵਾਂ, ਪਰ ਕੋਈ ਉਪਰਾਲਾ ਨਹੀਂ ਕਰਦਾ। ਸਗੋਂ ਇਹ ਪਾਣੀ ਉਸ ਜਾਲ ਵਿਚ ਫਸਾਉਣ ਦਾ ਕਾਰਨ ਬਣਦਾ ਹੈ, ਤਾਂ ਕੀ ਹੁਣ ਮੱਛੀਆਂ ਨੇ ਫੈਸਲਾ ਕਰ ਲਿਆ ਕਿ ਪਾਣੀ ਸਾਡੀ ਰੱਖਿਆ ਨਹੀਂ ਕਰਦਾ, ਸਗੋਂ ਜਾਲ ਵਿਚ ਫਸਾ ਦਿੰਦਾ ਹੈ। ਅਸੀਂ ਸ਼ਿਕਾਰੀਆਂ ਦੇ ਪੰਜੇ ਵਿਚ ਫਸ ਜਾਂਦੀਆਂ ਹਾਂ। ਟੁੱਕੜੇ-ਟੁੱਕੜੇ ਕਰਕੇ, ਤਲ ਕੇ ਸਾਨੂੰ ਖਾ ਲੈਂਦੇ ਨੇ। ਭਈ ਅਸਾਂ ਹੁਣ ਪਾਣੀ ਨਾਲ ਪਿਆਰ ਨਹੀਂ ਕਰਨਾ। ਕੀ ਮੱਛੀਆਂ ਨੇ ਐਸਾ ਫੈਸਲਾ ਕਰ ਲਿਆ ? ਵੀਹ ਵੇਰਾਂ ਪਾਣੀ ਭਾਵੇਂ ਬੇ-ਵਫਾਈ ਕਰੇ, ਮੱਛਲੀਆਂ ਫਿਰ ਵੀ ਪਾਣੀ ਨਾਲ ਪਿਆਰ ਕਰਦੀਆਂ ਈ ਨੇ। ਤਿੰਨ ਪ੍ਰਮਾਣ ਦੇ ਕੇ, ਚੌਥੀ ਤੁੱਕ ਵਿਚ ਮੇਰੇ ਔਰ ਤੁਹਾਡੇ ਉੱਤੇ ਸਵਾਲ ਕੀਤਾ ਹੈ ਭਾਈ ਜੀ ਨੇ:

***"ਦੁਖਦਾਈ ਪ੍ਰੀਤ ਕੀ ਪ੍ਰਤੀਤ ਕੈ।"***

ਪਰਵਾਨਾ, ਭੌਰਾ ਤੇ ਮੱਛੀ ਦੁੱਖਾਂ ਵਾਲੀ ਪ੍ਰੀਤ ਉੱਤੇ ਪ੍ਰਤੀਤ ਕਰਕੇ, ਦੁੱਖ ਦੇਣ ਵਾਲੀ ਪ੍ਰੀਤ ਨੂੰ ਅਪਣਾ ਕੇ, ਦੁੱਖ ਦੇਣ ਵਾਲੀ ਪ੍ਰੀਤ ਦੇ ਉੱਤੇ ਸਿਦਕ ਬਣ ਕੇ "ਦੁਖਦਾਈ ਪ੍ਰੀਤ ਕੀ ਪ੍ਰਤੀਤ ਕੈ" ਡਰੇ ਨਾ। ਹੁਣ ਉਧਰੋਂ ਉਹ ਡਰਦੇ ਨਹੀਂ। ਨਾ ਪਰਵਾਨਾ ਦੀਵੇ ਉੱਤੇ ਆਉਣੋਂ ਡਰਦਾ ਹੈ, ਨਾ ਭੌਰਾ ਫੁੱਲ ਉੱਤੇ ਆਉਣੋਂ ਡਰਦਾ ਹੈ, ਨਾ ਮੱਛੀ ਪਾਣੀ ਨਾਲ ਪਿਆਰ ਕਰਨੋਂ ਡਰਦੀ ਹੈ:

*"ਦੁਖਦਾਈ ਪ੍ਰੀਤ ਕੀ ਪ੍ਰਤੀਤ ਕੈ,*
*ਮਰੈ ਨ ਟਰੈ।"*

ਸਗੋਂ ਆਪਣੀ ਲਗਨ ਦੇ ਬੱਧੇ ਹੋਏ ਮਰ ਜਾਂਦੇ ਨੇ, ਪ੍ਰਾਣ ਤਿਆਗ ਦਿੰਦੇ ਨੇ, ਜਾਨ ਜਿਹੜੀ ਬੜੀ ਕੀਮਤੀ ਹੈ ਉਹ ਤਿਆਗ ਦਿੰਦੇ ਨੇ, ਪਰ ਪ੍ਰੀਤ ਦੀ ਰੀਤ ਪਾਲਣ ਤੋਂ ਡਰਦੇ ਨਹੀਂ। ਪਰ ਗੁਰਸਿੱਖ ਸੁੱਖਦਾਈ ਪ੍ਰੀਤ ਕਿਉਂ ਵਿਸਾਰਦਾ ਹੈ ? ਜਿਹੜੀ ਸਿੱਖ ਦੀ ਪ੍ਰੀਤ ਹੈ ਗੁਰੂ ਚਰਨਾਂ ਨਾਲ, ਜਿਹੜੀ ਸਿੱਖ ਦੀ ਪ੍ਰੀਤ ਹੈ ਵਾਹਿਗੁਰੂ ਨਾਲ, ਜਿਹੜੀ ਸਿੱਖ ਦੀ ਪ੍ਰੀਤ ਹੈ ਗੁਰਬਾਣੀ ਨਾਲ, ਇਹ ਤਾਂ ਦੁੱਖਦਾਈ ਨਹੀਂ। ਇਹ ਤਾਂ ਕਲੇਸ਼ਕਾਰੀ ਨਹੀਂ। ਇਹ ਤੇ ਸੁਖਾਂ ਦੀ ਪ੍ਰੀਤ ਹੈ, ਇਹ ਤਾਂ ਸੁਖਾਂ ਨਾਲ ਝੋਲੀਆਂ ਭਰ ਦੇਣ ਦੀ ਪ੍ਰੀਤ ਹੈ। ਗੁਰੂ ਕੇ ਸਿੱਖਾ ! ਤੂੰ ਇਹੋ ਜਿਹੀ ਸੁਖਦਾਈ ਪ੍ਰੀਤ ਕਿਉਂ ਤਿਆਗਦਾ ਹੈਂ ? ਸੰਗਤ ਵਿਚ ਆ, ਸਮਾਧੀ ਲਾ, ਸਤਿਗੁਰਾਂ ਦੇ ਦਰਸ਼ਨ ਕਰ, ਫਿਰ ਇਥੇ ਬੈਠ ਕੇ ਅੰਮ੍ਰਿਤ ਬਾਣੀ ਸੁਣ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਹੈ:

*"ਅੰਮ੍ਰਿਤ ਬਾਣੀ ਘਟ ਤੇ ਉਚਰਉ*
*ਆਤਮ ਕਉ ਸਮਝਾਵਉ॥"*

ਇਹ ਜਿਹੜੀ ਅੰਮ੍ਰਿਤ ਬਾਣੀ ਹੈ, ਇਹ ਭੁੱਲੇ ਹੋਏ ਮਨ ਨੂੰ ਸਮਝਾਂਦੀ ਹੈ। ਇਹ ਆਤਮਾ ਦਾ ਉਧਾਰ ਕਰਦੀ ਹੈ, ਇਹ ਸੰਸਾਰ-ਸਮੁੰਦਰ ਵਿਚ ਡੁੱਬਣ ਨਹੀਂ ਦਿੰਦੀ। ਇਥੇ ਆ, ਪ੍ਰੀਤ ਕਰ ਔਰ ਪ੍ਰੀਤ ਉਹਦੇ ਨਾਲ ਕਰ ਜਿਸ ਨੂੰ ਕਹਿੰਦੇ ਨੇ "ਸਤਿਨਾਮ ਵਾਹਿਗੁਰੂ।" ਸ੍ਰੀ ਨਾਨਕ ਨਿਰੰਕਾਰੀ ਸਾਹਿਬ ਸੱਚੇ ਪਾਤਿਸ਼ਾਹ ਨੇ ਵੱਡੀ ਵਿਜੈ ਕੀਤੀ ਹੈ। ਖੰਡਾ ਹਜ਼ੂਰ ਦੇ ਹੱਥ ਵਿਚ ਨਹੀਂ ਸੀ, ਤਲਵਾਰ ਸਰਕਾਰ ਦੇ ਹੱਥ ਵਿਚ ਨਹੀਂ ਸੀ, ਫੌਜਾਂ, ਗੋਲਾ, ਬਾਰੂਦ ਗੁਰੂ ਨਾਨਕ ਨਿਰੰਕਾਰੀ ਮਹਾਰਾਜ ਦੇ ਕੋਲ ਨਹੀਂ ਸੀ। ਲੇਕਿਨ ਬੜੀਆਂ ਵੱਡੀਆਂ ਵੱਡੀਆਂ ਗੱਲਾਂ ਦਾ, ਮੁਸੀਬਤਾਂ ਦਾ ਸਾਹਮਣਾ ਕੀਤਾ ਹੈ, ਕੇਵਲ ਨਾਮ ਦੇ ਆਸਰੇ। ਜਿਸ ਵੇਲੇ ਹਜ਼ੂਰ "ਬਗਦਾਦ" ਗਏ ਨੇ, ਪੀਰ ਗੁੱਸੇ ਹੋ ਗਿਆ। ਹੁਕਮ ਇਹ ਦੇ ਦਿੱਤਾ ਕਿ ਇਸ ਫਕੀਰ ਨੂੰ ਪੱਥਰ ਮਾਰ-ਮਾਰ ਕੇ ਮਾਰ ਹੀ ਦਿਉ। ਪੱਥਰ ਮਾਰ-ਮਾਰ ਕੇ ਉਡਾ ਦਿਉ। ਮੁਸਲਮਾਨ ਹੱਥ ਵਿਚ ਪੱਥਰ ਲੈ ਕੇ ਆ ਗਏ, ਢੇਰੀਆਂ ਲੱਗ ਗਈਆਂ, ਹਜ਼ਾਰਾਂ ਆਦਮੀ ਇਕੱਠੇ ਹੋ ਗਏ ਕਿ ਇਹ ਇਸਲਾਮ ਦੇ ਬਰਖਿਲਾਫ ਕਿਉਂ ਬੋਲਦਾ ਹੈ ? ਇਸ ਗੱਲ ਤੋਂ ਗੁੱਸੇ ਵਿਚ ਆ ਕੇ "ਪੀਰ" ਨੇ ਹੁਕਮ ਦੇ ਦਿੱਤਾ, ਮੁਸਲਮਾਨਾਂ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਜ਼ਿਕਰ ਇਉਂ ਆਇਆ ਹੈ ਕਿਤਾਬਾਂ ਵਿਚ ਕਿ ਪੱਥਰ ਮੀਂਹ ਵਾਂਗੂੰ ਵਰ੍ਹੇ, ਤੇ ਨਾਨਕ ਨਿਰੰਕਾਰੀ ਦੇ ਚਾਰ-ਚੁਫੇਰੇ ਪੱਥਰਾਂ ਦਾ ਢੇਰ ਲੱਗ ਗਿਆ। ਹਜ਼ੂਰ ਪੱਥਰਾਂ ਦੀ ਕੰਧ ਵਿਚ ਲੁਕ ਹੀ ਗਏ, ਪਰ ਕੋਈ ਵੀ ਪੱਥਰ ਹਜ਼ੂਰ ਦੇ ਨੇੜੇ ਨਾ ਪਹੁੰਚ ਸਕਿਆ, ਸਰਕਾਰ ਨੂੰ ਵਿਆਪ ਨਾ ਸਕਿਆ। ਇਹ ਕਰਾਮਾਤ ਵੇਖ ਕੇ, ਪੀਰ ਨੂੰ ਝੁਕਣਾ ਪੈ ਗਿਆ। ਇਹ ਕੇਵਲ ਨਾਮ ਦਾ ਪ੍ਰਤਾਪ ਸੀ ਤੇ ਸਾਹਿਬ ਸ੍ਰੀ ਨਾਨਕ ਨਿਰੰਕਾਰੀ ਨੇ ਜਿੰਨੇ ਵੀ

Sri Satguru Jagjit Singh Ji Elibrary NamdhariElibrary@gmail.com

ਰਸਤੇ ਦੇ ਰੋੜੇ ਸਨ, ਉਹਨਾਂ ਨੂੰ ਇਸ ਅਧਾਰ ਤੇ ਆਬੂਰ ਕੀਤਾ ਹੈ ਕਿ ਆਪ ਦੇ ਅੰਦਰ ਨਾਮ ਦਾ ਆਸਰਾ ਹੈ, ਆਪ ਦੇ ਅੰਦਰ ਨਾਮ ਦੀ ਟੇਕ ਸੀ। ਅਚਲ ਵਟਾਲੇ ਦੇ ਸਿੱਧਾਂ ਨੂੰ ਸਿੱਧੇ ਰਾਹੇ ਪਾ ਕੇ, ਮੁਲਤਾਨ ਦੇ ਪੀਰਾਂ ਦਾ ਘੁਮੰਡ ਦੂਰ ਕਰਕੇ ਤੇ ਸਿੱਧੇ ਸਰਕਾਰ ਕਰਤਾਰਪੁਰ ਸਾਹਿਬ ਆ ਗਏ। ਬਾਬੇ ਨਾਨਕ ਦੀ ਵਡਿਆਈ, ਬਾਬੇ ਨਾਨਕ ਦੀ ਉਪਮਾ ਦਿਨ-ਬ-ਦਿਨ ਵਧਦੀ ਗਈ ਔਰ ਦਸਮ ਦਿਸ਼ਾਂ ਵਿਚ ਫੈਲ ਗਈ। ਬਾਬੇ ਨਾਨਕ ਦੀ ਵਡਿਆਈ, ਇਹ ਦਸਮ ਦਿਸ਼ਾਂ ਵਿਚ ਬਾਬੇ ਨਾਨਕ ਦੀ ਵਡਿਆਈ ਕਿਉਂ ਫੈਲੀ ? ਭਾਈ ਜੀ ਕਹਿੰਦੇ ਨੇ:

*ਕਲਿਜੁਗਿ ਨਾਨਕ ਨਾਮ ਸੁਖਾਲਾ॥*

.............................................................

*ਵਿਣੁ ਤੁਧੁ ਹੋਰੁ ਜਿ ਮੰਗਣਾ*
*ਸਿਰਿ ਦੁਖਾ ਕੈ ਦੁਖ॥* *(ਪੰਨਾ ੯੫੮)*

ਹਜ਼ੂਰ ਨੇ ਸਾਨੂੰ ਸਿੱਖਿਆ ਇਹ ਦਿੱਤੀ ਹੈ ਕਿ ਨਾਮ ਤੋਂ ਬਿਨਾਂ ਹੋਰ ਕੁਝ ਜੋ ਨਾਨਕ ਨਿਰੰਕਾਰ ਕੋਲੋਂ ਮੰਗਣਾ ਹੈ, ਇਹ ਦੁੱਖਾਂ ਦੇ ਸਿਰ ਵੱਡਾ ਦੁੱਖ ਹੈ, ਇਹ ਮੁਸੀਬਤਾਂ ਦੇ ਸਿਰ ਵੱਡੀ ਮੁਸੀਬਤ ਹੈ। ਵਾਹਿਗੁਰੂ ਕੋਲੋਂ ਨਾਮ ਤੋਂ ਬਿਨਾਂ ਕਦੇ ਕੁਝ ਹੋਰ ਨਾ ਮੰਗੋ। ਔਰ ਨਾਨਕ ਨਿਰੰਕਾਰੀ ਦੀ ਨਦਰ ਵਿਚ ਨਾਮ ਨੂੰ ਵੇਖਣਾ ਚਾਹੀਦਾ ਹੈ। ਹਜ਼ੂਰ ਨੇ ਇਕ ਬਚੰਨ ਉਚਾਰਣ ਕੀਤਾ ਹੈ ਉਹ ਵੀ "ਰਹਾਉ" ਵਾਲੀ ਤੁੱਕ ਹੈ:

*"ਰੰਗਿ ਰਤਾ ਮੇਰਾ ਸਾਹਿਬੁ*
*ਰਵਿ ਰਹਿਆ ਭਰਪੂਰਿ॥"*

ਹਜ਼ੂਰ ਕਹਿੰਦੇ ਨੇ ਮੇਰਾ ਸਾਹਿਬ, ਅਲਬੇਲਾ ਸਾਹਿਬ, ਬੇਪ੍ਰਵਾਹ ਸਾਹਿਬ, ਕਿਸੇ ਆਪਣੇ ਰੰਗ ਵਿਚ ਰੱਤਾ ਹੋਇਆ, ਕਿਸੇ ਆਪਣੀ ਮਸਤੀ ਦੇ ਵਿਚ, ਕਿਸੇ ਆਪਣੀ ਧੁਨ ਵਿਚ ਸਾਰਾ ਭਰਪੂਰ ਹੋ ਰਿਹਾ ਹੈ। ਅਣੂ-ਪ੍ਰਮਾਣੂ, ਕੀੜਾ ਮਕੌੜਾ, ਚੰਗਾ, ਮੰਦਾ ਸਾਰਿਆਂ ਦੇ ਅੰਦਰ ਇਹ ਵਿਆਪਕ ਹੈ ਤੇ ਬਾਬੇ ਨਾਨਕ ਦੀ ਨਦਰ ਇਹ ਹੈ ਭਈ:

*"ਆਪੇ ਰਸੀਆ ਆਪਿ ਰਸੁ"*

ਉਹ ਰਸ, ਬੜਾ ਅਲੌਕਿਕ ਰੱਸ, ਬੜਾ ਬੇਨਜ਼ੀਰ ਰੱਸ, ਇਸ ਰੱਸ ਦੇ ਮੁਕਾਬਲੇ ਦਾ ਕੋਈ ਰੱਸ ਨਹੀਂ। ਉਹ ਰੱਸ ਵਾਹਿਗੁਰੂ ਆਪ ਹੈ ਤੇ ਉਸ ਰੱਸ ਨੂੰ ਮਾਨਣ ਵਾਲਾ, ਉਸ ਰੱਸ ਨੂੰ ਚੱਖ ਕੇ ਮਸਤ ਹੋ ਜਾਣ ਵਾਲਾ ਵੀ ਉਹ ਆਪ ਹੀ ਹੈ:

*"ਆਪੇ ਰਸੀਆ ਆਪਿ ਰਸੁ*
*ਆਪੇ ਰਾਵਣਹਾਰੁ॥*
*ਆਪੇ ਹੋਵੈ ਚੋਲੜਾ*
*ਆਪੇ ਸੇਜ ਭਤਾਰੁ॥"*

ਜਿਸ ਵੇਲੇ ਇਹ ਜ਼ਿਕਰ ਆ ਜਾਏ ਨਾ, ਭਈ ਸੇਜਾ ਵੀ ਉਹ ਆਪ ਹੀ ਹੈ, ਪਲੰਘ ਵੀ ਉਹ ਆਪ ਹੀ ਹੈ ਤੇ ਭਤਾਰ ਅਰਥਾਤ ਪਤੀ ਵੀ ਉਹ ਆਪ ਹੀ ਹੈ ਤੇ ਚੋਲੜਾ ਅਰਥਾਤ ਆਪ ਹੀ ਉਹ ਇਸਤਰੀ ਹੈ:

*"ਰੰਗਿ ਰਤਾ ਮੇਰਾ ਸਾਹਿਬੁ*
*ਰਵਿ ਰਹਿਆ ਭਰਪੂਰਿ॥ ੧॥ ਰਹਾਉ॥*
*ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥"* *(ਪੰਨਾ ੨੩)*

ਮੇਰਾ ਨਿਰੰਕਾਰ ਖੁਦ ਆਪ ਹੀ ਮੱਛੀਆਂ ਫੜਨ ਵਾਲਾ ਸ਼ਿਕਾਰੀ ਹੈ ਤੇ ਮੱਛੀ ਵੀ ਉਹ ਆਪ ਹੀ ਹੈ, ਤੇ ਜਿਸ ਪਾਣੀ ਵਿਚ ਮੱਛੀ ਨੇ ਤਾਰੀਆਂ ਲਾਉਣੀਆਂ ਹਨ, ਉਹ ਪਾਣੀ ਵੀ ਮੇਰਾ ਹੀ ਪ੍ਰਭੂ ਆਪ ਹੀ ਹੈ ਤੇ ਜਿਸ ਜਾਲ ਵਿਚ ਮੱਛੀ ਨੇ ਫਸ ਜਾਣਾ ਉਹ ਜਾਲ ਵੀ ਮੇਰਾ ਪ੍ਰਭੂ ਆਪ ਹੀ ਹੈ। ਉਹਦੇ ਬਿਨਾਂ ਹੋਰ ਕੋਈ ਚੀਜ਼ ਨਜ਼ਰ ਨਹੀਂ ਆਉਂਦੀ:

*"ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥"*

ਜਾਲ ਦੇ ਹੇਠਾਂ ਇਕ ਧਾਗਾ, ਡੋਰ, ਰੱਸੀ ਹੁੰਦੀ ਹੈ, ਉਸ ਰੱਸੀ ਵਿਚ ਸ਼ਿਕਾਰੀਆਂ ਨੇ ਮਣਕੇ ਪਰੋਏ ਹੁੰਦੇ ਨੇ ਲੋਹੇ ਦੇ, ਜਿਹੜੇ ਛੇਤੀ ਨਾਲ ਉਹਨੂੰ ਲੈ ਕੇ ਥੱਲੇ ਬੈਠ ਜਾਂਦੇ ਨੇ ਤੇ ਮੱਛੀ ਨੂੰ ਦੌੜਨ ਨਹੀਂ ਦਿੰਦੇ, ਜਾਲ ਦੇ ਵਿਚ ਉਹ ਜਿਹੜੇ ਲੋਹੇ ਦੇ ਮਣਕੇ ਨੇ, ਉਹ ਵੀ ਮੇਰਾ ਵਾਹਿਗੁਰੂ ਆਪ ਹੀ ਹੈ। ਉਹਨਾਂ ਮਣਕਿਆਂ ਦੇ ਛੇਕ ਵਿਚ ਮੇਰਾ ਵਾਹਿਗੁਰੂ ਲਾਲ ਅਰਥਾਤ ਰੱਸਾ। ਉਹਨਾਂ ਛੇਕਾਂ ਦੇ ਵਿਚ ਪਰੋਈ ਹੋਈ ਰੱਸੀ ਵੀ ਮੇਰਾ ਵਾਹਿਗੁਰੂ ਆਪ ਹੀ ਹੈ:

*"ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥"*

ਗਿਆਨੀ ਮਾਨ ਸਿੰਘ ਝੌਰ ਜੀ ਦੱਸਦੇ ਹਨ, ਐਸਾ ਜੋ ਅਲੌਕਿਕ ਵਾਹਿਗੁਰੂ ਹੈ, ਐਸਾ ਜੋ ਬੇਨਜ਼ੀਰ ਵਾਹਿਗੁਰੂ ਹੈ, ਜਿਹੜਾ ਤਮਾਮ ਵਿਆਪਕ ਹੋ ਰਿਹਾ ਹੈ ਤੇ ਸਾਹਿਬ ਗਰੀਬ-ਨਿਵਾਜ਼ ਨਾਨਕ ਨਿਰੰਕਾਰੀ, ਜਿਹੜੇ ਹਰ ਚੀਜ਼ ਵਿਚ ਆਪਣੇ ਪਿਆਰੇ ਨੂੰ ਵੇਖਦੇ ਨੇ, ਹਰ ਬੱਚੇ ਵਿਚ, ਹਰ ਫੁੱਲ ਵਿਚ, ਹਰ ਕੰਡੇ ਵਿਚ ਆਪਣੇ ਪਿਆਰੇ ਵਾਹਿਗੁਰੂ ਨੂੰ ਵੇਖਦੇ ਨੇ। ਸਾਹਿਬ ਕਹਿੰਦੇ ਨੇ, ਹੇ ਮੇਰੇ ਨਿਰੰਕਾਰ ਜੀ ! ਤੈਨੂੰ ਵਿਆਪਕ ਨੂੰ ਨਿੱਤ ਰਾਸ ਹੈ ਸੁਹਾਗਨੀ। ਇਸੇ ਸੁਹਾਗਨੀ ਦਾ ਅਰਥ ਹੈ "ਗੁਰਮੁਖਿ"। ਗੁਰਮੁਖਿ ਨਿੱਤ ਤੇਰੇ ਨਾਮ ਦਾ ਅੰਮ੍ਰਿਤ ਪੀਂਦੇ ਨੇ, ਨਿੱਤ ਤੇਰੇ ਨਾਲ ਰੰਗ-ਰਲੀਆਂ ਮਾਨਦੇ ਨੇ:

*"ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ॥"*

ਹੇ ਮਹਾਰਾਜ ! ਜਿਹੜੇ ਤੇਰੇ ਤੋਂ ਵਿੱਛੜੇ ਹੋਏ ਨੇ, ਜਿਹੜੇ ਤੇਰੇ ਤੋਂ ਦੂਰ ਨੇ, ਉਹਨਾਂ ਦਾ ਹਾਲ ਕੀ ਹੋਵੇਗਾ ? ਉਹਨਾਂ ਦੀ ਹਾਲਤ ਕੈਸੀ ਹੋਵੇਗੀ ? ਬੜੀ ਤਰਸਯੋਗ ਹਾਲਤ ਹੋਵੇਗੀ

ਉਹਨਾਂ ਦੀ, ਜਿਨ੍ਹਾਂ ਨੂੰ ਤੂੰ ਨਹੀਂ ਮਿਲਿਆ ਵਾਹਿਗੁਰੂ। ਉਹਨਾਂ ਮੇਰੇ ਵਰਗੇ ਗਰੀਬਾਂ ਦਾ ਹਾਲ ਤੂੰ ਵੇਖ:

*"ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥"*

ਸਾਹਿਬ ਕਹਿੰਦੇ ਨੇ, "ਹੇ ਮੇਰੇ ਵਾਹਿਗੁਰੂ ! ਸਰੋਵਰ, ਮਾਨਸਰੋਵਰ ਵੀ ਤੂੰ ਹੀ ਹੈਂ। ਉੱਤੇ ਬੈਠ ਕੇ, ਹੰਸ ਬਣ ਕੇ, ਮੋਤੀ ਚੁਗਣ ਵਾਲਾ ਵੀ ਤੂੰ ਹੀ ਹੈਂ:

*"ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਬਿਗਾਸੁ॥"*

ਕਮਲ ਫੁੱਲ ਜਿਹੜਾ ਸੂਰਜ ਦੀ ਰੋਸਨੀ ਨਾਲ ਖਿੜਦਾ ਹੈ, ਉਹ ਵੀ ਤੂੰ ਹੀ ਹੈਂ। ਤੇ ਕਲੀ ਜਿਹੜੀ ਰਾਤ ਨੂੰ ਚੰਦਰਮਾ ਦੀ ਰੋਸ਼ਨੀ ਨਾਲ ਖਿੜਦੀ ਹੈ, ਉਹ ਵੀ ਤੂੰ ਹੀ ਹੈਂ। ਕਮਲ ਨੂੰ ਤੇ ਕਲੀ ਨੂੰ ਵੇਖਣ ਵਾਲਾ ਚੰਦਰਮਾ, ਸੂਰਜ ਬਣ ਕੇ ਤੂੰ ਆਪ ਹੀ ਹੈਂ। ਤੇਰੇ ਤੋਂ ਬਿਨਾਂ ਦੁਨੀਆਂ ਦੇ ਤਖਤੇ ਉੱਤੇ ਹੋਰ ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਐ ਮੇਰੇ ਪਿਆਰੇ, ਵਿਆਪਕ ਪ੍ਰਭੂ, ਮੇਰੇ ਸਿਰਜਣਹਾਰ, ਸੰਸਾਰ ਦੇ ਰਾਖੇ, ਲੜ ਲੱਗਿਆਂ ਦੀ ਲਾਜ ਰੱਖਣ ਵਾਲੇ ਮੈਂ ਤੇਰੇ ਅੱਗੇ ਅਰਦਾਸ ਕਰਦਾ ਹਾਂ:

*"ਦੇਖਿ ਹਮਾਰਾ ਹਾਲ ਪਿਆਰੇ,*
*ਦੇਖਿ ਹਮਾਰਾ ਹਾਲ।*
*ਦੇਖਿ ਹਮਾਰਾ ਹਾਲ ਪਿਆਰੇ,*
*ਦੇਖਿ ਹਮਾਰਾ ਹਾਲ।"*

ਸਾਹਿਬ ਨਾਨਕ ਨਿਰੰਕਾਰੀ ਜਿਨ੍ਹਾਂ ਦਾ ਤੁਸੀਂ ਪਰਬ ਮਨਾਉਂਦੇ ਚਲੇ ਆ ਰਹੇ ਹੋ। ਆਪ ਦੇ ਦੋ ਸਿੱਖ ਹੋਏ ਨੇ ਭਾਈ ਮਾਲੋ ਤੇ ਭਾਈ ਮਾਂਗਾ। ਉਹਨਾਂ ਦਾ ਜੀਵਨ ਬੜਾ ਅਜੀਬ ਸੀ, ਬੜਾ ਨਿਰਾਲਾ ਸੀ, ਔਰ ਬੜਾ ਸੁੰਦਰ ਸੀ। ਦੋਵੇਂ ਸਤਿਸੰਗੀ ਸਨ, ਔਰ ਪਿਆਰ ਨਾਲ ਸਤਿਸੰਗ ਵਿਚ ਆਉਂਦੇ ਸਨ। ਮਾਨ ਸਿੰਘ ਝੌਰ ਜੀ ਕਹਿੰਦੇ ਹਨ ਕਿ ਮੈਂ ਅਰਜ਼ ਸ਼ਾਇਦ ਪਹਿਲਾਂ ਵੀ ਕੀਤੀ ਹੋਵੇਗੀ ਕਿ ਸਤਿਸੰਗੀ ਹੋਣਾ ਗੁਰਸਿੱਖ ਦੇ ਅੰਦਰ ਸਾਹਿਬ ਸੱਚੇ ਪਾਤਿਸ਼ਾਹ ਨੇ ਬੜਾ ਵੱਡਾ ਗੁਣ ਬਿਆਨ ਕੀਤਾ ਹੈ। ਮੈਂ ਸਾਰਾ ਹਿੰਦੁਸਤਾਨ ਫਿਰਿਆ ਹਾਂ, ਬਾਹਰ ਵੀ ਗਿਆ ਹਾਂ ਸਮੁੰਦਰਾਂ ਤੋਂ ਪਾਰ, ਹਿੰਦੁਸਤਾਨ ਦਾ ਕੋਈ ਐਸਾ ਸ਼ਹਿਰ ਨਹੀਂ ਜਿਥੇ ਮੈਨੂੰ ਜਾਣ ਦਾ ਮੌਕਾ ਨਾ ਮਿਲਿਆ ਹੋਵੇ। "ਸਾਗਰ" ਮੈਨੂੰ ਉਥੋਂ ਦੀ ਸੰਗਤ ਨੇ ਸੱਦਿਆ ਤੇ ਮੈਂ ਉਥੇ 57 ਵਰ੍ਹੇ ਹੋ ਗਏ ਨੇ ਮੈਨੂੰ ਪ੍ਰਚਾਰ ਕਰਦਿਆਂ। 57 ਵਰ੍ਹਿਆਂ ਵਿਚ ਮੈਂ ਇਕ ਮਾਈ ਵੇਖੀ ਹੈ ਉਹ ਵੀ ਸਹਿਜਧਾਰੀ, ਸਾਗਰ ਵਿਚ। ਜਿਹੜੀ ਸਵੇਰੇ ਤਿੰਨ ਵਜੇ ਘਰੋਂ ਆਉਂਦੀ, ਬਾਲਟੀ ਵੀ ਘਰੋਂ ਲਿਆਉਂਦੀ ਤੇ ਖੂਹ ਤੇ ਖੜੋ ਹੋ ਜਾਣਾ। ਪਾਣੀ ਭਰਨਾ ਤੇ ਜਿੰਨੇ ਸਿੱਖ ਗੁਰਦੁਆਰੇ ਇਸ਼ਨਾਨ ਕਰਨ ਲਈ ਆਉਣ ਤੇ ਉਹਨਾਂ ਦਾ ਇਸ਼ਨਾਨ ਮਾਈ ਨੇ ਕਰਵਾਉਣਾ। ਉਹਨਾਂ ਦੇ ਪਿਛਾੜੇ ਧੋਣੇ, ਪਰਨੇ ਧੋਣੇ,

ਜੇ ਕੋਈ ਸਿੱਖ ਉਹਦੇ ਕੋਲੋਂ ਬਾਲਟੀ ਲੈ ਕੇ ਆਪ ਸੇਵਾ ਕਰਨ ਦਾ ਚਾਰਾ ਕਰੇ ਤੇ ਉਹ ਮਾਈ ਮੈਂ ਵੇਖੀ ਰੋ ਪੈਂਦੀ ਸੀ। ਗੁਰੂ ਕੇ ਸਿੱਖਾ, ਨਾਨਕ ਸਾਹਿਬ ਦੇ ਬਖਸ਼ਿਆ ਹੋਇਆ ਸਿੱਖਾ, ਮੇਰੀ ਸੇਵਾ ਵਿਚ ਵਿਘਨ ਨਾ ਪਾ, ਮੇਰੀ ਸੇਵਾ ਵਿਚ ਪ੍ਰਤੀਬੰਧਕ ਨਾ ਬਣ, ਰੁਕਾਵਟ ਨਾ ਬਣ, ਮੇਰੀ ਸੇਵਾ ਨਿੱਭ ਜਾਣ ਦੇ। ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਉਥੇ ਮੈਂ ਕਥਾ ਕਰਦਾ ਸਾਂ। ਬੜੇ ਚਿਰ ਤੋਂ ਮੇਰੀ ਆਦਤ ਹੈ ਮੈਂ ਸਮੇਤ "ਕੇਸੀ ਇਸ਼ਨਾਨ" ਵੀ ਕਰਦਾ ਸਾਂ। ਇਸ਼ਨਾਨ ਕਰਕੇ ਪ੍ਰਭਾਤੇ ਮੈਂ ਬਾਹਰ ਨੂੰ ਤੁਰਿਆ ਜਾਵਾਂ ਤੇ ਇਕ ਸਹਿਜਧਾਰੀ ਪਤਲਾ ਜਿਹਾ ਕਪੜੇ ਲੱਦੇ ਸੋਹਣਾ ਸੁੰਦਰ ਅਗੋਂ ਤੁਰਿਆ ਆਵੇ ਤੇ ਮੈਨੂੰ ਮਿਲ ਪਿਆ। ਬੜੇ ਪਿਆਰ ਨਾਲ, ਬੜੀ ਆਦਰੀ ਨਾਲ, ਬੜੀ ਨਿਮਰਤਾ ਨਾਲ, ਪੁੱਛਿਆ, "ਭਾਈ ਸਾਹਿਬ ਜੀ ! ਇਸ ਸ਼ਹਿਰ ਵਿਚ ਕੋਈ ਗੁਰਦੁਆਰਾ ਹੈ ? ਮੈਂ ਕਿਹਾ ਭਾਈ ਸਾਹਿਬ ਹੈ, ਕਹਿੰਦਾ ਫਿਰ ਮੈਨੂੰ ਉਸ ਰਸਤੇ ਦਾ ਰਾਹ ਦੱਸ ਦਿਉ। ਮੈਂ ਸਤਿਸੰਗੀ ਹਾਂ, ਮੈਂ ਰੋਜ਼ ਸਤਿਸੰਗ ਕਰਦਾ ਹਾਂ। ਇਥੇ ਮੈਂ ਆਇਆ ਨਹੀਂ, ਮੈਨੂੰ ਗੁਰਦੁਆਰੇ ਦਾ ਪਤਾ ਨਹੀਂ ਤੇ ਮੈਂ ਸਤਿਸੰਗ ਜ਼ਰੂਰ ਕਰਨਾ ਮਹਾਰਾਜ ਜੀ, ਮੈਨੂੰ ਰਾਹ ਦੱਸ ਦਿਉ। ਉਹਦਾ ਪਿਆਰ ਕੋਈ ਐਸਾ ਅਲੌਕਿਕ ਸੀ, ਮੈਂ ਉਹਨੂੰ ਇਹ ਨਾ ਕਹਿ ਸਕਿਆ, ਕਿ ਸੜਕੇ ਸੜਕ ਤੁਰਿਆ ਜਾ, ਜਿਹੜਾ ਪਹਿਲਾ ਦਰਵਾਜ਼ਾ ਆਵੇਗਾ, ਉਹ ਗੁਰਦੁਆਰੇ ਦਾ। ਇੰਨਾ ਮੈਂ ਜਵਾਬ ਹੀ ਨਾ ਦੇ ਸਕਿਆ, ਮੈਂ ਨਾਲ ਮੁੜ ਪਿਆ ਉਹਦੇ ਨਾਲ ਕਿ ਆ ਮੈਂ ਤੈਨੂੰ ਗੁਰਦੁਆਰੇ ਲੈ ਚੱਲਾਂ। ਗੁਰਦੁਆਰੇ ਆਇਆ, ਜੋ ਕੋਈ ਸ਼ਰਧਾ ਸੀ, ਮੱਥਾ ਟੇਕਿਆ, ਅਰਾਮ ਨਾਲ ਸਮਾਧੀ ਲਾ ਕੇ ਬੈਠ ਗਿਆ। ਸਮਾਂ ਆਇਆ ਮੈਂ ਕਥਾ ਆਰੰਭ ਕੀਤੀ, ਉਦੋਂ ਬੜਾ ਲੰਬਾ ਵਕਤ ਹੁੰਦਾ ਸੀ। ਦੋ ਘੰਟੇ ਮੈਂ ਕਥਾ ਕੀਤੀ, ਸੁਣਦਾ ਰਿਹਾ। ਕਥਾ ਤੋਂ ਬਾਅਦ ਮੇਰੇ ਕਮਰੇ ਵਿਚ ਆ ਕੇ ਰੋ ਪਿਆ। ਕਹਿੰਦਾ ਮਹਾਰਾਜ ! ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਕੌਣ ਹੋ ? ਮੈਂ ਬੜੀ ਅਵੱਗਿਆ ਕੀਤੀ, ਪਤਾ ਨਹੀਂ ਤੁਸੀਂ ਕਿਹੜੇ ਪਾਸੇ ਜਾ ਰਹੇ ਸੋ, ਪਤਾ ਨਹੀਂ ਤੁਸੀਂ ਕਿਹੜਾ ਕੰਮ ਕਰਨਾ ਸੀ। ਮੈਂ ਗੁਰਦੁਆਰੇ ਦਾ ਰਾਹ ਪੁੱਛ ਕੇ ਤੁਹਾਡੇ ਕੰਮ ਵਿਚ ਵਿਘਨ ਪਾ ਦਿੱਤਾ। ਮਹਾਰਾਜ, ਮੈਨੂੰ ਮਾਫ ਕਰ ਦਿਉ। ਇਹ ਹੈ "ਸਤਿਸੰਗ ਦਾ ਰੰਗ", ਇਹ ਹੈ ਸਤਿਸੰਗ ਦੇ ਵਿਚ ਆਏ ਹੋਏ ਦੇ ਲੱਛਣ। ਉਹ ਅੰਦਰੋਂ-ਬਾਹਰੋਂ ਨਰਮ ਹੁੰਦਾ, ਮੁਲਾਇਮ ਹੁੰਦਾ ਹੈ। ਉਹਦੇ ਵਿਚ ਸਖਤੀ ਨਹੀਂ ਹੁੰਦੀ। ਗਰੀਬ-ਨਿਵਾਜ਼ ਨੇ ਉਹਨੂੰ ਬੜੀ ਨਿਮਰਤਾ, ਮੁਲਾਇਮਤਾ ਬਖਸ਼ੀ ਹੁੰਦੀ ਹੈ। ਭਾਈ ਮਾਲੋ ਤੇ ਭਾਈ ਮਾਂਗਾ ਸਤਿਸੰਗੀ ਸਨ। ਕੀਰਤਨ ਆਪ ਕਰਨਾ ਜਾਣਦੇ ਸਨ, ਕਥਾ ਉਹ ਆਪ ਕਰਨੀ ਜਾਣਦੇ ਸਨ। ਫਿਰ ਵੀ ਉਹ ਗੁਰੂ ਨਾਨਕ ਨਿਰੰਕਾਰੀ ਸਾਹਿਬ ਸੱਚੇ ਪਾਤਿਸ਼ਾਹ ਦੀ ਚਰਨ, ਸ਼ਰਨ ਹਾਜ਼ਰ ਹੋਏ ਤੇ ਗਰੀਬ-ਨਿਵਾਜ਼ ਨੂੰ ਹੱਥ ਜੋੜ ਕੇ ਅਰਜ਼ ਕੀਤੀ, ਸਾਹਿਬ, ਕਲਯੁਗ ਹੈ, ਘੋਰ ਕਲਯੁਗ ਹੈ। ਪਾਪਾਂ ਦਾ ਬੜਾ ਜ਼ੋਰ ਹੈ, ਚਾਰ-ਚੁਫੇਰੇ ਬਦੀਆਂ ਦੀ ਅੱਗ ਬਲ ਰਹੀ ਹੈ। ਮਹਾਰਾਜ, ਅਸੀਂ ਤੁਹਾਡੀ ਚਰਨ ਸ਼ਰਨ ਆਏ ਹਾਂ, ਸਾਡੇ ਕਲਿਆਣ ਵਾਸਤੇ ਕੋਈ ਉੱਤਮ ਉਪਦੇਸ਼ ਕਰੋ। ਗਰੀਬ-ਨਿਵਾਜ਼ ! ਸਾਡੇ ਭਲੇ ਵਾਸਤੇ ਕੋਈ ਕਲਿਆਣਕਾਰੀ ਉਪਦੇਸ਼ ਕਰੋ।

Sri Satguru Jagjit Singh Ji Elibrary NamdhariElibrary@gmail.com

ਸਾਡਾ ਬੇੜਾ ਭਵ-ਸਾਗਰ ਵਿਚੋਂ ਪਾਰ ਹੋ ਜਾਵੇ। ਜਿਸ ਵੇਲੇ ਇਹੋ ਜਿਹੇ ਸਿੱਖਾਂ ਦੇ ਜੀਵਨ ਮੇਰੇ ਸਾਹਮਣੇ ਆਉਂਦੇ ਹਨ ਤੇ ਨਾਲ ਹੀ ਸਾਹਿਬਾਂ ਦਾ ਇਕ "ਅੰਮ੍ਰਿਤ ਬਚਨ" ਵੀ ਮੇਰੇ ਸਾਹਮਣੇ ਆ ਜਾਂਦਾ ਹੈ:

*'ਮੇਰੇ ਲਾਲ ਭਲੋ ਰੇ ਭਲੋ ਰੇ*
*ਭਲੋ ਹਰਿ ਮੰਗਨਾ॥* *(ਪੰਨਾ ੬੨੮)*

ਸਭ ਤੋਂ ਚੰਗਾ ਮੰਗਣਾ ਜੇਕਰ ਕੋਈ ਹੈ ਤੇ ਉਹ ਹੈ "ਸਤਿਨਾਮ ਵਾਹਿਗੁਰੂ !" ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਚਾਨਣਾ ਬਖਸ਼ਦੇ ਨੇ:

*"ਕਿਆ ਮਾਗਉ ਕਿਛੁ ਥਿਰੁ ਨ ਰਹਾਈ॥"*

ਤੇਰੇ ਨਾਮ ਨੂੰ ਛੱਡ ਕੇ ਹੋਰ ਮੈਂ ਕੀ ਮੰਗਾਂ। ਇਥੇ ਥਿਰ ਰਹਿਣ ਵਾਲੀ ਚੀਜ਼, ਸਦਾ ਰਹਿਣ ਵਾਲੀ ਚੀਜ਼, ਕੋਈ ਨਜ਼ਰ ਨਹੀਂ ਆਉਂਦੀ। ਇਥੇ ਤੇ ਸਾਰਾ ਚਲੋ-ਚਲੀ ਦਾ ਮੇਲਾ ਹੈ। ਕੋਈ ਆਇਆ, ਕੋਈ ਗਿਆ। ਕੋਈ ਆਇਆ ਤੇ ਕੋਈ ਗਿਆ। ਅਵਾਜਾਈ ਹੈ ਮਹਾਰਾਜ, ਕ੍ਰਿਪਾ ਕਰੋ, ਨਾਮ ਬਖਸ਼ੋ:

*"ਨਾਰਾਇਣ ਨਿਜ ਰੂਪਿ ਧਰਿ*
*ਨਾਥਾ ਨਾਥ ਸਨਾਥ ਕਰਾਇਆ।*
*ਨਰਪਤਿ ਨਰਹ ਨਰਿੰਦੁ ਹੈ*
*ਨਿਰੰਕਾਰਿ ਆਕਾਰੁ ਬਣਾਇਆ॥*
*ਕਰਤਾ ਪੁਰਖੁ ਵਖਾਣੀਐ*
*ਕਾਰਣੁ ਕਰਣੁ ਬਿਰਦੁ ਬਿਰਦਾਇਆ।"*

ਮਾਨ ਸਿੰਘ ਝੌਰ ਜੀ ਕਹਿੰਦੇ ਹਨ, ਤਿੰਨ ਤੁਕਾਂ ਮੈਂ ਪੜ੍ਹੀਆਂ ਨੇ। ਇਹਨਾਂ ਤਿੰਨਾਂ ਤੁਕਾਂ ਵਿਚ ਨਾਨਕ ਨਿਰੰਕਾਰੀ ਦਾ ਨਾਮ ਆ ਗਿਆ ਹੈ। ਔਰ ਬੜੇ ਪਿਆਰ ਨਾਲ ਨਾਨਕ ਦਾ ਨਾਮ ਲਿਖਿਆ ਹੋਇਆ ਹੈ। ਤਿੰਨਾਂ ਤੁਕਾਂ ਦੇ ਪਹਿਲੇ ਅੱਖਰ ਚੇਤੇ ਕਰਦੇ ਜਾਉ "ਨਾਨਕ" ਬਣ ਹੀ ਜਾਣਾ ਹੈ। ਪਹਿਲਾ ਅੱਖਰ ਹੈ ਨਾਰਾਇਣ-ਨਾ, ਦੂਜਾ ਅੱਖਰ ਹੈ ਨਰਪਤ-ਨ, ਤੀਜਾ ਅੱਖਰ ਹੈ ਕਰਤਾ-ਕ। ਤਿੰਨਾਂ ਅੱਖਰਾਂ ਨੂੰ ਮਿਲਾਈਏ ਤਾਂ ਨਾਨਕ ਬਣ ਹੀ ਜਾਣਾ ਹੈ। ਦਰਬਾਰ ਕਰਤਾਰਪੁਰ ਸਾਹਿਬ ਵਿਚ ਧਰਮਸਾਲ ਬਣਾ ਕੇ, ਸਾਧ ਸੰਗਤ ਦਾ ਸੱਚਖੰਡ ਵਸਾ ਕੇ ਵਾਹਿਗੁਰੂ ਸ਼ਬਦ ਸ੍ਰੀ ਨਾਨਕ ਨਿਰੰਕਾਰੀ ਨੇ ਰਾਵੀ ਦੇ ਕੰਢੇ ਉੱਤੇ ਲੋਕਾਂ ਦੇ ਕੰਨਾਂ ਤਕ ਪਹੁੰਚਾ ਦਿੱਤਾ, ਤਾਂਕਿ ਲੋਕਾਂ ਵਿਚ ਠੰਢ ਵਰਤ ਜਾਏ। ਉਸ "ਸਤਿਨਾਮ" ਤੇ "ਵਾਹਿਗੁਰੂ" ਦਾ ਆਸਰਾ ਲੈ ਕੇ ਸਾਰੇ ਸੰਸਾਰ ਵਿਚ ਆਪ ਨੇ ਦਿਗ ਵਿਜੈ ਕੀਤੀ। ਭਾਈ ਮਾਲੋ ਤੇ ਮਾਂਗਾ ਸਾਹਿਬ ਕੋਲ ਆਏ, ਮਹਾਰਾਜ ! ਨਾਨਕ ਨਿਰੰਕਾਰੀ ਜੀ, ਸਾਡੀ ਕਲਿਆਣ ਵਾਸਤੇ ਕੋਈ ਉਪਦੇਸ਼ ਕਰੋ, ਸਾਡੇ ਭਲੇ ਵਾਸਤੇ ਕੋਈ

Sri Satguru Jagjit Singh Ji Elibrary NamdhariElibrary@gmail.com

ਉਪਦੇਸ਼ ਕਰੋ। ਸਾਨੂੰ ਕੁਝ ਦੱਸੋ ਕਿ ਕੀ ਕਰੀਏ ? ਤਾਂ ਗਰੀਬ-ਨਿਵਾਜ਼ ਨੇ ਜਵਾਬ ਦਿੱਤਾ ਸੀ, ਭਾਈ ਮਾਲੋ, ਭਾਈ ਮਾਂਗਾ, ਜਿਹੜਾ ਰਾਜਸੀ ਤਾਮਸੀ ਤੱਪ ਹੈ ਨਾ, ਇਸ ਦੇ ਨਾਲ ਮਨ ਨਹੀਂ ਟਿਕਦਾ, ਬ੍ਰਹਮ-ਗਿਆਨ ਨਹੀਂ ਹੁੰਦਾ। ਉਹ ਹੈ ਜੰਗਲਾਂ ਵਿਚ ਰਹਿਣਾ, ਕੰਦ-ਮੂਲ ਖਾਣਾ, ਧੂਨੀਆਂ ਤਪਣੀਆਂ, ਪੁੱਠੇ ਲਟਕੇ ਰਹਿਣਾ, ਨਦੀਆਂ ਕਿਨਾਰੇ ਕੁਟੀਆ ਬਣਾ ਲੈਣੀ, ਇਸ ਦੇ ਨਾਲ ਰਿੱਧੀ ਸਿੱਧੀ ਤੇ ਪ੍ਰਾਪਤ ਹੋ ਜਾਂਦੀ ਹੈ, ਪਰ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਕਾਮ, ਕ੍ਰੋਧ, ਮਰਦਾ ਨਹੀਂ। ਇਹ ਚਾਰ-ਚੁਫੇਰੇ ਰਿੱਧੀ ਸਿੱਧੀ ਵਾਲੇ ਦੇ ਚੱਕਰ ਕੱਟਦਾ ਰਹਿੰਦਾ ਹੈ। ਸ੍ਰੀ ਵਿਸਨੂੰ ਲੈ ਲਵੋ, ਨਹੀਂ ਉਹ ਕਾਮ ਕੋਲੋਂ ਛੁਟਕਾਰਾ ਪਾ ਸਕਿਆ। ਬੜੇ-ਬੜੇ ਰਿਸ਼ੀ ਮਹਾਤਮਾ ਹਨ ਨਾ, ਉਹਨਾਂ ਦੀਆਂ ਜ਼ਿੰਦਗੀਆਂ ਪੜ੍ਹੀਏ ਤੇ ਮੂੰਹ ਵਿਚ ਉਂਗਲੀਆਂ ਪੈ ਜਾਂਦੀਆਂ ਨੇ ਕਿ ਬੜੀ-ਬੜੀ ਤਪੱਸਿਆ ਦੇ ਮਾਲਿਕ ਤੇ ਜਦੋਂ ਕਾਮ ਦੇਵਤਾ ਦਾ ਤੀਰ ਚੱਲਿਆ ਤੇ ਇਹਨਾਂ ਦਾ ਸਾਰਾ ਜਪ ਤਪ ਕਾਮ ਦੀ ਅੱਗ ਵਿਚ ਪੈ ਕੇ, ਸੜ ਕੇ ਸਵਾਹ ਹੋ ਗਿਆ। ਗਰੀਬ-ਨਿਵਾਜ਼ ਕਹਿਣ ਲੱਗੇ, ਇਹਨਾਂ ਚੀਜ਼ਾਂ ਨਾਲ ਕਾਮ ਵੱਸ ਵਿਚ ਨਹੀਂ ਆਉਂਦਾ। ਕਹਿੰਦੇ ਮਹਾਰਾਜ ਫਿਰ ਕੀ ਕਰੀਏ ? ਮਹਾਰਾਜ ਕਹਿੰਦੇ ਤੁਸੀਂ ਰਾਜਸੀ ਸ਼ਾਂਤਕੀ ਤਪ ਕਰੋ। ਕਹਿੰਦੇ ਉਹ ਕਿਆ ਹੈ ? ਤੇ ਸਾਹਿਬਾਂ ਨੇ ਜਵਾਬ ਦਿੱਤਾ ਸੀ, ਭਾਈ ਮਾਲੋ, ਭਾਈ ਮਾਂਗਾ ਕਥਾ ਤੇ ਕੀਰਤਨ ਰੁਚੀ ਨਾਲ ਸੁਣਨਾ। ਗੁਰਦੁਆਰੇ ਦੋਵੇਂ ਵੇਲੇ ਪੈਰਾਂ ਨਾਲ ਤੁਰ ਕੇ ਜਾਣਾ। ਫਿਰ ਗੁਰਦੁਆਰੇ ਜਾ ਕੇ ਆਪਣੀਆਂ ਗੱਲਾਂ ਨਹੀਂ ਕਰਨੀਆਂ, ਨਿੰਦਿਆ ਚੁਗਲੀ ਨਹੀਂ ਕਰਨੀ। ਗੁਰਦੁਆਰੇ ਜਾ ਕੇ ਮਨ ਇਕਾਗਰ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਭਾਵੇਂ ਉਹ ਕਥਾ ਦੇ ਰੂਪ ਵਿਚ ਹੋਵੇ, ਭਾਵੇਂ ਉਹ ਕੀਰਤਨ ਦੇ ਰੂਪ ਵਿਚ ਹੈ, ਭਾਵੇਂ ਉਹ ਪਾਠ ਦੇ ਰੂਪ ਵਿਚ ਹੈ, ਐਂ ਸ਼ਰਧਾ ਨਾਲ ਸੁਣਨੀ। ਇਹ ਕਰਮ ਸੁਖੈਣ ਹੈ, ਲੇਕਿਨ ਫਲ ਇਸ ਦਾ ਬਹੁਤਾ ਹੈ ਤੇ ਭਾਈ ਮਾਲੋ ਤੇ ਮਾਂਗਾ ਕਹਿਣ ਲੱਗੇ, "ਮਹਾਰਾਜ ! ਸਮਝ ਵਿਚ ਨਹੀਂ ਆਈ ਗੱਲ।" ਅਸਾਂ ਤੇ ਸੁਣਿਆ ਸੀ ਜਿੰਨੀ ਵੱਡੀ ਮਿਹਨਤ ਓਨਾ ਵੱਡਾ ਫੱਲ ਤੇ ਤੁਸੀਂ ਆਖਦੇ ਹੋ ਸੰਗਤ ਕਰਨੀ, ਨਾਮ ਸੁਣਨਾ, ਨਾਮ ਸੁਣਾਉਣਾ ਇਹ ਕਰਮ ਸੁਖੈਣ ਹੈ। ਸਿੱਖਾਂ ਦੇ ਜੋੜੇ ਝਾੜਨੇ, ਇਸ਼ਨਾਨ ਕਰਵਾਉਣਾ, ਇਹ ਕਰਮ ਸੁਖੈਣ ਹੈ ਤੇ ਫਲ ਇਸ ਦਾ ਬਹੁਤਾ, ਮਹਾਰਾਜ ਸਾਡੀ ਸਮਝ ਵਿਚ ਨਹੀਂ ਆਇਆ, ਤਾਂ ਗੁਰਸਿੱਖ "ਭਗਤ ਮਾਲ" ਵਿਚ ਇਹ ਅੱਖਰ ਆਏ ਨੇ ਤੇ ਸਾਹਿਬ ਕਹਿਣ ਲੱਗੇ, ਦੇਖ ਭਾਈ ਮਾਲੋ, ਭਾਈ ਮਾਂਗਾ ਜਿਹੜੇ ਲੱਕੜਹਾਰੇ ਜੰਗਲਾਂ ਵਿਚੋਂ ਲੱਕੜਾਂ ਲਿਆਉਂਦੇ ਨੇ, ਉਹਨਾਂ ਨੇ ਮਿਹਨਤ ਬੜੀ ਕਰਨੀ ਹੈ। ਸਾਰਾ-ਸਾਰਾ ਦਿਨ ਜੰਗਲਾਂ ਵਿਚ ਟੱਕਰਾਂ ਮਾਰਨੀਆਂ ਹਨ, ਲੱਕੜਾਂ ਲੱਭਦੇ ਨੇ, ਕੱਟਦੇ ਨੇ, ਸਵਾਰ ਕੇ ਬੰਨ੍ਹਦੇ ਨੇ, ਭਾਰ ਬਣਾ ਕੇ, ਲਿਆ ਕੇ, ਬਜ਼ਾਰ ਵਿਚ ਬੈਠ ਜਾਂਦੇ ਨੇ। ਕਦੇ ਕੋਈ ਲੋੜਵੰਦ ਗਾਹਕ ਆਉਂਦਾ ਹੈ, ਚਾਰ ਛੇ ਪੈਸੇ ਦੇ ਕੇ ਉਹਨਾਂ ਦੀਆਂ ਲੱਕੜਾਂ ਦਾ ਭਾਰ ਚੁੱਕ ਕੇ ਲੈ ਜਾਂਦਾ ਹੈ। ਜਿਹੜੇ ਪੰਡਾਂ ਢੋਣ ਵਾਲੇ ਪਾਂਡੀ ਨੇ ਭਾਈ ਮਾਲੋ, ਭਾਈ ਮਾਂਗਾ, ਉਹ ਦੂਸਰੀ-ਦੂਸਰੀ, ਤੀਸਰੀ-ਤੀਸਰੀ ਮੰਜ਼ਿਲ ਤੇ ਲੋਕਾਂ ਦਾ ਬੋਝ ਪਹੁੰਚਾਉਂਦੇ ਨੇ, ਪਰ ਮਜ਼ਦੂਰੀ ਉਹਨਾਂ ਨੂੰ

ਬੜੀ ਘੱਟ ਮਿਲਦੀ ਹੈ, ਪੈਸੇ ਉਹਨਾਂ ਨੂੰ ਬੜੇ ਥੋੜੇ ਮਿਲਦੇ ਨੇ, ਪਰ ਮਿਹਨਤ ਬੜੀ ਕਰਣੀ ਹੈ, ਪਰ ਭਾਈ ਮਾਲੋ, ਭਾਈ ਮਾਂਗਾ ਇਹਦੇ ਮੁਕਾਬਲੇ ਵਿਚ ਤੁਸਾਂ ਵੇਖਿਆ ਹੈ ਜਿਹੜਾ ਲੂਣ, ਤੇਲ, ਆਟਾ, ਦਾਲ ਇਹਦੀ ਦੁਕਾਨ ਕਰਦਾ ਹੈ, ਉਹਨੂੰ ਲੱਕੜੀਆਂ ਢੋਣ ਵਾਲੇ ਨਾਲੋਂ, ਪੰਡਾਂ ਢੋਣ ਵਾਲੇ ਨਾਲੋਂ ਮਿਹਨਤ ਬੜੀ ਘੱਟ ਕਰਨੀ ਪੈਂਦੀ ਹੈ ਤੇ ਮੁਨਾਫਾ ਉਹਨਾਂ ਨਾਲੋਂ ਜਿਆਦਾ ਹੁੰਦਾ ਹੈ। ਪਰ ਜਿਹੜੇ ਆਦਮੀ ਸੋਨੇ, ਚਾਂਦੀ, ਕਪੜੇ ਆਦਿ ਦੀ ਦੁਕਾਨ ਕਰਦੇ ਨੇ ਉਹਨਾਂ ਦੀ ਮਿਹਨਤ ਹੋਰ ਬੜੀ ਘੱਟ ਹੈ। ਲੇਕਿਨ ਇਹਨਾਂ ਨੂੰ ਮੁਨਾਫਾ ਬੜਾ ਜ਼ਿਆਦਾ। ਪਰ ਭਾਈ ਮਾਲੋ, ਭਾਈ ਮਾਂਗਾ ਜਿਹੜੇ ਹੀਰਿਆਂ ਦੀ ਦੁਕਾਨ ਕਰਦੇ ਨੇ, ਮੋਤੀਆਂ ਦੀ ਦੁਕਾਨ ਕਰਦੇ ਨੇ, ਲਾਲਾਂ ਦੀ ਦੁਕਾਨ ਕਰਦੇ ਨੇ, ਉਹਨਾਂ ਦੀ ਮਿਹਨਤ ਹੋਰ ਬੜੀ ਘੱਟ ਹੈ, ਬੜੇ ਠਾਠ ਨਾਲ ਉਹ ਰਹਿੰਦੇ ਨੇ, ਕੋਈ ਸੌਦਾਗਰ ਜਾਂ ਵਪਾਰੀ ਆ ਜਾਏ ਤਾਂ ਉਹ ਮਹੀਨੇ ਭਰ ਦਾ ਮੁਨਾਫਾ ਇਕੋ ਦਿਨ ਵਿਚ ਕਮਾ ਲੈਂਦੇ ਹਨ। ਬਾਕੀ ਦੇ ਦਿਨ ਉਹ ਬੜੇ ਅਰਾਮ ਨਾਲ ਗੁਜ਼ਾਰਦੇ ਨੇ। ਤੁਸੀਂ ਕਥਾ ਸੁਣਨੀ, ਕੀਰਤਨ ਸੁਣਨਾ, ਸੰਗਤ ਵਿਚ ਆਉਣਾ, ਜੋੜੇ ਝਾੜਨੇ, ਲੰਗਰ ਦੀ ਸੇਵਾ ਕਰਨੀ, ਇਹ ਹੀਰੇ ਲਾਲਾਂ ਵਰਗੇ ਬਣ ਜਾਣ। ਮਿਹਨਤ ਘੱਟ ਹੈ, ਪਰ ਇਹਦੇ ਕਰਦਿਆਂ-ਕਰਦਿਆਂ ਬ੍ਰਹਮ-ਗਿਆਨ ਹੋ ਜਾਂਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਕ ਬਚਨ ਆਉਂਦਾ ਹੈ:

*"ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।"*

ਉਹ ਸਿੱਖ ਲੱਖਾਂ ਸਵਰਗਾਂ ਦਾ ਸਿਰਤਾਜ ਅਰਥਾਤ ਰਾਜਾ। ਭਾਈ ਸਾਹਿਬ ਕਹਿੰਦੇ ਨੇ ਕਿਹੜਾ ? ਕਹਿੰਦੇ ਗੁਰੂ ਕਾ ਲੰਗਰ ਪੱਕਦਾ ਹੋਵੇ, ਤੇ ਜਿਹੜਾ ਉਥੇ ਬਾਲਣ ਲਾਉਂਦਾ ਹੋਵੇ ਨਾ, ਸੇਵਕ ਬਣ ਕੇ ਬਾਲਣ ਲਾਉਂਦਾ ਹੋਵੇ ਤਾਂ ਉਹ ਲੱਖਾਂ ਸਵਰਗਾਂ ਦਾ ਰਾਜਾ ਹੈ। ਫਿਰ ਜੋੜੇ ਝਾੜਨੇ ਸੇਵਾ, ਸਿੱਖਾਂ ਦੇ ਜੂਠੇ ਭਾਂਡੇ ਸਾਫ ਕਰਨੇ ਉਹ ਵੀ ਸੇਵਾ, ਸਿੱਖਾਂ ਦਾ ਇਸ਼ਨਾਨ ਕਰਾਉਣਾ ਇਹ ਵੀ ਸੇਵਾ, ਮੌਸਮ ਦੇ ਲਿਹਾਜ਼ ਨਾਲ ਸਿੱਖਾਂ ਨੂੰ ਪੱਖਾ ਫੇਰਨਾ, ਇਹ ਵੀ ਸੇਵਾ, ਇਹ ਬੜਾ ਸੁਖੈਣ ਕਰਮ ਹੈ। ਲੇਕਿਨ ਇਸ ਦਾ ਫਲ ਬੜਾ ਜ਼ਿਆਦਾ, "ਬ੍ਰਹਮ ਗਿਆਨ" ਦੀ ਪ੍ਰਾਪਤੀ ਹੈ। ਨਿਮਰਤਾ ਅੰਦਰ ਆ ਜਾਂਦੀ ਹੈ, ਹਉਮੈ ਹੰਕਾਰ ਅੰਦਰੋਂ ਚਲਾ ਜਾਂਦਾ ਹੈ, ਕਾਮ, ਕ੍ਰੋਧ ਦੀ ਪੇਸ਼ ਨਹੀਂ ਜਾਂਦੀ। ਭਾਈ ਮਾਲੋ ਤੇ ਭਾਈ ਮਾਂਗਾ ਦੋਵੇਂ ਜਾਣੇ ਤੁਰ ਕੇ ਸੰਗਤ ਵਿਚ ਜਾਣਾ, ਦੋਵੇਂ ਵੇਲੇ ਕਥਾ ਕੀਰਤਨ ਸੁਣਨਾ, ਬਿਰਤੀ ਇਕਾਗਰ ਕਰਕੇ ਸੁਣਨਾ। ਜਦੋਂ ਇਕਾਂਤ ਵਿਚ ਸਮਾਂ ਮਿਲੇ ਉਦੋਂ ਆਪ ਨਾਮ ਜਪਣਾ। ਬਾਬੇ ਨਾਨਕ ਨਿਰੰਕਾਰੀ ਨੇ ਭਾਈ ਮਾਲੋ ਤੇ ਭਾਈ ਮਾਂਗੇ ਨੂੰ ਇਹ ਉਪਦੇਸ਼ ਦਿੱਤਾ, ਜਿਨ੍ਹਾਂ ਦੀ ਇਸ ਉਪਦੇਸ਼ ਨਾਲ ਕਲਿਆਣ ਹੋਈ। ਕਿਉਂਕਿ ਇਸ ਦੇ ਅੰਦਰ ਨਾਮ ਹੈ। ਉਹ ਨਾਮ ਹੈ ਜਿਹੜਾ ਅਖੰਡ ਹੈ, ਜਿਹੜਾ ਸਦੀਵੀ ਹੈ, ਜਿਹੜਾ ਅਮਰ ਹੈ, ਉਹ ਨਾਮ ਇਸ ਦੇ ਅੰਦਰ ਮੌਜੂਦ ਹੈ ਤੇ ਨਾਮ ਦੀ ਬਰਕਤ ਨਾਲ ਸਾਰੇ ਕਾਰਜ ਸ਼ੁੱਧ ਹੋ ਜਾਂਦੇ ਨੇ। ਮਾਨ ਸਿੰਘ ਭੌਰ ਜੀ ਦੱਸਦੇ ਹਨ ਕਿ ਮੈਂ ਜਦੋਂ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਬਚਨ ਕਰਦਾ ਹਾਂ ਤਾਂ ਹਜ਼ੂਰ ਸਾਨੂੰ ਫੁਰਮਾਉਂਦੇ ਨੇ:

Sri Satguru Jagjit Singh Ji Elibrary NamdhariElibrary@gmail.com

*"ਬਿਨੁ ਬਾਜੇ ਕੈਸੋ ਨਿਰਤਿਕਾਰੀ॥"*

ਕਈ ਟੋਲੀਆਂ ਐਸੀਆਂ ਨੇ ਭਾਰਤਵਰਸ਼ ਵਿਚ ਜਿਹੜੀਆਂ ਪੈਰਾਂ ਨੂੰ ਘੁੰਗਰੂ ਬੰਨ੍ਹਕੇ, ਇਕ ਲੰਮਾ ਜਿਹਾ ਝੋਲਾ ਪਾ ਕੇ, ਉਤੋਂ ਦੀ ਇਕ ਪਟਕਾ ਜਿਹਾ ਬੰਨ੍ਹ ਕੇ ਫਿਰ ਉਹ ਨੱਚਦੇ ਨੇ, ਉਹਨੂੰ ਕਹਿੰਦੇ ਨੇ ਭਗਤ ਪਵਨ। ਬਿਹਾਰ ਵਿਚ ਅਜੇ ਇਹ ਰਿਵਾਜ ਬੜਾ ਹੈ। ਇਹ ਨੱਚਦਾ ਉਦੋਂ ਸੀ ਜਦੋਂ ਵਾਜਾ ਵੱਜੇ, ਖੜਤਾਲਾਂ ਵੱਜਣ, ਚਿਮਟਾ ਖੜਕੇ ਤੇ ਢੋਲਕੀ ਵੱਜੇ ਤੇ ਫਿਰ ਉਹਨੂੰ ਮਸਤੀ ਚੜ੍ਹਦੀ ਹੈ ਤੇ ਫਿਰ ਉਹ ਨੱਚਦਾ ਹੈ। ਕਿਤੇ ਸਾਨੂੰ ਨਾ ਟੱਪਲਾ ਪੈ ਜਾਏ ਕਿ ਇਹ ਗੁਰਾਂ ਦਾ ਹੁਕਮ ਹੈ। ਸਾਨੂੰ ਤੇ ਸਤਿਗੁਰਾਂ ਦਾ ਹੁਕਮ ਇਹ ਹੈ ਕਿ ਨੱਚਣ, ਟੱਪਣ ਨੂੰ ਭਗਤੀ ਨਹੀਂ ਕਹਿੰਦੇ। ਆਸਾ ਦੀ ਵਾਰ ਦਿਆ ਪਾਠੀਆ ਤੂੰ ਤੇ ਇਹ ਬਚਨ ਕਿੰਨੀ ਵਾਰੀ ਸੁਣਿਆ ਹੋਵੇਗਾ:

*"ਨਚਣੁ ਕੁਦਣੁ ਮਨ ਕਾ ਚਾਉ॥"*

ਇਹ ਮਨ ਦਾ ਫਟੇਵਾਂ ਹੈ, ਇਹ ਮਨ ਦੀ ਮਸਤੀ ਹੈ, ਇਹ ਮਨ ਦੇ ਵਿਗੜੇ ਹੋਏ ਪਨ ਦਾ ਜੀਉਂਦਾ-ਜਾਗਦਾ ਸਬੂਤ ਹੈ। ਭਈ ਜਪੁਜੀ ਨਹੀਂ ਪੜ੍ਹਦਾ ਤੇ ਨੱਚਣ ਲੱਗ ਪਿਆ, ਕੁੱਦਣ ਲੱਗ ਪਿਆ, ਉਛਾਲਾਂ ਮਾਰਨ ਲੱਗ ਪਿਆ, ਇਸ ਦਾ ਨਾਮ ਸਿਮਰਨ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ, ਜਿਹੜੀ ਚੰਗੀ ਮੱਤ ਹੈ, ਧੋਤੀ ਮੱਤ ਹੈ, ਉਹ ਅੰਦਰ ਹੋਵੇ ਤੇ ਵੱਜਦਾ ਹੈ "ਵਾਜਾ" ਤੇ ਜਿਹੜਾ ਵਾਹਿਗੁਰੂ ਨਾਲ ਪਿਆਰ ਕਰਨਾ ਹੈ ਇਹ ਹੋਵੇ ਤਬਲਾ, ਪ੍ਰੇਮ। ਇਹ ਦੋ ਚੀਜ਼ਾਂ ਅੰਦਰ ਵੱਜਦੀਆਂ ਹੋਣ ਤੇ ਜਿਹੜਾ ਵਾਹਿਗੁਰੂ ਨਾਲ ਪਿਆਰ ਕਰਨਾ ਹੈ, ਉਹ ਹੋਵੇ "ਤਬਲਾ"। ਇਹ ਦੋ ਚੀਜਾਂ ਅੰਦਰ ਸਾਜ ਵੱਜਦੇ ਹੋਣ, ਤਾਂ ਚੰਗੀ ਸ਼ੁੱਧ ਪਵਿੱਤਰ ਧੋਤੀ ਹੋਈ ਮੱਤ ਦਾ ਵਾਜਾ ਤੇ ਪ੍ਰੇਮ ਦਾ ਤਬਲਾ, ਢੋਲਕੀ ਅੰਦਰ ਵੱਜਦੀ ਹੋਵੇ ਤਾਂ ਇਹ ਹੈ ਸੱਚੀ ਭਗਤੀ, ਸੱਚੀ ਤਪੱਸਿਆ। ਜਿਹੜੇ ਘੁੰਗਰੂ ਬਣਨਾ ਹੈ, ਇਹਨੂੰ ਤਾਂ ਨਹੀਂ ਭਗਤੀ ਆਖਦੇ। ਇਕ ਹੋਰ ਬਚਨ ਆਉਂਦਾ ਹੈ ਗੁਰੂ ਗ੍ਰੰਥ ਜੀ ਸਾਹਿਬ ਮਹਾਰਾਜ ਵਿਚ:

*"ਆਖਿ ਆਖਿ ਮਨੁ ਵਾਵਣਾ"*

ਵਾਹਿਗੁਰੂ ਨੂੰ ਜਪਣਾ ਅਰਥਾਤ ਗੁਰਮਤਿ ਦੀ ਬੋਲੀ ਵਿਚ ਆਖਣ ਨੂੰ ਜਪਣਾ ਕਹਿੰਦੇ ਹਨ। ਵਾਹਿਗੁਰੂ ਨੂੰ ਆਖੋ। ਸਿਮਰੋ, ਜਪਹੁ, ਗਾਵੋ, ਪਰ ਵਾਜਾ ਵਜਾਇਉ ਮਨ ਦਾ। ਜਿਸ ਨੂੰ ਅਸੀਂ ਵਾਜਾ ਵਜਾ ਕੇ ਸੁਣਾਉਣਾ ਹੈ ਨਾ ਮਨ ਦਾ ਵਾਜਾ ਉਹ ਵਾਹਿਗੁਰੂ ਆਪ ਹੀ ਜਾਣੇ ਕਿਥੇ ਰਹਿੰਦਾ ਹੈ ਤੇ ਕਿਥੇ ਨਹੀਂ ਰਹਿੰਦਾ। ਅਸੀਂ ਨਹੀਂ ਜਾਣਦੇ, ਅਸੀਂ ਤੇ ਸ਼ਰਧਾ ਨਾਲ ਆਪਣਾ ਮਨ ਦਾ ਵਾਜਾ ਵਜਾ ਕੇ ਆਪਣੀ ਰਸਨਾ ਨਾਲ ਉਹਦੇ ਗੀਤ ਗਾਉਣੇ ਨੇ। ਵੈਸੇ ਸਿੱਖਾਂ ਵਿਚ ਜਿਹੜੀ ਮਨਮਤ ਹੈ ਨਾ, ਦੌੜ ਕੇ ਸਿੱਖਾਂ ਵਿਚ ਉਛਾਲਾਂ ਮਾਰਦੀ ਹੈ। ਕਈ ਥਾਵਾਂ ਵਿਚ ਮੈਂ ਦਿੱਲੀ ਵਿਚ ਖਾਸ ਤੌਰ ਤੇ ਵੇਖਿਆ ਹੈ ਅਖੰਡ ਪਾਠ ਹੋਇਆ ਤੇ ਪੰਜਾਹ ਬੋਤਲਾਂ ਪਾਣੀ ਦੀਆਂ ਭਰ ਕੇ ਹੇਠਾਂ ਰੱਖ ਦਿੰਦੇ ਨੇ ਗੁਰੂ ਗ੍ਰੰਥ ਸਾਹਿਬ ਦੇ, ਮਗਰੋਂ ਬੁੱਢੀਆਂ ਜਿਹੀਆਂ ਵਰਤਾਂਦੀਆਂ ਰਹਿੰਦੀਆਂ ਨੇ ਕਿ

Sri Satguru Jagjit Singh Ji Elibrary NamdhariElibrary@gmail.com

ਲਵੋ ਅੰਮ੍ਰਿਤ ਜੀ, ਲਵੋ ਅੰਮ੍ਰਿਤ। ਮੈਂ ਵੇਖਿਆ ਕਿ ਕਿਸ ਤਰ੍ਹਾਂ ਬਣ ਗਿਆ ਅੰਮ੍ਰਿਤ ? ਨਾ ਖੰਡਾ, ਨਾ ਬਾਟਾ, ਨਾ ਬਾਣੀਆਂ, ਨਾ ਪੰਜ ਪਿਆਰੇ ਤੇ ਅੰਮ੍ਰਿਤ ਬਣ ਕਿਥੋਂ ਗਿਆ ? ਆਖੇ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੇਠਾਂ ਰੱਖਿਆ ਸੀ। ਮੈਂ ਕਿਹਾ ਕਿਉਂ ਗੁਰਮਤਿ ਦੀ ਸਭਾ ਲਬੇਟਣ। ਇਸ ਤਰ੍ਹਾਂ ਅੰਮ੍ਰਿਤ ਕਦੇ ਨਹੀਂ ਬਣ ਸਕਦਾ। ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਮੈਂ ਬੜੇ ਡੇਰੇ ਵੇਖੇ ਨੇ, ਉਥੇ ਲੋਕੀ ਜਾਂਦੇ ਨੇ, ਵਰ੍ਹੇ ਦੇ ਵਰ੍ਹੇ ਜੱਗ ਹੁੰਦਾ ਹੈ ਤੇ ਦੋ ਦੋ ਮਹੀਨੇ ਪਹਿਲਾਂ ਉਹ ਮਹਾਨਤਾ ਆਪਣੇ ਸੇਵਕਾਂ ਨੂੰ ਵਿਖਾਲ ਦਿੰਦੇ ਨੇ। ਗੁਰਮਤਿ ਇਹ ਗੱਲ ਕਹਿੰਦੀ ਹੈ ਕਿ ਮਾਤਾ ਪਿਤਾ ਦੇ ਸੰਯੋਗ ਤੋਂ ਬਿਨਾਂ ਬਾਲਕ ਨਹੀਂ ਹੋ ਸਕਦਾ, ਇਹ ਤਵੀਤ ਵਿਚੋਂ, ਧਾਗੇ ਵਿਚੋਂ ਕਿਸ ਤਰ੍ਹਾਂ ਬਾਲਕ ਜੰਮ ਪਊ ? ਕਿਸ ਤਰ੍ਹਾਂ ਨਿਕਲ ਆਏ ਕਾਕਾ ਇਸ ਦੇ ਵਿਚੋਂ ? ਇਕ ਆਈ ਤਵੀਤ ਲੈ ਗਈ, ਦੂਜੀ ਆਈ ਤਵੀਤ ਲੈ ਗਈ, ਪੈਸੇ ਚੜ੍ਹਾ ਗਈ ? ਕਿਸ ਤਰ੍ਹਾਂ ਤਵੀਤ ਵਿਚੋਂ ਕਾਕਾ ਜੰਮ ਪਵੇ ? ਭਾਈ ਗੁਰਦਾਸ ਨੇ ਇਸ ਦਾ ਤਰਜਮਾ ਕੀਤਾ ਹੈ ਕਿ ਇਸਤਰੀ ਲੱਖ ਰੁਪਏ ਦੇ ਗਹਿਣੇ ਪਾ ਲਵੇ, ਪੰਜੀ ਹਜ਼ਾਰ ਰੁਪਏ ਦਾ ਸੂਟ ਪਾ ਲਵੇ, ਪਰ ਪਤੀ ਦੀ ਮੁਲਾਕਾਤ ਤੋਂ ਬਿਨਾਂ ਭਾਵੇਂ ਉਹਨੇ ਕਰੋੜ ਰੁਪਏ ਦੇ ਗਹਿਣੇ ਪਾਏ ਹੋਣ, ਦੁਹਾਈ ਰੱਬ ਦੀ ਪਤੀ ਦੇ ਮਿਲਾਪ ਤੋਂ ਬਿਨਾਂ ਉਹ ਪੁੱਤਰ ਨਹੀਂ ਖਿਡਾ ਸਕਦੀ, ਪਤੀ ਦੀ ਖਿਦਮਤ ਤੋਂ ਬਿਨਾਂ ਉਸ ਦੀ ਗੋਦ ਵਿਚ ਪੁੱਤਰ ਨਹੀਂ ਖਿੜ ਸਕਦਾ। ਅਸੀਂ ਹੁਣ ਗੁਰਮਤਿ ਨੂੰ ਛੱਡ ਕੇ ਤੇ ਇਕ ਪਾਣੀ ਦੀ ਬੋਤਲ ਵਿਚੋਂ ਕਾਕਾ ਲੱਭਦੇ ਫਿਰਦੇ ਹਾਂ, ਕਾਗਜ਼ ਦੇ ਪੁਰਜ਼ੇ ਵਿਚੋਂ ਕਾਕਾ ਲੱਭਦੇ ਫਿਰਦੇ ਹਾਂ। ਸਿੰਘਾ, ਗੁਰਮਤੀਆ ਬਣ, ਨੱਚਣਾ, ਟੱਪਣਾ, ਗੁਰਮਤਿ ਨਹੀਂ, ਭੁੜਕਣਾ ਗੁਰਮਤਿ ਨਹੀਂ। ਪਰ ਜਿਹੜੇ ਇਸ ਤਰ੍ਹਾਂ ਨੱਚਦੇ ਨੇ ਨਾ ਉਹ ਉਦੋਂ ਤਕ ਨਹੀਂ ਨੱਚਦੇ ਜਿੰਨਾ ਚਿਰ ਵਾਜਾ, ਚਿਮਟਾ, ਢੋਲਕੀ ਵਗੈਰਾ ਨਾ ਵੱਜੇ। ਇਕ ਹੋਰ ਬਚਨ ਕਿਹਾ ਹੈ:

*"ਬਿਨੁ ਬਾਜੇ ਕੈਸੋ ਨਿਰਤਿਕਾਰੀ॥*
*ਬਿਨੁ ਕੰਠੈ ਕੈਸੇ ਗਾਵਨਹਾਰੀ॥"*

ਬੜੇ-ਬੜੇ ਧਰੁਪਦ ਗਾਣੇ ਜਾਣਦਾ ਹੋਵੇ, ਬੜੇ-ਬੜੇ ਤਰਾਨੇ ਗਾਉਣਾ ਜਾਣਦਾ ਹੋਵੇ, ਬੜੇ-ਬੜੇ ਗੁਲਦਸਤੇ ਗਾਣੇ ਜਾਣਦਾ ਹੋਵੇ, ਰਾਗਦਾਰੀ ਵਿਚ ਬੜਾ ਨਿਪੁੰਨ ਹੋਵੇ, ਇਲਮੇ ਮੋਸੀਕੀ ਦਾ ਬੜਾ ਮਾਹਿਰ ਹੋਵੇ, ਲੇਕਿਨ ਜੇ ਉਸ ਦਾ ਕੰਠ ਹੈ ਨਹੀਂ ਨਾ, ਜੇ ਉਸ ਦੀ ਅਵਾਜ਼ ਹੈ ਨਹੀਂ ਨਾ ਤੇ ਉਸ ਦੀ ਮਿਹਨਤ ਕੀਤੀ ਹੋਈ ਮਿੱਟੀ ਵਿਚ ਮਿਲ ਜਾਏਗੀ। ਉਸ ਦੇ ਕੀਰਤਨ ਦਾ, ਉਸ ਦੇ ਗਾਉਣ ਦਾ, ਉਸ ਦੇ ਸੰਗੀਤ ਦਾ ਲੋਕਾਂ ਉੱਤੇ ਪ੍ਰਭਾਵ ਨਹੀਂ ਪਵੇਗਾ। ਅਵਾਜ਼ ਹੀ ਇਕ ਐਸੀ ਚੀਜ਼ ਹੈ ਔਰ ਵਾਹਿਗੁਰੂ ਦੀ ਦਾਤ ਹੈ, ਜਿਸ ਨੂੰ ਮੇਰਾ ਨਿਰੰਕਾਰ ਬਖਸ਼ਦਾ ਹੈ। ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਮੈਂ ਥਾਈਲੈਂਡ ਗਿਆ ਹਾਂ, ਐਵੇਂ ਅਚਨਚੇਤ ਉਥੋਂ ਦੇ ਗ੍ਰੰਥੀ ਭਾਈ ਅਰਜਨ ਸਿੰਘ ਦੇ ਦਰਸ਼ਨ ਕਰ ਲਈਏ ਠੰਢ ਪੈ ਜਾਂਦੀ ਹੈ। ਇਹ ਵੀ ਰਹਿਮਤ ਹੈ ਗੁਰੂ ਦੀ ਉਸ ਸਿੱਖ ਉੱਤੇ। ਕਈ ਵਰ੍ਹੇ ਹੋ ਗਏ ਨੇ ਉਥੇ ਰਹਿੰਦਿਆਂ, ਬੜੀ ਸੁੰਦਰ ਸ਼ਕਲ ਹੈ ਉਸ

Sri Satguru Jagjit Singh Ji Elibrary NamdhariElibrary@gmail.com

ਦੀ ਤੇ ਵੀਹ-ਵੀਹ ਵਰ੍ਹਿਆਂ ਦੀਆਂ ਜਵਾਨ ਕਾਕੀਆਂ ਰਾਤ ਨੂੰ ਗਿਆਰਾਂ ਤੋਂ ਇਕ ਉਸ ਕੋਲ ਪੜ੍ਹਨ ਆਉਂਦੀਆਂ ਨੇ। ਪਰ ਇਉਂ ਉਸ ਦੇ ਜੀਵਨ ਤੇ ਉਂਗਲੀ ਰੱਖਣ ਜੋਗਾ ਵੀ ਥਾਂ ਨਹੀਂ ਤੇ ਬੱਚੀਆਂ ਨੂੰ ਵੀ ਪਤਾ ਹੈ ਅਸੀਂ ਭਾਈ ਅਰਜਨ ਸਿੰਘ ਬਾਬੇ ਕੋਲ ਚੱਲੀਆਂ ਹਾਂ, ਵਾਹਿਗੁਰੂ ਕਰੇ, ਸਿਰਜਣਹਾਰ ਕਰੇ, ਸਾਨੂੰ ਪਤਾ ਹੋਵੇ ਕਿ ਗੁਰਦੁਆਰੇ ਸਾਡਾ ਬਾਪੂ ਰਹਿੰਦਾ ਹੈ। ਅਰਥਾਤ ਅਸੀਂ ਬਾਬਾ ਜੀ ਕੋਲ ਚੱਲੇ ਹਾਂ। ਮੈਂ ਜਦੋਂ ਉਥੇ ਸਾਂ ਉਹ ਮੈਨੂੰ ਇਕ ਦਿਨ ਬਜ਼ਾਰ ਲੈ ਗਿਆ, ਇਕ ਸਾਜਾਂ ਵਾਲੀ ਦੁਕਾਨ ਤੇ ਲੈ ਗਿਆ। ਉਥੇ ਇਕ "ਦਿਲ ਰਬਾਬ" ਪਿਆ ਹੋਇਆ ਸੀ। ਮੈਂ ਪੁੱਛਿਆ, "ਕੀਮਤ।" ਕਹਿਣ ਲੱਗੇ ਜੀ ਤਿੰਨ ਹਜ਼ਾਰ ਰੁਪਏ। ਦਿਲ ਰਬਾਬ ਦੀ ਕੀਮਤ ਤਿੰਨ ਹਜਾਰ ਰੁਪਇਆ। ਮੈਂ ਕਿਹਾ ਸਾਡਾ ਕੰਮ ਤੇ ਤੂੰਬੀ ਨਾਲ ਵੀ ਹੋ ਜਾਂਦਾ ਹੈ, ਸਾਨੂੰ ਕੀ ਲੋੜ ਪਈ ਦਿਲ ਰਬਾਬ ਲੈਣ ਦੀ। ਸਾਡੇ ਸ੍ਰੀ ਮਾਨ ਗੁੰਥੀ ਸਾਹਿਬ ਜੀ, ਇਹ ਬੜੀ ਚੰਗੀ ਤਰ੍ਹਾਂ ਜਾਣਦੇ ਹੋਣਗੇ, ਗੁਰਦੇਵ ਸਿੰਘ ਨੂੰ ਵੀ ਮੈਂ ਕਦੇ ਵਾਜਾ ਵਜਾਂਦਿਆਂ ਵੇਖਿਆ। ਇਕ "ਜੀਲ" ਹੁੰਦੀ ਹੈ ਰਬਾਬ ਦੇ ਉੱਤੇ, ਉਸ ਦਾ ਮੁੱਲ ਬੜੀ ਮੁਸ਼ਕਿਲ ਨਾਲ ਤਿੰਨ ਕੁ ਪੈਸੇ ਹੁੰਦਾ ਹੈ। ਜੇ ਤਿੰਨਾਂ ਪੈਸਿਆਂ ਦੀ ਜੀਲ ਨਾ ਨਾ ਹੋਵੇ ਰਬਾਬ ਦੇ ਉੱਤੇ ਤੇ ਤਿੰਨ ਹਜ਼ਾਰ ਰੁਪਏ ਦੇ ਰਬਾਬ ਦਾ ਕੌਡੀ ਮੁੱਲ ਵੀ ਨਹੀਂ। ਵੱਜਦਾ ਹੀ ਨਹੀਂ। ਬੜਾ ਫਿੱਕਾ, ਨਿਕੰਮਾ, ਐਵੇ ਕਾ-ਕਾ ਕਰਦਾ ਹੈ। ਉਹਦੇ ਵਿਚ ਸੁਰ ਸਵਾਦ ਹੀ ਨਹੀਂ ਰਹਿੰਦਾ। ਜੈਸੇ ਤਿੰਨਾਂ ਪੈਸਿਆਂ ਦੀ ਜੀਲ ਤੋਂ ਬਿਨਾਂ ਤਿੰਨ ਹਜ਼ਾਰ ਰੁਪਏ ਦਾ ਰਬਾਬ ਫਿੱਕਾ ਹੈ, ਨਿਕੰਮਾ ਹੈ। ਜੈਸੇ ਗਲਾ ਹੋਵੇ ਵਿਚ ਅਵਾਜ਼ ਨਾ ਹੋਵੇ ਤਾਂ ਗਲੇ ਦਾ ਵੀ ਕੋਈ ਮੁੱਲ ਨਹੀਂ। ਮਾਨ ਸਿੰਘ ਝੌਰ ਜੀ ਦੱਸਦੇ ਹਨ ਕਿ ਮੈਂ ਇਕ ਕਿਤਾਬ ਪੜ੍ਹੀ ਹੈ, ਜਿਸ ਦਾ ਪੰਜਾਹ ਕੁ ਰੁਪਏ ਮੁੱਲ ਹੈ। ਪੁਸਤਕ ਪੜ੍ਹਦਿਆਂ ਉਸ ਵਿਚ ਇਕ ਵਿਸ਼ਾ ਹੈ ਦੋ ਸਖੁਨੇ। ਭਈ ਸਵਾਲ ਹੋਣ ਦੋ ਔਰ ਮੁਤਜ਼ਾਦ ਤੇ ਉਹਨਾਂ ਦਾ ਜਵਾਬ ਹੋਵੇ ਇਕੋ ਹੀ ਲਫਜ਼ ਵਿਚ। ਮੈਂ ਬੜਾ ਹੈਰਾਨ ਹੋਇਆ ਪੜ੍ਹ ਕੇ, ਪਰ ਜਦੋਂ ਮੈਂ ਥੱਲੇ ਗਿਆ ਤਾਂ ਇਤਨਾ ਮੈਨੂੰ ਸਵਾਦ ਆ ਗਿਆ ਤੇ ਮੈਂ ਕਈ ਦੋ ਸਖੁਨੇ ਯਾਦ ਹੀ ਕਰ ਲਏ। "ਭਈ ਸਮੋਸਾ ਕਿਉਂ ਨਾ ਖਾਇਆ ਔਰ ਜੂਤਾ ਕਿਉਂ ਨਾ ਪਾਇਆ।" ਦੇਖੋ, ਜੁੱਤੀ ਪਾਉਣ ਵਾਲੀ ਚੀਜ਼ ਤੇ ਸਮੋਸਾ ਖਾਣ ਵਾਲੀ ਦੋਨੋਂ ਅਲੱਗ ਨੇ, ਪਰ ਜਵਾਬ ਕਹਿੰਦੇ ਇਸ ਦਾ ਇਕ ਹੀ ਦਿਉ ਤੇ ਹੇਠਾਂ ਇਸ ਦਾ ਜਵਾਬ ਲਿਖਿਆ ਸੀ ਕਿਉਂਕਿ "ਤੱਲਾ" ਨਾ ਥਾ। ਜੁੱਤੀ ਇਸ ਕਰਕੇ ਨਹੀਂ ਸੀ ਪਾਈ ਕਿਉਂਕਿ ਥੱਲੇ ਤਲਾ ਹੈ ਨਹੀਂ ਸੀ ਤੇ ਸਮੋਸਾ ਇਸ ਕਰਕੇ ਨਾ ਖਾਧਾ ਕਿਉਂਕਿ ਅਜੇ ਤਲਾ ਨਹੀਂ ਥਾ, ਕੱਚਾ ਹੀ ਥਾ। ਮੈਂ ਇਕ ਹੋਰ ਚੀਜ਼ ਪੜ੍ਹੀ ਕਿ "ਬ੍ਰਾਹਮਣ ਕਿਉਂ ਨਾ ਨਹਾਇਆ ਤੇ ਧੋਬਣ ਕਿਉਂ ਮਾਰ ਖਾਇਆ ?" ਕਿਥੇ ਬ੍ਰਾਹਮਣ ਦਾ ਨਹਾਉਣਾ, ਕਿਥੇ ਧੋਬਣ ਦਾ ਮਾਰ ਖਾਣਾ। ਇਸ ਦਾ ਜਵਾਬ ਸੀ ਕਿ "ਧੋਤੀ" ਨਾ ਥੀ। ਕਹਿੰਦੇ ਬ੍ਰਾਹਮਣ ਕਿਉਂ ਨਹੀਂ ਨਹਾਇਆ, ਕਿਉਂਕਿ ਉਸ ਕੋਲ ਦੂਜੀ ਧੋਤੀ ਹੈ ਨਹੀਂ ਸੀ ਤੇ ਧੋਬਣ ਕਿਉਂ ਮਾਰ ਖਾਇਆ। ਕਹਿੰਦਾ ਖਸਮ ਕਿਤੇ ਆਖਦਾ ਸੀ ਕਪੜੇ ਧੋ, ਉਸ ਨੇ ਧੋਤੇ ਨਾ, ਕੁੱਟ ਕੱਢੀ। ਸਵਾਲ ਵੱਖੋ-ਵੱਖਰੇ ਨੇ ਪਰ ਜਵਾਬ ਇਕੋ ਲਫਜ਼ ਵਿਚ ਹੈ। ਮੈਂ

Sri Satguru Jagjit Singh Ji Elibrary NamdhariElibrary@gmail.com

ਪੜ੍ਹਦਿਆਂ-ਪੜ੍ਹਦਿਆਂ ਜ਼ਰਾ ਕੁ ਅਗੇਰੇ ਹੋਇਆ ਤੇ ਉਸ ਤੇ ਲਿਖਿਆ ਸੀ "ਡੂਮ ਕਿਉਂ ਨਾ ਗਾਇਆ ਤੇ ਗੋਸ਼ਤ ਕਿਉਂ ਨਾ ਖਾਇਆ ?" ਕਹਿੰਦਾ "ਗਲਾ" ਨਾ ਥਾ, ਅਰਥਾਤ ਇਕ ਅਵਾਜ਼ ਮਾਰਦਾ ਸੀ ਤੇ ਪਾਟ ਕੇ ਫੇ ਹੋ ਜਾਂਦੀਆਂ ਸਨ ਤੇ ਗੋਸਤ ਇਸ ਲਈ ਨਹੀਂ ਖਾਇਆ ਕਿਉਂਕਿ ਉਹ ਅਜੇ ਗਲਿਆ ਨਹੀਂ ਸੀ। ਅਵਾਜ਼ ਤੋਂ ਬਿਨਾਂ ਸੰਗੀਤ ਫਿੱਕਾ ਹੈ, ਵਾਜੇ-ਗਾਜੇ ਤੋਂ ਬਿਨਾਂ ਨਾਚ ਫਿੱਕਾ ਹੈ, ਤਿੰਨ ਪੈਸਿਆਂ ਦੀ ਜੀਲ ਤੋਂ ਬਿਨਾਂ ਤਿੰਨ ਹਜ਼ਾਰ ਰੁਪਇਆਂ ਦਾ ਰਬਾਬ ਨਿਕੰਮਾ ਹੈ, ਤੇ ਧੰਨ ਗੁਰੂ ਗ੍ਰੰਥ ਸਾਹਿਬ ਤਿੰਨ ਪ੍ਰਮਾਣ ਲਿਖਦੇ ਹਨ:

*"ਬਿਨੁ ਬਾਜੇ ਕੈਸੋ ਨਿਰਤਿਕਾਰੀ॥*
*ਬਿਨੁ ਕੰਠੈ ਕੈਸੇ ਗਾਵਨਹਾਰੀ॥*
*ਜੀਲ ਬਿਨਾ ਕੈਸੇ ਬਜੈ ਰਬਾਬ॥*
*ਨਾਮ ਬਿਨਾ ਬਿਰਥੇ ਸਭਿ ਕਾਜ॥"*

ਹਜ਼ੂਰ ਕਹਿੰਦੇ ਨੇ ਕਿਸੇ ਇਕ ਦਾ ਨਾਮ ਲਉ। ਜਿਹੜਾ ਨਾਮ ਸਿਮਰਨ ਤੋਂ ਬਿਨਾਂ ਸੰਸਾਰ-ਸਮੁੰਦਰ ਤਰ ਗਿਆ ਹੋਵੇ, ਭਵ-ਸਾਗਰ ਤਰ ਗਿਆ ਹੋਵੇ, ਕਿਸੇ ਇਕ ਦਾ ਨਾਮ ਲਵੋ। ਸਤਿਗੁਰ ਮਿਲੇ ਉਸਦੀ ਸੇਵਾ ਕਰੇ, ਉਹਦੀ ਕਿਰਪਾ ਦਾ ਪਾਤਰ ਬਣੇ, ਫਿਰ ਸਤਿਗੁਰ ਦੇ ਦਿੱਤੇ ਹੋਏ ਨਾਮ ਦਾ ਅਭਿਆਸ ਕਰੇ ਤਾਂ ਇਸ ਦਾ ਬੇੜਾ ਭਵ-ਸਾਗਰ ਵਿਚੋਂ ਪਾਰ ਹੋਵੇਗਾ। ਨਾਮ ਤੋਂ ਬਿਨਾਂ ਇਹ ਤਰ ਨਹੀਂ ਸਕਦਾ:

*"ਬਿਨੁ ਬਿਦਿਆ ਕਹਾ ਕੋਈ ਪੰਡਿਤ॥"*

ਅੱਖਰ ਤੇ ਜਾਣਦਾ ਨਹੀਂ ਕੋਈ, ਡਾਂਗ ਜਿੰਨੀ ਅਲਖ ਨਹੀਂ ਆਉਂਦੀ। ਘੜੇ ਜਿੰਨੇ ਊੜੇ ਦਾ ਨਹੀਂ ਪਤਾ। ਕੁਲ ਪੰਡਿਤ ਬਣਿਆ ਫਿਰਦਾ ਉਹ, ਪੰਡਿਤ ਮਹਾਰਾਜ ਕਹਿੰਦੇ ਨੇ:

*"ਬਿਨੁ ਬਿਦਿਆ ਕਹਾ ਕੋਈ ਪੰਡਿਤ॥"*

ਜਿਸ ਦੇ ਅੰਦਰ ਬਿਦਿਆ ਹੀ ਕੋਈ ਨਹੀਂ, ਉਹ ਪੰਡਿਤ ਕਾਹਦਾ ਹੈ ? ਕੇਵਲ ਪੰਡਿਤਾਣੀ ਦੇ ਪੇਟੋਂ ਜਨਮ ਲੈ ਕੇ ਹੀ ਪੰਡਿਤ ਹੈ। ਕੇਵਲ ਇਕ ਬ੍ਰਾਹਮਣ ਦੇ ਘਰ ਜਨਮ ਲੈਣ ਨਾਲ ਹੀ ਉਹਨੂੰ ਬ੍ਰਾਹਮਣ ਆਖਣਾ ਚਾਹੀਦਾ ਹੈ। ਇਕ ਸ੍ਰੀ ਮਾਨ ਗੁਰਮੁਖਿ ਪਿਆਰੇ ਮੇਰੇ ਦੇਸ਼ ਦੇ ਬੜੇ ਸੁੰਦਰ "ਕਵੀ" ਹੋਏ ਨੇ ਔਰ ਉਹਨਾਂ ਦਾ ਤਖੱਲਸ ਸੀ "ਬੈਤਾਲ"।

ਔਰ ਉਹ ਬੜੇ ਮਜ਼ੇ ਨਾਲ ਬਚਨ ਕਰਦੇ ਸੀ, ਜਦੋਂ ਉਹਦਾ ਰਾਜਾ ਖੁਸ਼ ਹੋਵੇ ਉਦੋਂ ਸੁਣਾਉਂਦੇ ਸਨ, ਉਹਨਾਂ ਨੇ ਇਕ ਬਚਨ ਕਿਹਾ ਹੈ:

*"ਪੰਡਿਤ ਚੰਚਲ ਹੋਵੇ ਸਭਾ ਉਭਰਦੇ ਆਵੇ।"*
*"ਘੋੜਾ ਚੰਚਲ ਹੋਵੇ ਝਪਟ ਮੈਦਾਨ ਵਿਖਾਵੇ।"*
*"ਹਾਥੀ ਚੰਚਲ ਹੋਵੇ ਸਮਰ ਮੈਂ ਸੁੰਡ ਉਠਾਵੇ।"*

ਇਹ ਤੇ ਚੀਜ਼ਾਂ ਚੰਚਲ ਬੜੀਆਂ ਚੰਗੀਆਂ ਨੇ, ਪਿਆਰੀਆਂ ਲੱਗਦੀਆਂ ਨੇ, ਜਿਹੜਾ ਹਾਥੀ ਹੈ ਚੰਚਲ ਚੰਗਾ, ਜਿਹੜਾ ਘੋੜਾ ਹੈ ਚੰਚਲ ਚੰਗਾ, ਪੰਡਿਤ ਜਿਹੜਾ ਹੈ "TO THE POINT" ਅਰਥਾਤ ਹਾਜ਼ਰ ਜਵਾਬ ਦੇਣ ਵਾਲਾ ਹੈ, ਉਹ ਚੰਗਾ ਹੈ ਤੇ ਰਾਜਾ ਵੀ ਹੁਸ਼ਿਆਰ ਚਾਹੀਦਾ ਹੈ, ਚੰਚਲ ਚਾਹੀਦਾ ਹੈ। ਜਿਹੜਾ ਰਾਜਾ ਸ਼ਰਾਬ ਪੀ ਕੇ ਸੁੱਤਾ ਰਹੇ, ਪਰਜਾ ਮਰਦੀ ਰਹੇ, ਕਿਸੇ ਦਾ ਦੁੱਖ ਨਾ ਸੁਣੇ, ਉਹਦਾ ਰਾਜ ਕਿੰਨਾ ਕੁ ਚਿਰ ਚਲਨਾ ਹੈ। ਕਾਕੀ ਦੇਵੀ ਚੰਚਲ ਨਹੀਂ ਹੋਣੀ ਚਾਹੀਦੀ। ਇਹ ਨਿੱਘੀ ਸਹਾਰੇ ਵਾਲੀ, ਠਰ੍ਹੰਮੇ ਵਾਲੀ, ਦੂਰ-ਅੰਦੇਸ਼, ਘਰ ਵਿਚ ਆਪਣੇ ਅਮਨ ਸਾਂਤੀ ਬਣਾ ਕੇ ਰੱਖਣ ਵਾਲੀ ਐਸੀ ਦੇਵੀ ਚਾਹੀਦੀ ਹੈ। ਦੇਵੀ ਨਹੀਂ ਚੰਚਲ ਚਾਹੀਦੀ। ਉਤਲੀਆਂ ਚਾਰ ਚੀਜ਼ਾਂ ਚੰਚਲ ਹੀ ਚਾਹੀਦੀਆਂ ਨੇ। ਬੜੇ-ਬੜੇ ਸੁੰਦਰ ਬਚਨ ਕਹਿੰਦਾ ਸੀ ਉਹ, ਔਰ ਬ੍ਰਿਕਮਾ ਦੱਤ ਉਹਦੇ ਉੱਤੇ ਬੜੇ ਪ੍ਰਸੰਨ ਸਨ ਤਾਂ ਇਹ ਪੰਡਿਤ ਮੰਨਿਆ ਗਿਆ। ਮੈਂ "ਬ੍ਰਹਮ" ਨੂੰ ਪੜ੍ਹਿਆ ਬੜੇ-ਬੜੇ ਗਜ਼ਬ ਦੇ ਬਚਨ ਕਹਿੰਦਾ ਹੈ ਬ੍ਰਹਮ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਬ੍ਰਹਮ ਕੌਣ ਹੈ ? ਉਹ ਕਹਿੰਦਾ ਹੈ:

*"ਪੂਤ ਕਪੂਤ ਕਲੱਛਣ ਨਾਰਿ ਰਲਾਖ ਪਰੋਸ ਜਾਇ ਨਾ ਸਾਰੇ।"*

ਚਾਰ ਚੀਜ਼ਾਂ ਗਿਣ ਗਿਆ ਹੈ ਇਕੋ ਲਾਇਨ ਵਿਚ। ਇਹਨਾਂ ਨੂੰ ਬੰਨ੍ਹ ਕੇ ਮਾਰ ਦਿਉ। ਇਹਨਾਂ ਦੇ ਜੀਊਂਦੇ ਰਹਿਣ ਦੀ ਕੋਈ ਲੋੜ ਨਹੀਂ। ਉਹ ਕੌਣ ਨੇ, ਪੁੱਤਰ, ਕਪੁੱਤਰ ਨੇ, ਕੁਲੱਛਣੀ ਇਸਤਰੀ, ਲੜਾਕਾ, ਪੜੋਸ, ਲੜਾਕਾ ਗੁਆਂਢ। ਮਾਨ ਸਿੰਘ ਝੌਰ ਜੀ ਦੱਸਦੇ ਹਨ ਮੈਂ ਦਸਮ ਗ੍ਰੰਥ ਪੜ੍ਹਿਆ ਹੈ, ਉਸ ਵਿਚ ਜ਼ਿਕਰ ਆਇਆ ਹੈ ਇਕ ਬੀਬੀ ਦੂਜੀ ਬੀਬੀ ਨਾਲ ਗੱਲਾਂ ਕਰੇ ਤੇ ਆਪਣੀ ਨਜ਼ਾਕਤ, ਆਪਣੀ ਕੋਮਲਤਾ ਉਹਦੇ ਤੇ ਦਰਸਾਵੇ। ਸੁਭਾਅ ਦੀ ਏਡੀ ਚੰਗੀ ਸਿਆਣੀ, ਸਵੇਰ ਹੁੰਦਿਆਂ ਹੀ ਗੱਜ ਪਈ, ਗੁਆਂਢਣ ਉੱਤੇ ਟੁੱਟ ਕੇ ਲੜ ਪਈ, ਭੈਣ ਤੇਰੇ ਦੋਵੇਂ ਮਰ ਜਾਣ, ਤੇਰੇ ਘਰ ਨੂੰ ਅੱਗ ਲੱਗ ਜਾਏ, ਤੂੰ ਰੰਡੀ ਹੋ ਜਾਏਂ, ਤੇਰਾ ਕੱਖ ਨਾ ਰਹੇ। ਲੋਕਾਂ ਨੇ ਰੋਕਿਆ ਕਿ ਬੀਬੀ ਸਵੇਰ ਦਾ ਵੇਲਾ ਹੈ, ਏਦਾਂ ਨਾ ਕਰ। ਪਰ ਉਹ ਰੁਕਦੀ ਈ ਨਹੀਂ। ਆਖੇ ਨਹੀਂ ਸੀ ਲੱਗਦੀ ਉਹ ਕਿਸੇ ਦੇ। ਤੇ ਅਗਲੇ ਦਿਨ ਬੈਠੀ ਗੁਆਂਢਣ ਨਾਲ ਗੱਲਾਂ ਕਰੇ ਭੈਣ ਕੀ ਦੱਸਾਂ ? ਸੱਸ ਕੋਲੋਂ ਡਰਦਿਆਂ ਮੈਨੂੰ ਉੱਚੀ ਸਾਹ ਨਹੀਂ ਆਉਂਦਾ। ਮੈਂ ਤੇ ਚੁੱਪ ਕਰਕੇ ਹੀ ਮਰ ਗਈ। ਲੜਦੀ ਨੂੰ ਵੇਖ ਕੇ ਜਠਾਣੀ ਦਰਵਾਜ਼ੇ ਤੋਂ ਮੁੜ ਗਈ ਕਿ ਅੱਜ ਫਿਰ ਸਵੇਰੇ ਹੀ ਸ਼ੁਰੂ ਹੋ ਗਈ ਹੈ। ਅੱਲ੍ਹਾ ਜਾਣੇ ਕਦੋਂ ਪਟਰੋਲ ਮੁੱਕਣਾ ਹੈ ਤੇ ਕਦੋਂ ਇਸ ਨੇ ਚੁੱਪ ਹੋਣਾ ਹੈ। ਚਲੋ ਘਰ ਨੂੰ ਚੱਲਣੇ ਹਾਂ, ਰੋਟੀ ਪਾਣੀ ਖਾ ਕੇ ਅਰਾਮ ਕਰਾਂਗੇ। ਇਹਦੀ ਲੜਾਈ ਤੋਂ ਤੰਗ ਆ ਕੇ ਆਂਢ-ਗੁਆਂਢ ਨੇ ਘਰ ਛੱਡ ਦਿੱਤੇ, ਜੰਗਲਾਂ ਵਿਚ ਵਾਸਾ ਕਰ ਲਿਆ। ਲੜ-ਲੜ ਕੇ ਬੜੀਆਂ ਚੰਗੀਆਂ-ਚੰਗੀਆਂ ਜ਼ਨਾਨੀਆਂ ਦੇ ਨੱਕ ਨੀਵੇਂ ਕਰ ਦਿੱਤੇ ਤੇ ਦਸਮ ਗ੍ਰੰਥ ਵਿਚ ਜ਼ਿਕਰ ਆਇਆ ਹੈ ਕਿ ਬਾਹਰੋਂ ਕਿਤੇ ਘਰ ਵਾਲਾ ਥੱਕਾ ਆਇਆ, ਉਹਨੇ ਪਾਣੀ ਦਾ ਗਿਲਾਸ ਮੰਗਿਆ ਪੀਣ

ਲਈ ਤੇ ਅੱਗੋਂ ਕਹਿੰਦੀ ਅੰਨ੍ਹਾ ਹੋਇਆ ਏਂ। ਔਹ ਘੜਾ ਨਹੀਂ ਨਜ਼ਰ ਆਉਂਦਾ ? ਔਹ ਗਿਲਾਸ ਪਿਆ ਹੈ, ਤੈਨੂੰ ਪਾਣੀ ਦੇਵਾਂ ਕਿ ਉਹਨੂੰ ਸਾਂਭਾਂ:

*"ਪਾਣੀ ਕਿ ਮਾਂਗਨ ਪਾਥਰ ਮਾਰਤ।"*

ਜਨਾਨੀ ਕਾਹਦੀ, ਸ਼ੇਰਨੀ ਘਰ ਲਿਆ ਕੇ ਬੰਨ੍ਹ ਲਈ, ਨਾ ਚੈਨ ਹੈ, ਨਾ ਅਰਾਮ ਹੈ, ਕੰਧਾਂ ਵੀ ਕੰਬਦੀਆਂ ਨੇ। ਸਾਰੇ ਪਾਸੇ ਰੌਲਾ ਪਿਆ ਹੈ। ਇਹ ਉਪਦੇਸ਼ ਕਰਦਾ ਹੁੰਦਾ ਸੀ ਬਿਕ੍ਰਮਾ-ਦੱਤ:

*"ਬੀਬੀ ਚੰਚਲ ਨਾ ਚਾਹੀਏ,*
*ਕਾਕੀ ਚੰਚਲ ਨਾ ਚਾਹੀਏ,*
*ਕੋ ਕਲੰਕੀ ਹੋ ਜਾਏਗੀ।"*

ਸਿਆਣਾ ਕਵੀ ਬਿਕ੍ਰਮਾ ਦੱਤ ਨੂੰ ਇਹ ਉਪਦੇਸ਼ ਕਰਦਾ ਹੁੰਦਾ ਸੀ, ਸਿਆਣਾ ਸੁੰਦਰ ਕਵੀ। ਜਿਹੜਾ ਕਦੇ ਕਦੇ ਉਹਦੀ ਮੌਜ ਵੇਖ ਕੇ ਕਹਿੰਦਾ ਸੀ ਉਹਨੂੰ ਪੰਡਿਤ ਆਖਿਆ ਜਾਂਦਾ ਸੀ। ਅਕਬਰ ਦੇ ਦਰਬਾਰ ਵਿਚ ਰਹਿਣ ਵਾਲੇ ਬ੍ਰਹਮ ਜੀ ਨੂੰ ਪੰਡਿਤ ਆਖਿਆ ਜਾਂਦਾ ਸੀ। ਅਸਲੀ ਨਾਮ ਉਹਦਾ ਬੀਰਬਲ ਸੀ। ਜਿੰਨਾ ਚਿਰ ਪਿਆਰਿਓ ਵਿਦਿਆ ਨਹੀਂ ਜਾਣਦਾ ਓਨਾ ਚਿਰ ਉਹ ਪੰਡਿਤ ਨਹੀਂ ਬਣ ਸਕਦਾ:

*"ਬਿਨੁ ਬਿਦਿਆ ਕਹਾ ਕੋਈ ਪੰਡਿਤ॥"*

ਇਕ ਸੁਆਮੀ ਸੁੰਦਰ ਦਾਸ ਜੀ ਹੋਏ ਨੇ, ਸੀ ਬ੍ਰਾਹਮਣ, ਕੱਦ ਬੜਾ ਲੰਬਾ ਚੌੜਾ ਸੀ, ਕਪੜੇ ਭਰਵੇਂ ਪਾਉਂਦੇ ਸੀ, ਲੰਗੋਟੀ ਬੰਨ੍ਹਦੇ ਸੀ, ਪਰ ਵਿਚਾਰ ਗੁਰਮਤਿ ਦਾ ਕਰਦੇ ਸਨ। ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਇਕ ਤੁੱਕ ਦਾ ਟੀਕਾ ਕੀਤਾ ਹੈ:

*ਬਿਨਾ ਸੰਤੋਖ ਨਹੀ ਕੋਊ ਰਾਜੈ॥*

..............................................................

*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥*

ਸਾਹਿਬ ਫੁਰਮਾਉਂਦੇ ਨੇ ਕਿ ਸੰਤੋਖ ਤੋਂ ਬਿਨਾਂ ਭੁੱਖਾ ਨਹੀਂ ਰੱਜ ਸਕਦਾ। ਜਿਸ ਤਰ੍ਹਾਂ ਬਾਲਣ ਪਾਇਆਂ ਕਦੇ ਅੱਗ ਨਹੀਂ ਰੱਜਦੀ, ਕਿੰਨਾ ਜ਼ਬਰਦਸਤ ਪ੍ਰਮਾਣ ਹੈ ਕਿ ਤੁਸੀਂ ਅੱਗ ਬਾਲ ਲਵੋ ਤੇ ਫੈਸਲਾ ਕਰ ਲਵੋ ਕਿ ਬਾਲਣ ਪਾਉਣੋਂ ਓਦੋਂ ਹੱਟਣਾ ਹੈ ਜਦੋਂ ਅੱਗ ਰੱਜ ਜਾਵੇ। ਪਰ ਅੱਗ ਕਦੇ ਨਹੀਂ ਰੱਜਦੀ, ਸਗੋਂ ਜਿਉਂ ਉਹਦੇ ਤੇ ਬਾਲਣ ਪਾਵਾਂਗੇ ਤਿਉਂ-ਤਿਉਂ ਲਾਟਾਂ ਤੇਜ਼ ਹੋਣਗੀਆਂ। ਇਸ ਤਰ੍ਹਾਂ ਮਾਇਆ ਦੇ ਪਦਾਰਥਾਂ ਦਾ ਭੁੱਖਾ ਰੱਜਦਾ ਨਹੀਂ, ਭਾਵੇਂ ਦੁਨੀਆਂ ਦੀ ਬਾਦਸ਼ਾਹੀ ਮਿਲ ਜਾਵੇ, ਉਹ ਫਿਰ ਵੀ ਭੁੱਖੇ ਦਾ ਭੁੱਖਾ ਹੀ ਰਹਿੰਦਾ ਹੈ। ਇਸ ਤੁੱਕ ਦਾ ਟੀਕਾ

ਕੀਤਾ ਹੈ ਸਵਾਮੀ ਸੁੰਦਰ ਦਾਸ ਜੀ ਨੇ।

ਸੋ ਸਾਧ ਸੰਗਤ ਜੀ, ਜਿੰਨੇ ਵੀ ਇਥੇ ਆਏ ਹੋ, ਤੁਸਾਂ ਬਚਨ ਗੁਰੂ ਕੇ ਜਾਣ ਕੇ ਸੁਣੇ ਨੇ। ਆਓ ਅਸੀਂ ਰਲ-ਮਿਲ ਕੇ ਕੋਸ਼ਿਸ਼ ਕਰੀਏ ਕਿ ਸਾਡਾ ਮਨ ਗੁਰਮਤਿ ਵਿਚ ਜੁੜੇ। ਮੱਛਲੀ ਦੀ ਤਰ੍ਹਾਂ ਅਸੀਂ ਵੀ ਦੁੱਖ ਵਿਚ ਰਹਿ ਕੇ ਉਸ ਨੂੰ ਸੁਖ ਸਮਝੀਏ, ਤਾਂ ਹੀ ਅਸੀਂ ਗੁਰੂ ਨੂੰ ਹਰ ਵਕਤ ਆਪਣੇ ਵਿਚ, ਹਰ ਜਗ੍ਹਾ ਵਿਚ, ਹਰ ਚੀਜ਼ ਵਿਚ ਮਹਿਸੂਸ ਕਰਾਂਗੇ।

◆◆◆◆

# ਉੱਤਮ ਪਦਵੀ

*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥* *(ਪੰਨਾ ੩੮੩)*

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥* *(ਪੰਨਾ ੧੩੭੫)*

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

*ਧਾਰਨਾ :–ਮਨ ਤੇ ਜਾਇ ਗੁਮਾਨੁ ਪਿਆਰੇ, ਮਨ ਤੇ ਜਾਇ ਗੁਮਾਨੁ।*
*ਮਨ ਤੇ ਜਾਇ ਗੁਮਾਨ ਪਿਆਰੇ, ਮਨ ਤੇ ਜਾਇ ਗੁਮਾਨੁ।*
*ਮਨ ਤੇ ਜਾਇ ਗੁਮਾਨ ਪਿਆਰੇ, ਮਨ ਤੇ ਜਾਇ ਗੁਮਾਨੁ।*
*ਮਨ ਤੇ ਜਾਇ ਗੁਮਾਨ ਪਿਆਰੇ, ਮਨ ਤੇ ਜਾਇ ਗੁਮਾਨੁ।*

ਗਰੀਬ ਨਿਵਾਜ਼ ਗੁਰੂ ਕੀ ਸਾਧ ਸੰਗਤ ਜੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਮਈ ਬਾਣੀ ਦੇ ਕਠਨ ਪਾਠ ਕਰਨ ਤੋਂ ਹੋਰ ਮੈਨੂੰ ਕਿਸੇ ਦਾ ਨਹੀਂ ਪਤਾ, ਮੈਂ ਆਪਣੀ ਗੱਲ ਲੱਗਾ ਹਾਂ ਤੁਹਾਡੇ ਅੱਗੇ ਕਰਨ। ਮੈਨੂੰ ਇਹ ਸਮਝ ਪਈ ਏ, ਭਈ ਇਸ ਬਾਣੀ ਵਿਚ ਅਨੇਕ ਜੁਗਤੀਆਂ ਨਾਲ, ਅਨੇਕ ਉਪਾਵਾਂ ਨਾਲ, ਅਨੇਕ ਤਰੀਕਿਆਂ ਨਾਲ ਮਨ ਨੂੰ ਸਮਝਾਉਣ ਦਾ ਚਾਰਾ ਕੀਤਾ

Sri Satguru Jagjit Singh Ji Elibrary NamdhariElibrary@gmail.com

ਗਿਆ ਹੈ, ਔਰ ਬੜੇ ਪ੍ਰਮਾਣ ਦਿੱਤੇ ਨੇ, ਜਿਨ੍ਹਾਂ ਵਿਚੋਂ ਇਕ ਪ੍ਰਮਾਣ ਹਜ਼ੂਰ ਨੇ ਦਿਨ ਔਰ ਰਾਤ ਦਾ ਦਿੱਤਾ। ਸਾਹਿਬ ਕਹਿੰਦੇ ਨੇ:-

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥* *(ਪੰਨਾ ੬੯੧)*

ਵਿਦਵਾਨ ਸੱਜਣਾਂ ਪ੍ਰਮਾਰਥ ਦੇ ਰਸਤੇ ਦੇ ਖੋਜੀਆਂ ਨੇ ਇਕ ਟਾਈਮ ਦਾ ਨਾਮ ਰੱਖਿਆ ਹੈ ਊਸ਼ਾ। ਔਰ ਉਹ ਟਾਈਮ ਦਿਨ ਵਿਚ ਦੋ ਵਾਰ ਆਉਂਦਾ ਹੈ। ਜਿਸ ਵੇਲੇ ਦਿਨ ਔਰ ਰਾਤ ਦਾ ਮੇਲ ਹੋ ਜਾਏ, ਉਸ ਸਮੇਂ ਦਾ ਨਾਮ ਊਸ਼ਾ ਹੈ। ਜੈਸੇ ਦਿਨ ਸਹਿਜੇ, ਸਹਿਜੇ, ਸਹਿਜੇ, ਸਹਿਜੇ ਬੀਤ ਜਾਏ ਅਰ ਰਾਤ ਪੈਣ ਵਾਲੀ ਹੋਵੇ ਪਰ ਅਜੇ ਪਈ ਨਾ ਹੋਵੇ, ਜਿਹਨੂੰ ਅਸੀਂ ਤ੍ਰਕਾਲਾਂ ਵੇਲਾ ਆਖਣੇ ਆਂ, ਇਹ ਟਾਈਮ ਹੋ ਜਾਏ, ਦਿਨ ਤੇ ਰਾਤ ਕੱਠੇ ਹੋ ਜਾਣ ਉਸ ਟਾਈਮ ਦਾ ਨਾਮ ਊਸ਼ਾ ਹੈ ਤੇ ਸਹਿਜੇ, ਸਹਿਜੇ, ਸਹਿਜੇ, ਸਹਿਜੇ ਰਾਤ ਬੀਤ ਗਈ, ਦਿਨ ਚੜ੍ਹਨ ਦੇ ਆਰ-ਪਾਰ ਹੋ ਗਿਆ, ਪਰ ਅਜੇ ਚੜ੍ਹਿਆ ਨਹੀਂ, ਜਿਹਨੂੰ ਸੋਜਤਾ ਜਿਹਾ ਕਹਿੰਦੇ ਨੇ। ਐਵੇਂ ਚਮਕਾਰੇ ਜਿਹੇ ਲੋ ਜਿਹੀ ਲੱਗਣੀ, ਪਰ ਸੂਰਜ ਨਜ਼ਰ ਨਾ ਆਉਣਾ ਤੇ ਰਾਤ ਦਾ ਹਨੇਰਾ ਅਲੋਪ ਹੋ ਜਾਣਾ। ਇਸ ਸਾਂਝੇ ਟਾਈਮ ਦਾ ਨਾਮ ਵੀ ਊਸ਼ਾ ਹੈ।

ਉਹ ਜਿਹੜਾ ਊਸ਼ਾ ਦਾ ਟਾਈਮ ਐ ਨਾ ਸਵੇਰੇ। ਅਜੇ ਸੂਰਜ ਚੜ੍ਹਿਆ ਨਹੀਂ ਪਰ ਚੜ੍ਹਨ ਵਾਲਾ, ਉਦੋਂ ਦਿਨ ਆਪਣੀ ਜਾਤ ਵਿਚ ਬਿਲਕੁਲ ਮੁਕੰਮਲ ਹੈ। ਬਿਲਕੁਲ ਪੂਰਾ ਹੈ। ਤੱਕੜੀ ਤੋਲੋ ਪਰ ਜਿਸ ਵੇਲੇ ਰਾਤ ਮੁੱਕ ਗਈ ਦੋ ਤਿੰਨ ਕਿਰਨਾਂ ਸੂਰਜ ਦੀਆਂ ਪੱਫਤ ਗਈਆਂ ਤੇ ਦਿਨ ਦੀ ਉਮਰ ਪੂਰੀ ਨਾ ਰਹੀ। ਦਿਨ ਆਪਣੀ ਜਾਤ ਵਿਚ ਪੂਰਾ ਨਾ ਰਿਹਾ, ਉਹਦੇ ਚਾਰ ਟੁਕੜੇ ਹੋ ਗਏ। ਦਿਨ ਤੇ ਪਹਿਰ ਜਦੋਂ ਇਕ ਪਹਿਰ ਵਿਚੋਂ ਵੀ ਥੋੜ੍ਹਾ ਬਹੁਤ ਸਮਾਂ ਬੀਤ ਗਿਆ, ਫਿਰ ਬਣ ਗਈਆਂ ਘੜੀਆਂ:-

*'ਦਿਨ ਤੇ ਪਹਰ ਪਹਰ ਤੇ ਘਰੀਆਂ'*

ਐਨ ਏਸੇ ਤਰ੍ਹਾਂ ਜਿਸ ਵੇਲੇ ਬੱਚੇ ਦਾ ਮਾਂ ਦੇ ਗਰਭ ਦਾ ਕੋਰਸ ਪੂਰਾ ਹੋ ਜਾਂਦਾ, ਜਨਮ ਲੈਣ ਦੇ ਆਰ-ਪਾਰ ਹੋ ਜਾਂਦਾ, ਪਰ ਅਜੇ ਜਨਮ ਲਿਆ ਨਹੀਂ ਹੁੰਦਾ, ਜਿਵੇਂ ਸੂਰਜ ਦੀਆਂ ਕਿਰਨਾਂ ਦੇ ਪਫੜਣ ਤੋਂ ਪਹਿਲਾਂ ਸੂਰਜ ਪੂਰਾ ਮੁਕੰਮਲ ਹੈ। ਦਿਨ ਪੂਰਾ ਮੁਕੰਮਲ ਹੈ ਪਰ ਦੋ ਚਾਰ ਕਿਰਨਾਂ ਨਿਕਲ ਆਉਣ ਤੇ ਦਿਨ ਦੇ ਚਾਰ ਟੁਕੜੇ ਹੋ ਜਾਂਦੇ ਨੇ। ਜਨਮ ਲੈਣ ਤੋਂ ਪਹਿਲਾਂ ਮਨੁੱਖ ਦੀ ਉਮਰ ਪੂਰੀ ਹੁੰਦੀ ਏ ਦਿਨ ਵਾਗੂੰ ਪੰਜਾਹ ਵਰ੍ਹੇ ਜੀਉਣਾ ਤਾਂ, ਸੱਤਰ ਜੀਉਣਾ ਤਾਂ, ਸੌ ਜੀਉਣਾ ਤਾਂ ਪੂਰਾ ਪਰ ਜਨਮ ਲੈਂਦਿਆਂ ਸਾਰ ਜਦੋਂ ਇਕ ਦੋ ਸਵਾਸ ਲੈ ਲਏ ਤਾਂ ਜਿਵੇਂ ਦਿਨ ਚੜ੍ਹਦਿਆਂ ਸਾਰ ਦਿਨ ਦੇ ਚਾਰ ਟੁਕੜੇ ਹੋ ਜਾਂਦੇ ਨੇ ਨਾ ਪਹਿਰ। ਜਨਮ ਲੈਂਦਿਆਂ ਸਾਰ ਇਹਦੀ ਜ਼ਿੰਦਗੀ ਦੇ ਚਾਰ ਟੁਕੜੇ ਹੋ ਜਾਂਦੇ ਨੇ। ਇਹ ਬਾਲਪਨ ਹੈ, ਇਹ ਕਿਸ਼ੋਰ ਹੈ, ਇਹ ਯੁਵਾ ਹੈ, ਇਹ ਬੁਢਾਪਾ ਹੈ। ਆਖਰ ਸੂਰਜ ਡੁੱਬ ਜਾਂਦਾ ਐ।

'ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ' (ਉਮਰ ਘਟਦੀ ਜਾਂਦੀ ਏ) 'ਤਨੁ ਛੀਜੈ'॥ ਕਾਇਆਂ ਕਮਜ਼ੋਰ ਹੁੰਦੀ ਜਾਂਦੀ ਏ ਤੇ ਗਰੀਬ-ਨਿਵਾਜ਼ ਇਕ ਹਲੂਣਾ ਜਿਹਾ ਦੇਂਦੇ ਨੇ: 'ਆਵ ਘਟੈ ਤਨੁ ਛੀਜੈ' 'ਕਾਲੁ ਅਹੇਰੀ' ਜਿਹੜੀ ਮੌਤ ਹੈ। ਕਾਲ ਮਾਇਨੇ ਮੌਤ ਹੈ, ਅਹੇਰੀ ਮਾਇਨੇ ਸ਼ਿਕਾਰਨ ਹੈ, ਜਿਵੇਂ ਸ਼ਿਕਾਰੀ ਆਪਣਾ ਸ਼ਿਕਾਰ ਲਭਦਾ ਫਿਰਦਾ, ਏਦਾਂ ਮੌਤ ਵੀ ਆਪਣਾ ਸ਼ਿਕਾਰ ਲਭਦੀ ਫਿਰਦੀ ਐ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ 'ਹੰਸਾ ਸਰਵਰ' ਜਿਵੇਂ ਹੰਸ ਚੌਵੀ ਘੰਟੇ ਮਾਨਸਰੋਵਰ ਦੇ ਕਿਨਾਰੇ ਬੈਠਾ ਰਹਿੰਦਾ ਐ। ਏਸੇ ਤਰ੍ਹਾਂ ਕਾਲ ਸਰੀਰ ਜਿਹੜੀ ਮੌਤ ਹੈ, ਆਦਮੀਆਂ ਦੇ ਸਿਰ 'ਤੇ ਚੌਵੀ ਘੰਟੇ ਬੈਠੀ ਰਹਿੰਦੀ ਏ। ਛੱਡ ਕੇ ਨਹੀਂ ਜਾਂਦੀ।

'ਕਾਲੁ ਅਹੇਰੀ' ਮੌਤ ਸ਼ਿਕਾਰਨ ਹੈ, 'ਫਿਰੈ ਬਧਿਕ ਜਿਉ' ਸ਼ਿਕਾਰੀ ਦੀ ਤਰ੍ਹਾਂ ਏ। ਨੱਸੀ ਫਿਰਦੀ ਏ, ਆਪਣੇ ਜਾਲ ਵਿਚ ਪੀਰ ਵਗੈਰਾ ਲੈ ਕੇ,

*'ਕਹਹੁ ਕਵਨ ਬਿਧਿ ਕੀਜੈ॥'*

ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ, ਇਹਦੇ ਕੋਲੋਂ ਬਚਣ ਲਈ, ਸਿਮਰਨ ਕਰਨ ਲਈ, ਨਰਕਾਂ ਦੇ ਦੁਖੋਂ ਛੁਟਕਾਰਾ ਪਾਉਣ ਲਈ, ਕੀ ਉਪਾਅ ਕਰੀਏ, ਕੀ ਤਰੀਕਾ, ਕੀ ਜੁਗਤੀ ਕਰੀਏ ? ਤੇ ਧੁਨਿ ਅੰਦਰ ਏ ਜਪੋ ਪਈ, ਨਾਮ ਸਿਮਰੋ, ਮਨ ਸਮਝਾਓ। ਸੰਗਤ ਵਿਚ ਆਓ, ਤਾਂਕਿ ਜਨਮ ਲੇਖੇ ਲੱਗ ਜਾਏ। ਜੇ ਦਿਨ ਰਾਤ ਦੇ ਪ੍ਰਮਾਣ ਨਾਲ ਮਨ ਨਹੀਂ ਸਮਝਿਆ ਤੇ ਫਿਰ ਚਾਰੇ ਪਹਿਰ ਇਹਦੇ ਸਾਹਮਣੇ ਰੱਖੇ:-

*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥......*
*ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥......*
*ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥.....*
*ਚੌਥਾ ਪਹਿਰ ਆ ਗਿਆ*
*ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥*
*ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥ (ਪੰਨਾ ੭੪-੭੫)*

ਜੇ ਚੌਂਹ ਪਹਿਰਾਂ ਦੇ ਪ੍ਰਮਾਣ ਵਿਚ ਵੀ ਮਨ ਨਹੀਂ ਸਮਝਿਆ ਤੇ ਫਿਰ ਇਹਦੇ ਸਾਹਮਣੇ ਸੱਤ ਵਾਰ ਰੱਖੇ। ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਏ ਨਾ ਸਤਵਾਰ। ਅਸੀਂ ਮਨਮਤ ਦੇ ਵਾਰ ਤੇ ਮਨਾ ਲੈਨੇ ਆਂ, ਗੁਰਮਤਿ ਦੇ ਵਾਰ ਨਹੀਂ ਮਨਾਉਂਦੇ। ਪੰਜਾਬੀ ਵਿਚ ਇਕ ਮੁਹਾਵਰਾ ਬਣ ਗਿਆ, ਬਦੋਬਦੀ ਸਾਡੀ ਮਨਮਤ ਜਹੀ ਨਾਲ ਭਈ:-

*'ਐਤਵਾਰ ਤਦ ਜਾਣੀਏ ਜੇ ਪੋਚਾ ਫੇਰਨ ਬਾਣੀਏ॥'*

ਅਸੀਂ ਪੋਚਾ-ਪਾਚਾ ਫੇਰਨ ਨੂੰ ਈ ਸਮਝ ਲਿਆ ਪਈ ਐਤਵਾਰ ਮਨਾਇਆ ਗਿਆ।

ਤੱਕੜੀ ਵੱਟੇ ਧੋ ਲਏ ਜਾਂ ਛੁੱਟੀ ਦੇ ਦਿਨ ਵੀ ਕਿਸੇ ਨੇ ਪੂੜੇ ਪਕਾ ਲਏ ਤੇ ਪਿਕਨਿਕ 'ਤੇ ਚਲਾ ਗਿਆ, ਪਈ ਬੱਲੇ, ਬੱਲੇ ਬੜਾ ਚਾਅ ਐਤਵਾਰ ਜੀ ਮਨਾਇਆ ਗਿਆ। ਪਰ ਇਹ ਮਨਮਤ ਦਾ ਐਤਵਾਰ ਐ। ਗੁਰਮਤਿ ਦਾ ਐਤਵਾਰ ਤੇ ਉਦੋਂ ਮਨਾਇਆ ਜਾਣਾ, ਜਦੋਂ ਸਾਹਿਬ ਕਹਿੰਦੇ ਨੇ:

*ਆਦਿਤ ਕਰੈ ਭਗਤਿ ਆਰੰਭ॥*

ਆਦਿਤ ਮਾਇਨੇ ਐਤਵਾਰ, ਐਤਵਾਰ ਤਾਂ ਮਨਾਇਆ ਜਾਏਗਾ ਜੇ ਐਤਵਾਰ ਨੂੰ ਭਗਤੀ ਅਰੰਭ ਕਰ ਲਈਏ ਤੇ ਜੇ ਪਿਕਨਿਕ ਤੇ ਸਾਰਾ ਦਿਨ ਖਾਂਦਿਆਂ-ਪੀਂਦਿਆਂ ਬੀਤ ਗਿਆ, ਰਾਤ ਨੂੰ ਜੁੱਤੀ ਗਵਾ ਕੇ ਘਰ ਆ ਵੜਿਓਂ ਤੇ ਐਤਵਾਰ ਮਨਾਇਆ ਕਾਹਦਾ ਗਿਆ, ਇਹ ਤੇ ਸਗੋਂ ਖਰਾਬ ਹੋ ਗਿਆ। ਸੰਗਤ ਵਿਚ ਮਹਾਰਾਜ ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ: 'ਸੰਗਤਿ ਕਾ ਗੁਨੁ ਬਹੁਤੁ ਅਧਿਕਾਈ' ਮਰਦਿਆਂ ਦਮਾਂ ਤਕ ਸਿਮਰਨ ਕਰਦੇ ਰਹੋ। ਇਹਦੇ ਵਿਚੋਂ ਕੁਝ ਲੱਭਦਾ ਈ ਰਹਿਣਾ, ਏਥੇ ਘਾਟਾ ਨਹੀਂ ਪੈਣਾ।

ਰਾਤੀਂ ਕਥਾ ਦੀ ਸਮਾਪਤੀ ਤੋਂ ਬਾਅਦ ਮੇਰੇ ਕਮਰੇ 'ਚ ਇਕ ਸੱਜਣ ਗਿਆ। ਨੌਜਵਾਨ ਗੱਭਰੂ। ਉਹਨੇ ਇਕ ਬੜਾ ਅਜੀਬ ਜਿਹਾ, ਨਵਾਂ ਜਿਹਾ ਸਵਾਲ ਕੀਤਾ ਔਰ ਬੜਾ ਲੋੜੀਂਦਾ ਸਵਾਲ। ਸਾਹਿਬ ਸ੍ਰੀ ਗੁਰੂ ਅਮਰ ਦੇਵ ਜੀ ਦੀ ਸਪੁੱਤਰੀ ਦੀ ਸ਼ਾਦੀ ਤੇ ਗੁਰੂ ਰਾਮਦਾਸ ਦੀ ਸ਼ਾਦੀ ਬਾਰੇ ਬੜਾ ਸੁੰਦਰ, ਬੜਾ ਤੱਕੜੀ ਤੋਲਵਾਂ ਤੇ ਬੜਾ ਨਿੱਗਰ ਸਵਾਲ ਸੀ। ਮੈਂ ਸਾਰੀ ਰਾਤ ਕਈ ਵੇਰਾਂ ਉੱਠ ਕੇ ਸੋਚਿਆ ਪਈ ਕਦੀ ਇਹ ਗੱਲ ਅਸਾਂ ਵੀਚਾਰੀ ਈ ਨਹੀਂ, ਕਦੇ ਸੋਚੀ ਈ ਨਹੀਂ। ਪਈ ਆਖਰ ਬੀਬੀ ਭਾਨੀ ਦੀ ਉਮਰ ਉਦੋਂ ਕਿੰਨੀ ਹੋਵੇਗੀ ਜਾਂ ਗੁਰੂ ਅਮਰ ਦੇਵ ਦੀ ਕਿੰਨੀ ਕੁ ਉਮਰ ਬੀਤ ਗਈ ਹੋਵੇਗੀ ਤੇ ਬੀਬੀ ਭਾਨੀ ਦਾ ਜਨਮ ਕਦੋਂ ਹੋਇਆ ਹੋਵੇਗਾ ? ਇਹ ਸਾਕ, ਇਹ ਉਮਰ ਦੇ ਲਿਹਾਜ਼ ਨਾਲ ਰਿਸ਼ਤੇਦਾਰੀ, ਕਿੱਦਾਂ ਤੋਲ ਮਾਪ 'ਚ ਪੂਰੀ ਉਤਰੀ, ਆਖਰ ਇਹ ਸੰਗਤ ਵਿਚੋਂ ਈ ਲੱਭੀ ਨਾ ਇਹ ਗੱਲ। ਪ੍ਰਚਾਰ ਕਰਦਿਆਂ ਤਾਂ ਮੈਨੂੰ ਵੀ ਸਤਵੰਜਾ (57) ਵਰ੍ਹੇ ਹੋ ਈ ਗਏ ਨੇ ਨਾ। ਨਹੀਂ ਪਤਾ ਲੱਗਾ। ਸੰਗਤ ਵਿਚੋਂ ਕਦੇ ਨਹੀਂ ਵਿਛੜਣਾ ਚਾਹੀਦਾ।

*ਸੋਮਵਾਰਿ ਸਸਿ ਅੰਮ੍ਰਿਤੁ ਝਰੈ॥*

ਜੋਗੀਆਂ ਨੇ ਸੱਜੀ ਨਾਸ ਦਾ ਨਾਂ ਰੱਖਿਆ ਹੈ ਸੂਰਜ ਦੀ ਰਾਤ (ਨਾਤ) ਤੇ ਖੱਬੀ ਨਾਸ ਦਾ ਨਾਂ ਰੱਖਿਆ ਹੋਇਆ ਚੰਦਰਮਾ ਦੀ ਰਾਤ (ਨਾਤ)। ਜੇ ਤੇ ਸੋਮਵਾਰ ਨੂੰ ਖੱਬੀ ਨਾਸ ਵਿਚੋਂ ਅੰਮ੍ਰਿਤ ਚੋਣ ਲਗ ਪਿਆ ਤੇ ਸੋਮਵਾਰ ਮਨਾਇਆ ਗਿਆ ਤੇ ਜੇ ਪਤਾ ਈ ਨਹੀਂ, ਸੁਰਤ ਨੂੰ ਪਤਾ ਈ ਨਹੀਂ, ਮਨ ਨੂੰ ਪਤਾ ਈ ਨਹੀਂ ਤੂੰ ਕਦੇ ਇਕਾਗਰ-ਚਿਤ ਹੋ ਕੇ ਸਿਮਰਨ ਕਰਨ ਵਾਸਤੇ ਚੌਕੜਾ ਮਾਰਿਆ ਈ ਨਹੀਂ ਤੇ ਸੋਮਵਾਰ ਕਾਹਦਾ ਮਨਾਇਆ ਗਿਆ। ਕਈ ਸੱਜਣ ਨੇ ਉਹ ਮੰਗਲਵਾਰ ਨੂੰ ਇਕ ਪੱਥਰ ਦੇ ਉਤੇ ਸੰਧੂਰ ਸੁਟਦੇ ਨੇ ਤੇ ਪਾ ਕੁ ਪੱਕੇ ਆਟੇ ਦੀ ਰੋਟੀ ਪਕਾ ਕੇ ਉਹਦੇ ਅੱਗੇ ਰੱਖ ਦੇਂਦੇ ਨੇ, ਪੱਥਰ ਦੇ ਕੀ ਸਾਡਾ ਮੰਗਲਵਾਰ ਮਨਾਇਆ ਗਿਆ ਤੇ ਮਹਾਰਾਜ

Sri Satguru Jagjit Singh Ji Elibrary NamdhariElibrary@gmail.com

ਕਹਿੰਦੇ ਨੇ ਪਾ ਪੱਕੇ ਆਟੇ ਦਾ ਰੋਟ ਪਕਾਇਆਂ ਮੰਗਲਵਾਰ ਨਹੀਂ ਮਨਾਇਆ ਜਾਣਾ:-

*ਮੰਗਲਵਾਰੇ ਲੇ ਮਾਹੀਤਿ॥ ਪੰਚ ਚੋਰ ਕੀ ਜਾਣੈ ਰੀਤਿ॥*

ਜੇ ਤੇ ਮੰਗਲਵਾਰ ਨੂੰ ਤੂੰ ਪੰਜਾਂ ਚੋਰਾਂ ਨੂੰ ਵੱਸ ਵਿਚ ਕਰ ਲਿਆ, ਕਾਮ, ਕ੍ਰੋਧ ਨੂੰ ਵੱਸ ਕਰ ਲਿਆ ਤੇ ਤੇਰਾ ਮੰਗਲਵਾਰ ਮਨਾਇਆ ਗਿਆ। ਜੇ ਨਿਰੇ ਪਾ ਪੱਕੇ ਆਟੇ ਵਿਚ ਗੁੜ ਪਾ ਕੇ ਕਿਸੇ ਪੱਥਰ ਅੱਗੇ ਰੱਖ ਦਿੱਤਾ, ਦੁਹਾਈ ਰੱਬ ਦੀ ਮੰਗਲਵਾਰ ਨਹੀਂ ਮਨਾਇਆ ਜਾਏਗਾ।

*ਬੁਧਵਾਰਿ ਬੁਧਿ ਕਰੈ ਪ੍ਰਗਾਸ॥*

................................................

*ਤਾ ਤੇ ਬਿਖਿਆ ਮਹਿ ਰਹੈ ਉਦਾਸੁ॥*

ਜੇ ਬੁੱਧਵਾਰ ਨੂੰ ਬੁੱਧੀ 'ਚ ਚਾਣਨਾ ਹੋ ਗਿਆ, ਵਿਕਾਰਾਂ ਵਿਚੋਂ ਉਦਾਸ ਹੋ ਗਿਓਂ, ਨਾਮ ਵਿਚ ਜੁੜ ਗਿਓਂ ਤੇ ਮਨਾਇਆ ਗਿਆ ਬੁੱਧਵਾਰ। ਜੇ ਮਨ ਏਦਾਂ ਵੀ ਨਹੀਂ ਸਮਝਿਆ ਤੇ ਫਿਰ ਪੰਦਰਾਂ ਥਿਤਾਂ ਲਿਖੀਆਂ, ਜੇ ਨਹੀਂ ਸਮਝਿਆ ਤੇ ਫਿਰ ਪੂਰੇ ਬਾਰਾਂ ਮਹੀਨੇ 'ਬਾਰਾ ਮਾਂਹ' ਲਿਖ ਦਿੱਤੇ, ਉਹਨਾਂ ਵਿਚੋਂ ਬਿਕ੍ਰਮੀ ਸੰਮਤ ਦਾ ਅੱਧ ਵਾਲਾ ਮਹੀਨਾ ਯਾਰਵਾਂ ਮਹੀਨਾ ਹੈ। ਜਿਵੇਂ ਕੱਤੇ ਦੇ ਮਹੀਨੇ 'ਚ ਬ੍ਰਾਹਮਣਾਂ ਨੇ ਰਿਵਾਜ ਪਾਇਆ ਹੋਇਆ ਸੀ ਨਾ ਪਈ ਕੱਤਕ ਦੀ ਕਥਾ ਸੁਣੋ। ਜਿਹੜਾ ਕੱਤੇ ਦੇ ਮਹੀਨੇ ਕੱਤਕ ਦੀ ਕਥਾ ਬਈ ਸੁਣ ਲਏ, ਉਹਦੇ ਸਾਰੇ ਪਾਪ ਧੋਤੇ ਗਏ। ਏਸੇ ਤਰ੍ਹਾਂ ਬ੍ਰਾਹਮਣਾਂ ਨੇ ਲੋਕਾਂ ਨੂੰ ਇਹ ਸਮਝਾਇਆ ਪਈ ਮਾਘ ਵਿਚ ਸਾਰਾ ਮਹੀਨਾ ਜਿਹੜਾ ਨਹਾਉਂਦਾ ਰਹੇ, ਉਹਦੇ ਪਾਪ ਧੋਤੇ ਗਏ। ਜੰਮਣ ਮਰਨ ਮੁੱਕ ਗਿਆ ਤੇ ਤੀਹ ਦਿਨ ਈ ਏ ਨਾ, ਆਦਮੀ ਔਖੇ-ਸੌਖੇ ਹੋ ਕੇ ਗੁਜ਼ਾਰਾ ਕਰ ਈ ਲੈਂਦਾ ਹੈ। ਭੂਟੋ ਵਿਚਾਰੇ ਨੂੰ ਕਈ ਮਹੀਨੇ ਹੋ ਗਏ ਨੇ ਕੈਦਖਾਨੇ ਵਿਚ ਪਏ ਨੂੰ, ਕਰਦਾ ਈ ਏ ਨਾ ਗੁਜ਼ਾਰਾ ਤੇ ਤੀਹ ਦਿਨਾਂ ਦੇ ਗੁਜ਼ਰਦਿਆਂ-ਗੁਜ਼ਰਦਿਆਂ ਕਿਹੜਾ ਚਿਰ ਲਗਦਾ। ਭਾਵੇਂ ਕਿੰਨਾ ਪਾਣੀ ਠੰਡਾ ਹੋਵੇ, ਨਹਾ ਸਕਦਾ ਆਦਮੀ ਪਰ ਗੁਰਮਤਿ ਨੇ ਇਹ ਗੱਲ ਨਹੀਂ ਮੰਨੀ ਤੇ ਮਾਘ ਦੇ ਮਹੀਨੇ ਵਿਚ ਇਸ਼ਨਾਨ ਕਰੀਏ ਤੇ ਪਾਪ ਧੋਤੇ ਜਾਂਦੇ ਨੇ, ਮਨ ਸ਼ੁਧ ਹੋ ਜਾਂਦਾ, ਬੁੱਧੀ ਨਿਰਮਲ ਹੋ ਜਾਂਦੀ ਏ। ਰੱਬ ਦਾ ਮਿਲਾਪ ਹੋ ਜਾਂਦਾ ਤੇ ਗੁਰਮਤਿ ਨੇ ਨਹੀਂ ਮੰਨਿਆ, ਸਗੋਂ ਗੁਰਮਤਿ ਨੇ ਇਹਦੇ ਉਲਟ ਬੜੇ ਪ੍ਰਮਾਣ ਦਿੱਤੇ ਨੇ 'ਜਲ ਕੈ ਮਜਨਿ' ਕਈਆਂ ਸੱਜਣਾਂ ਦੀ ਜ਼ਬਾਨ 'ਤੇ ਚੜ੍ਹ ਗਿਆ ਹੋਇਆ, ਉਹ ਮਜਨਿ ਨੂੰ ਮੰਜਨ ਹੀ ਕਹਿੰਦੇ ਨੇ ਤੇ ਮੰਜਨ ਮਾਇਨੇ ਹੁੰਦੀ ਏ ਕੋਈ ਦੰਦਾਂ ਤੇ ਮਲਣ ਵਾਲੀ ਚੀਜ਼ ਤੇ ਮਜਨਿ ਮਾਇਨੇ ਇਸ਼ਨਾਨ। ਸਾਹਿਬ ਕਹਿੰਦੇ ਨੇ, ਪਿਆਰੇ ਪਾਣੀ ਨਾਲ ਕਾਇਆਂ ਧੋਤਿਆਂ, ਜੇ ਤੂੰ ਆਖੇਂ ਪਾਪ ਉੱਤਰ ਜਾਂਦੇ ਨੇ ਤੇਰੇ:-

*ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥* *(ਪੰਨਾ ੪੮੪)*

ਡੱਡੂ ਸਾਰੀ ਜ਼ਿੰਦਗੀ ਪਾਣੀ ਵਿਚ ਹੀ ਰਹਿੰਦਾ ਹੈ। ਫਿਰ ਤੇ ਉਹ ਬੜੀ ਵੱਡੀ ਗਤੀ ਦਾ

ਮਾਲਕ ਹੋਣਾ ਚਾਹੀਦਾ। ਮਾਘ ਦੇ ਮਹੀਨੇ ਸਾਹਿਬਾਂ ਨੇ ਜਿਹੜਾ ਉਪਦੇਸ਼ ਕੀਤਾ, ਉਹ ਇਹ ਹੈ:

*'ਮਾਘਿ ਮਜਨੁ ਸੰਗਿ ਸਾਧੂਆ'*

ਮਾਘ ਦੇ ਮਹੀਨੇ ਦਾ ਸਹੀ ਇਸ਼ਨਾਨ, ਸੱਚਾ ਇਸ਼ਨਾਨ ਇਹ ਏ ਪਈ ਸਾਧ ਸੰਗਤ ਕਰ, ਸਾਧ ਸੰਗਤ ਵਿਚ ਜਾਹ।

*ਧੂੜੀ ਕਰਿ ਇਸਨਾਨੁ॥*

ਤੇ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕਰ, ਸਾਧ ਸੰਗਤਾਂ ਦੇ ਚਰਨਾਂ ਦੀ ਧੂੜ ਵਿਚ ਨਹਾ, ਮੱਥੇ ਉਤੇ ਲਾ, ਨੇਤਰਾਂ ਉਤੇ ਲਾ, ਤੇਰਾ ਭਲਾ ਹੋਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪੈਂਦਾ ਜਦੋਂ, ਉਦੋਂ ਤੇ ਆਈ ਜਾਂਦੇ ਨੇ ਨਾ ਆਦਮੀ ਕਿਸੇ ਨਾ ਕਿਸੇ ਤਰ੍ਹਾਂ, ਕਈ ਵੇਰਾਂ ਸੁਣਿਆ ਹੋਵੇਗਾ ਕਿ 'ਧਨੀ ਵਿਹੂਣਾ' ਜੇ ਪੰਜਾਬ ਦੇ ਖਿੱਤੇ ਵਿਚ ਰਹਿ ਕੇ ਧਨੀ ਦੇ ਅਰਥ ਕਰਨੇ ਹੋਣ ਤੇ ਉਹਦਾ ਅਰਥ ਪਈ ਮਾਲਦਾਰ ਆਦਮੀ, ਕੋਈ ਪਾਈ ਪੈਸੇ ਵਾਲਾ ਆਦਮੀ, ਪਰ ਏਥੇ ਇਹਦਾ ਅਰਥ ਏ, ਪਾਈ ਪੈਸੇ ਮਾਲਦਾਰ ਪੂੰਜੀਪਤੀ ਨਹੀਂ। ਇਹਦਾ ਅਰਥ ਉਦੋਂ ਪਤਾ ਲੱਗੇਗਾ, ਜਦੋਂ ਅਸੀਂ ਗੁਜਰਾਤ 'ਚ ਚਲੇ ਜਾਵਾਂਗੇ। ਤੁਸੀਂ ਬੜੋਦੇ ਚਲੇ ਜਾਓ, ਇਕ ਜ਼ਨਾਨੀ ਕਿਸੇ ਦੂਸਰੇ ਮਰਦ ਨਾਲ ਲੜਦੀ ਹੋਵੇ ਤੇ ਜਿਸ ਮਰਦ ਨਾਲ ਕੁੜੀ, ਜ਼ਨਾਨੀ ਕੋਈ ਲੜ ਰਹੀ ਏ, ਉਸ ਮਰਦ ਦੀ ਆਪਣੀ ਜ਼ਨਾਨੀ ਆ ਕੇ ਲੜਨ ਵਾਲੀ ਨੂੰ ਪੁਛਦੀ ਏ।

*'ਸੁ ਮਾਤੇ ਧਨੀ ਸੇ ਲੜੋ'*<br>
***ਸੁ ਮਾਇਨੇ ਕਿਸ, ਮਾਤੇ ਮਾਇਨੇ ਵਾਸਤੇ, ਸੇ ਮਾਇਨੇ ਨਾਲ, ਧਨੀ ਮਾਇਨੇ ਪਤੀ।***

ਕਿਸ ਵਾਸਤੇ ਮੇਰੇ ਨਾਲ ਲੜਨੀ ਐਂ ਤੇ ਧਨੀ ਮਾਇਨੇ ਹੈ ਪਤੀ। ਪਤੀ ਤੋਂ ਮੁਰਾਦ ਹੈ "ਸਤਿਨਾਮ ਵਾਹਿਗੁਰੂ"।

ਪੰਜਵਾਂ ਬਾਪੂ ਕਹਿੰਦਾ, "ਧਨੀ ਵਿਹੂਣਾ" ਰੱਬ ਤੋਂ ਖਾਲੀ, ਰੱਬ ਤੋਂ ਸੱਖਣਾ, ਰੱਬ ਅੰਦਰ ਹੈਨੀ, "ਪਾਪ ਪਟੰਬਰ" ਤੇ ਜਿਹੜੇ ਪਟੰਬਰ ਮਾਇਨੇ ਕਪੜੇ ਨੇ, ਉਹ ਪਾਟ ਮਾਇਨੇ ਪਟ ਦੇ ਕਪੜੇ ਰੇਸ਼ਮ ਦੇ ਪਾਈ ਫਿਰਦਾ, ਸੂਟ ਸੁਨੀਲ ਦਾ ਪਾਈ ਫਿਰਦਾ, ਗਵਾਡੀਨ ਦਾ ਪਾਈ ਫਿਰਦਾ। ਰੱਬ ਅੰਦਰ ਕੋਈ ਨਹੀਂ, ਨਿਰੰਕਾਰ ਚੇਤੇ ਕੋਈ ਨਹੀਂ। ਸੂਟ ਕੀਮਤੀ ਪਾਈ ਫਿਰਦਾ ਤੇ ਸਾਹਿਬ ਦਾ ਹੁਕਮ ਏ, ਮੇਰੇ ਨਾਲ ਤੇ ਨਰਾਜ਼ ਹੋਇਓਂ ਨਾ। ਮਹਾਰਾਜ ਕਹਿੰਦੇ ਨੇ, ਜਿਹੜਾ ਰੱਬ ਨੂੰ ਭੁਲਾ ਕੇ ਦੋ ਢਾਈ ਹਜ਼ਾਰ ਦਾ ਸੂਟ ਪਾਈ ਫਿਰਦਾ, ਮੇਰਾ ਵਾਹਿਗੁਰੂ ਕ੍ਰਿਪਾ ਕਰੇ, ਉਸ ਨੂੰ ਅੱਗ ਲੱਗ ਜਾਏ ਤੇ ਉਹ ਸੂਟ ਸੜ ਜਾਏ:-

***"ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥"***

Sri Satguru Jagjit Singh Ji Elibrary NamdhariElibrary@gmail.com

ਭਾਹੀ ਮਾਇਨੇ ਅੱਗ। ਸੇਤੀ ਮਾਇਨੇ ਨਾਲ। ਉਹ ਸੂਟ ਰੱਬ ਕਰੇ ਤੇਰਾ ਅੱਗ ਨਾਲ ਸੜ ਜਾਏ, ਪਰ 'ਧੂੜੀ ਵਿਚਿ'। ਸਾਡੀ ਜ਼ਬਾਨ 'ਤੇ ਪਾਠ ਚੜ੍ਹ ਗਿਆ ਹੋਇਆ 'ੜ' ਨਾਲ 'ਲੁੜੰਦੜੀ' ਪਾਠ ਹੈ, 'ਡ' ਨਾਲ 'ਲੁਡੰਦੜੀ'।

*ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥*

ਤੈ ਮਾਇਨੇ ਤੂੰ, ਸੋ ਮਾਇਨੇ ਪਤੀ, ਨਾਲੇ ਮਾਇਨੇ ਅੰਦਰ। ਐ ਮਾਲਕ, ਐ ਸਿਰਜਨਹਾਰ ! ਜੇ ਤੂੰ ਮੇਰੇ ਅੰਦਰ ਵੱਸਦਾ ਹੋਵੇਂ, ਮੈਂ ਭਾਵੇਂ ਖਾਕ ਵਿਚ ਲਿਬੜਿਆ ਹੋਵਾਂ, ਭਾਵੇਂ ਮਿੱਟੀ ਵਿਚ ਲੱਥ-ਪੱਥ ਹੋਇਆ ਹੋਵਾਂ। ਮੈਂ ਫਿਰ ਵੀ ਸੋਭਾ ਹੀ ਪਾਵਾਂਗਾ, ਕਿਉਂਕਿ ਤੂੰ ਸੋਭਾ ਦਾ ਮਾਲਕ ਜੋ ਅੰਦਰ ਵੱਸਦੈਂ। ਜਿੰਨੇ ਗੁਰੂ ਕੇ ਸਿੱਖ ਬੈਠੇ ਬਈ ਸੱਚਾ ਇਸ਼ਨਾਨ ਕਰਨ ਵਾਸਤੇ, ਮੈਂ ਦੋ ਵਾਰਾਂ ਆਖ ਲਵਾਂ ਤੇ ਸਾਰੇ ਜਾਣੇ ਆਖਿਓ:-

*ਧਾਰਨਾ :* ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁੜੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁੜੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।

ਉਹ ਜਿਹੜੀ ਗੱਲ ਜ਼ਬਾਨ 'ਤੇ ਚੜ੍ਹ ਜਾਏ ਛੇਤੀ ਨਾਲ ਉਤਰਦੀ ਨਹੀਂ ਨਾ। ਮੇਰੇ ਆਖਣ ਦੇ ਬਾਵਜੂਦ ਵੀ ਤੇ 'ਲੁਡੰਦੜੀ' ਪੜ੍ਹ ਗਏ ਨਾ। ਅਸੀਂ ਉਹ ਜ਼ਬਾਨ ਉਥੋ ਖਮ ਨਹੀਂ ਖਾਂਦੀ, ਲੁਡੰਦੜੀ, ਲੁੜੰਦੜੀ, ਲੁਡੰਦੜੀ ਕਠਿਨ ਹੋ ਜਾਂਦਾ, ਕਿਉਂਕਿ ਉਹ ਜ਼ਬਾਨ ਤੇ ਚੜ੍ਹ ਗਿਆ ਹੋਇਆ ਬਚਨ। ਖੈਰ ਇਹਦੇ ਵਾਸਤੇ ਤੁਹਾਡਾ ਸਮਾਂ ਨਹੀਂ ਮੈਂ ਜ਼ਾਇਆ ਕਰਨਾ ਚਾਹੁੰਦਾ। ਮੈਂ ਤੇ ਕਹਿਣਾ ਇਹ ਚਾਹੁੰਦਾ ਹਾਂ:-

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥ ੧॥*
*ਠਾਕੁਰੁ ਗਾਈਐ ਆਤਮ ਰੰਗਿ॥*
*ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ॥ ੧॥ ਰਹਾਉ॥*
*ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥*
*ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ॥ ੨॥ ੪॥* *(ਪੰਨਾ ੬੭੯)*

ਧਾਰਨਾ: ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।

Sri Satguru Jagjit Singh Ji Elibrary NamdhariElibrary@gmail.com

*ਧੂੜੀ ਵਿਚਿ ਲੁਡੰਦੜੀ ਸੋਹਾਂ ਜਿਨ ਕੇ ਚੋਲੇ ਰਤੜੇ ਪਿਆਰੇ*
*ਕੰਤੁ ਤਿਨਾ ਕੈ ਪਾਸਿ॥*
*ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ...॥*

ਇਥੇ 'ਜੀ' ਤੇ 'ਕਹੁ' ਏਹ ਦੋ ਪਾਠ ਵੱਖਰੇ-ਵੱਖਰੇ ਨਹੀਂ, ਕੱਠਾ ਪਾਠ ਹੈ ਜੀ ਕਹੁ ਜੀ ਨੂੰ ਮਨੁੱਖ ਨੂੰ:-

*ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥*
*ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥ ੩॥* *(ਪੰਨਾ ੨੨੨)*

*ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥*
*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥ ੩॥*
*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥*
*ਨਾਨਕ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥ ੪॥ ੩॥* *(ਪੰਨਾ ੨੦੫)*

*ਧਾਰਨਾ:* ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।

*ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥........*
*ਧੂੜੀ ਮਜਨੁ ਸਾਧ ਖੇ ਸਾਧ ਕੀ ਧੂਰਿ ਕਰਹੁ ਇਸਨਾਨੁ॥*
*ਸਾਧ ਊਪਰਿ ਜਾਈਐ ਕੁਰਬਾਨੁ॥*
*ਧੂੜੀ ਮਜਨੁ ਸਾਧ ਖੇ...........*
*ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥*
*ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥*
*ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥*
*ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ॥* *(ਪੰਨਾ ੪੬੮)*

*ਧਾਰਨਾ:* ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।
ਵਿਚ ਮੈਂ ਲੁਡੰਦੜੀ ਸੋਹਾਂ, ਧੂੜੀ ਵਿਚ ਮੈਂ ਲੁਡੰਦੜੀ ਸੋਹਾਂ।

ਆਹ ! ਆਹ ! ਆਹ ! ਆਹ !

Sri Satguru Jagjit Singh Ji Elibrary NamdhariElibrary@gmail.com

*"ਬਰਾਏ ਰੌਸ਼ਨੀ–ਏ ਚਸ਼ਮੇ ਦਿਲ ਅਗਰ ਖ਼ਾਹੀ"*

ਦੀਵਾਨ ਸਾਹਿਬ ਕਹਿੰਦੇ ਨੇ, ਐ ਗੁਰੂ ਕੇ ਸਿੱਖਾ ! ਜੇ ਤੇਰੀ ਖ਼ਾਹਸ਼ ਐ, ਜੇ ਤੂੰ ਚਾਹੁੰਦਾ ਪਈ ਮੇਰੇ ਦਿਲ ਦੀ ਅੱਖ ਵਿਚ ਚਾਨਣਾ ਹੋ ਜਾਏ ਤਾਂ:-

*"ਬਰਾਏ ਰੌਸ਼ਨੀ–ਏ ਚਸ਼ਮੇ ਦਿਲ ਅਗਰ ਖ਼ਾਹੀ"*

ਜੇ ਤੂੰ ਲੋੜਨਾ, ਜੇ ਤੂੰ ਚਾਹੁਣਾ, ਜੇ ਤੇਰੀ ਖ਼ਾਹਸ਼ ਹੈ ਕਿ ਮੇਰੇ ਦਿਲ ਦੀ ਅੱਖ ਵਿਚ ਚਾਨਣਾ ਹੋ ਜਾਏ ਤਾਂ:-

*"ਦਰ ਦਰਾ ਜੁ ਹੇਤ ਪੀਵੀਂ ਅੰਮ੍ਰਿਤ"*

ਜਿਹੜੀ ਗੁਰੂ ਨਾਨਕ ਦੇ ਦਰ ਦੇ ਚਰਨਾਂ ਦੀ ਧੂੜ ਹੈ ਨਾ, ਇਸ ਧੂੜ ਵਰਗਾ ਦੁਨੀਆਂ 'ਤੇ ਹੋਰ ਕੋਈ ਮਸੀਹਾ ਨਹੀਂ, ਇਸ ਧੂੜੀ ਵਰਗਾ ਦੁਨੀਆਂ ਤੇ ਕੋਈ ਸੁਰਮਾ ਨਹੀਂ, ਤੇ ਜੇ ਦਿਲ ਦੀ ਅੱਖ ਰੌਸ਼ਨ ਕਰਨੀ ਚਾਹੁੰਦਾ ਏਂ ਤੇ ਬਾਬੇ ਨਾਨਕ ਦੀ ਧੂੜ ਮੱਥੇ 'ਤੇ ਲਾ, ਐਸਾ ਜ਼ਬਰਦਸਤ ਅਸਰ ਕਰਦੀ ਏ ਪਈ ਲਾਇਆ ਸੁਰਮਾਂ ਮੱਥੇ 'ਤੇ ਤੇ ਚਾਨਣਾ ਹੋ ਗਿਆ ਦਿਲ ਵਿਚ ਔਰ ਜੁ ਅਸਰ ਬੜੀ ਤੇਜ਼ੀ ਨਾਲ। ਸਾਹਿਬ ਕਹਿੰਦੇ ਨੇ:-

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ...*

ਮਾਘ ਦੇ ਮਹੀਨੇ ਦਾ ਉਪਦੇਸ਼ ਹੈ ਪਈ ਮਾਘ ਦਾ ਮਹੀਨਾ ਕਿੱਦਾਂ ਸਫਲ ਹੋਵੇ ? ਧਿਆਉਣਾ ਹੁੰਦਾ ਸੁਰਤੀ ਨਾਲ, ਜਪਣਾ ਹੁੰਦਾ ਰਸਨਾ ਨਾਲ, ਫਰਕ ਹੈ। ਜਿਹੜਾ ਸਵੇਰੇ ਜਪ ਸਾਹਿਬ ਦਾ ਪਾਠ ਕਰਨੇ ਆਂ, ਇਹ ਜਾਪ ਹੈ। ਕਈਆਂ ਸੱਜਣਾਂ ਨੇ ਨੇਮ ਬਣਾਇਆ ਹੁੰਦਾ ਹੈ, ਪੰਜ ਪੱਤਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਪ੍ਰਸ਼ਾਦ ਪਾਣੀ ਛਕਣਾ, ਇਹ ਜਾਪ ਹੈ ਤੇ ਸੁਰਤ ਸ਼ਬਦ ਨਾਲ ਜੋੜ ਕੇ ਕਮਰ ਦੀ ਹੱਡੀ ਸਿੱਧੀ ਕਰਕੇ ਆਪਣੇ ਪਿਆਰੇ ਪ੍ਰੀਤਮ ਦਾ ਧਿਆਨ ਧਰ ਕੇ ਬੈਠੇ ਰਹਿਣਾ ਤੇ ਸ਼ਬਦ ਦੀ ਰਾਹੀਂ ਅਭਿਆਸ ਹੁੰਦਾ ਰਹਿਣਾ, ਇਹ ਧਿਆਉਣਾ ਹੈ। ਜਾਪ ਵੱਲ ਤੇ ਕਈਆਂ ਸਿੱਖਾਂ ਦਾ ਧਿਆਨ ਹੈ, ਗੁਰੂ ਦੀ ਕ੍ਰਿਪਾ ਨਾਲ ਪਰ ਧਿਆਉਣ ਵੱਲ ਧਿਆਨ ਬੜੇ ਘੱਟ ਲੋਕਾਂ ਦਾ:-

*"ਹਰਿ ਕਾ ਨਾਮੁ ਧਿਆਇ...॥"*

ਮਾਘ ਦਾ ਮਹੀਨਾ ਤਾਂ ਸਫਲਾ ਹੋਵੇਗਾ, ਮਨ ਕਰਕੇ ਹਰੀ ਪ੍ਰਮਾਤਮਾ ਦਾ ਨਾਮ ਆਰਾਧੋ, ਮਨ ਕਰਕੇ ਹਰੀ ਪ੍ਰਮਾਤਮਾ ਨੂੰ ਧਿਆਓ। ਮਨ ਦੀ ਲਿਵ ਨਾਮ ਨਾਲ ਜੋੜੋ।

*"ਹਰਿ ਕਾ ਨਾਮ ਧਿਆਇ ਸੁਣਿ"*

ਤੇ ਫਿਰ ਗੁਰਦੁਆਰੇ ਆ ਕੇ ਕੰਨਾਂ ਨਾਲ ਕੀਰਤਨ ਸੁਣ। ਇਹ ਗੁਰਮਤਿ ਹੈ, ਜਿਹੜੀ

Sri Satguru Jagjit Singh Ji Elibrary NamdhariElibrary@gmail.com

ਅਸੀਂ ਨਹੀਂ ਕਰਦੇ ਤੇ ਕਰਨੀ ਹੀ ਬੜੀ ਜ਼ਰੂਰੀ ਹੈ। ਕੰਨਾਂ ਦੇ ਨਾਲ ਆ ਕੇ ਕੀਰਤਨ ਸੁਣ, ਕਥਾ ਸੁਣ, ਇਕ ਮਿੰਟ ਤੁਹਾਡਾ ਜ਼ਾਇਆ ਜ਼ਰੂਰ ਹੋਵੇਗਾ, ਪਰ ਧਿਆਨ ਦਿਉ :-

ਸਿੱਖ ਪੜ੍ਹਦਾ ਸੀ ਸਵੇਰੇ ਬਾਣੀ, ਇਹ ਦਸਵੇਂ ਪਾਤਸ਼ਾਹ ਦੇ ਵੇਲੇ ਦਾ ਵਾਕਿਆ ਏ। ਉਹਦਾ ਕਿਤੇ ਮਨ ਜੁੜ ਗਿਆ, ਸਿੱਖ ਦਾ। ਉਹਨੂੰ ਸਵਾਦ ਆ ਗਿਆ ਬਾਣੀ ਦਾ ਤੇ ਤਦੇ ਖਬਰ ਜੇ ਰਾਗੀਆਂ ਸਿੰਘਾਂ ਨੇ ਆ ਸਾਜ ਖੋਲ੍ਹੇ। ਪਈ ਆਸਾ ਦੀ ਵਾਰ ਦੇ ਕੀਰਤਨ ਦਾ ਵੇਲਾ ਹੋ ਗਿਆ। ਸਿੱਖ ਨੇ ਹੱਥ ਜੋੜੇ ਪਈ ਸੱਜਣਾ ਮੇਰਾ ਮਨ ਗਿਆ ਟਿਕ, ਮੈਨੂੰ ਆ ਰਿਹਾ ਬਾਣੀ ਦਾ ਸੁਆਦ ਤੇ ਅੱਜ ਆਸਾ ਦੀ ਵਾਰ ਨਾ ਲਾਓ ਤਾਂ ਕੀ ਆ, ਮੇਰੇ ਰਸ ਵਿਚ ਬੇਰਸੀ ਨਾ ਕਰੋ। ਮੈਨੂੰ ਅਨੰਦ ਲੁੱਟ ਲੈਣ ਦਿਓ, ਰਾਗੀਆਂ ਸਿੰਘਾਂ ਨੇ ਜਵਾਬ ਦਿੱਤਾ, ਪਈ ਪਿਆਰਿਆ ! ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮ ਹੈ ਕੀਰਤਨ ਜ਼ਰੂਰ ਹੋਵੇਗਾ। ਤੇਰਾ ਰਸ ਰਹੇ ਜਾਂ ਨਾ ਰਹੇ। ਕੀਰਤਨ ਹੋਇਆ, ਅਰਦਾਸ ਹੋਈ, ਕਥਾ ਹੋਈ, ਸਭ ਕੁਝ ਹੋਇਆ ਤੇ ਉਹ ਨਿਤਨੇਮ ਕਰਨ ਵਾਲੇ ਸਿੱਖ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਇਹ ਸ਼ਿਕਾਇਤ ਕੀਤੀ, ਮਹਾਰਾਜ ! ਮੇਰਾ ਜੁੜਿਆ ਹੋਇਆ ਸੀ ਮਨ, ਬਾਣੀ ਦਾ ਪਾਠ ਕਰਦਿਆਂ ਮੈਨੂੰ ਆ ਰਿਹਾ ਸੀ ਸੁਆਦ, ਤੇ ਮੈਂ ਮਿੰਨਤ ਵੀ ਕੀਤੀ, ਪਰ ਇਹ ਰਾਗੀ ਸਿੰਘ ਨਹੀਂ ਮੰਨੇ, ਇਹਨਾਂ ਆਪਣੇ ਸਾਜ-ਵਾਜ ਵਜਾਏ। ਮੇਰਾ ਰਸ ਕੁ-ਰਸ ਹੋ ਗਿਆ, ਕੀ ਇਹਨਾਂ ਰਾਗੀਆਂ ਸਿੰਘਾਂ ਨੇ ਮਨਮਤ ਨਹੀਂ ਕੀਤੀ ? ਦੇਖੋ ਕਿੰਨਾ ਨਿੱਗਰ ਸਵਾਲ ਆ ! ਪਈ ਇਹਨਾਂ ਰਾਗੀਆਂ ਨੇ ਕਿਤੇ ਮਨਮਤ ਤੇ ਨਹੀਂ ਕੀਤੀ ? ਤੇ ਜਿਹੜਾ ਬਚਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਿਹਾ ਸੀ, ਉਹ ਭਾਈ ਸੰਤੋਖ ਸਿੰਘ ਸਾਹਿਬ ਜੀ ਨੇ ਸੂਰਜ ਪ੍ਰਕਾਸ਼ ਵਿਚ ਲਿਖਿਆ, ਗੁਰਦੇਵ ਕਹਿਣ ਲੱਗੇ, ਯਥਾ :

*'ਕੂਪ ਕੀ ਖੇਤੀ ਹੋਏ'*

ਜਿਤਨਾ ਕੋਈ ਆਦਮੀ ਆਪਣੇ ਕਿੱਲੇ ਕਣਕ ਦੇ ਆਪਣੇ ਖੂਹ 'ਤੇ ਬੀਜ ਲਏ। ਪਾਣੀ ਨਾਲ ਚੰਗੀ ਤਰ੍ਹਾਂ ਗਹਿਗਚ ਕਰ ਲਏ, ਯਥਾ "ਕੂਪ ਕੀ ਖੇਤੀ ਹੋਏ ਸੀਚਤ ਨੀਰ ਹਰੀ ਘਰ ਸੋਏ।" ਉਹਨੇ ਆਪਣੇ ਦੋ ਕਿੱਲੇ ਹਰੇ-ਭਰੇ ਕਰ ਲਏ। ਸਿੰਜ ਲਏ ਪਰ ਆਪਣੇ ਕੀਤੇ ਏ ਨਾ, ਨਾਲ ਲਗਦੇ ਤੇ ਸੁਕਦੇ ਜਾਂਦੇ ਏ ਨਾ, ਨਾਲ ਲਗਦਿਆਂ ਦਾ ਤਾਂ ਵਿਚਾਰਿਆਂ ਦਾ ਬੇੜਾ ਡੋਲ ਰਿਹਾ ਏ ਨਾ, ਨਾ ਉਹ ਤੇ ਸੋਚ ਰਹੇ ਨੇ ਪਈ ਕਿੱਦਾਂ ਸਾਲ ਲੰਘਣਾ ? ਇਹ ਜਿਹੜੀ ਤੂੰ ਬਾਣੀ ਪੜ੍ਹਦਾ ਸਾਂ ਨਾ, ਇਹ ਸੀ ਖੂਹ ਦੀ ਖੇਤੀ। ਸੁਆਦ ਜ਼ਰੂਰ ਆਉਂਦਾ ਸੀ ਪਰ ਤੇਰੇ ਮਨ ਨੂੰ ਕਣਕ ਜ਼ਰੂਰ ਪੁੰਗਰਦੀ ਸੀ, ਪਰ ਤੇਰੀ ਆਪਣੀ ਹੀ, ਤੇ 'ਕੀਰਤਨ ਆਹੇ ਮੇਘ ਕੀ ਵਰਖਾ'

ਜਿਹੜਾ ਕੀਰਤਨ ਏ ਨਾ, ਇਹ ਹੈ ਅਸਮਾਨ ਦੇ ਮੀਂਹ ਦਾ ਵਰ੍ਹ ਜਾਣਾ। ਇਹ ਹੈ ਅਸਮਾਨ ਦੇ ਮੀਂਹ ਦੀ ਵਰਖਾ, ਜੇ ਕਿਤੇ ਪੰਦਰਾਂ ਮਿੰਟ ਮੀਂਹ ਟਿਕ ਕੇ ਵਰ੍ਹ ਗਿਆ, ਚਾਰ-ਕੁ ਏਧਰ ਧਰਤੀ ਨਿਹਾਲ, ਚਾਰ-ਕੁ-ਏਧਰ, ਚਾਰ ਏਧਰ, ਚਾਰ ਇਧਰ, ਨਿਹਾਲ ਹੋ ਗਈ ਧਰਤੀ :-

*"ਕੀਰਤਨ ਆਹੇ ਮੇਘ ਕੀ ਵਰਖਾ"*

ਜਿਹੜਾ ਕੀਰਤਨ ਆ ਆਸਾ ਦੀ ਵਾਰ ਦਾ, ਇਹ ਅਸਮਾਨ ਦਾ ਮੀਂਹ ਆ, ਦੋ ਕੁ ਬੰਦੇ ਬੈਠੇ ਨੇ ਸੁਣ ਗਏ, ਦੋ ਸੌ ਬੈਠਾ ਸੁਣ ਗਿਆ, ਦੋ ਹਜ਼ਾਰ ਬੈਠਾ ਸੁਣ ਗਿਆ। ਸਭ ਦੀਆਂ ਖੇਤੀਆਂ ਹਰੀਆਂ-ਭਰੀਆਂ ਹੋ ਗਈਆਂ ਤੇ ਤੂੰ ਜਿਹੜਾ ਨਿਤਨੇਮ ਕਰਦਾ ਸੈਂ। ਇਹ ਤੇਰੀ ਆਪਣੀ ਖੇਤੀ ਹਰੀ ਹੁੰਦੀ ਸੀ। ਬਾਕੀ ਦਿਆਂ ਦੀ ਸੁੱਕਦੀ ਜਾਂਦੀ ਸੀ। ਹੁਣ ਐਨਿਆਂ ਦੀ ਖੇਤੀ ਹਰੀ ਕਰਨ ਵਾਸਤੇ ਤੇਰੀ ਖੇਤੀ ਬਦਲੇ ਕੀਰਤਨ ਕਿਵੇਂ ਬੰਦ ਹੋਵੇ ?

*"ਕੀਰਤਨ ਆਹੇ ਮੇਘ ਕੀ ਵਰਖਾ। ਤੇ ਬਰਕਤ ਹੋਏ ਸਭ ਜੀਵਨ ਹਰਖਾ।"*

ਜਿਸ ਵੇਲੇ ਅਸਮਾਨੀ ਮੀਂਹ ਵਰ੍ਹਦਾ ਉਦੋਂ ਨਿਰਾ-ਪੁਰਾ ਜੱਟ ਨੂੰ ਚਾਅ ਈ ਨਹੀਂ ਚੜ੍ਹਦਾ, ਆੜ੍ਹਤੀਆਂ ਨੂੰ ਵੀ ਬੜੇ ਚਾਅ ਚੜ੍ਹਦੇ ਨੇ ਪਈ ਬੋਰੀਆਂ ਦੀਆਂ ਧਾਕਾਂ ਲੱਗ ਜਾਣਗੀਆਂ ਤੇ ਜਿਨ੍ਹਾਂ ਆੜ੍ਹਤੀਆਂ ਕੋਲੋਂ ਲਿਆ ਕੇ ਪ੍ਰਚੂਨ ਵੇਚਣਾ ਹੁੰਦਾ, ਉਹਨਾਂ ਨੂੰ ਵੀ ਚਾਅ ਚੜ੍ਹਦੇ ਨੇ ਪਈ, ਹੁਣ ਕੋਈ ਲੋੜ ਨਹੀਂ ਲਾਇਨ-ਲੂਨ ਲਾਉਣ ਦੀ। ਜਾਵਾਂਗੇ ਬੋਰੀਆਂ ਚਾਰ ਚੁੱਕ ਲਿਆਵਾਂਗੇ। ਵੇਚ ਕੇ ਰਕਮ ਦੇ ਆਵਾਂਗੇ ਤੇ ਜਿਨ੍ਹਾਂ ਵਿਚਾਰਿਆਂ ਲਾਇਨ ਵਿਚ ਲਗ ਕੇ ਡੰਗ-ਬਡੰਗੀ ਅੱਧਾ ਕਿਲੋ ਲੈ ਕੇ ਢਿੱਡ ਭਰਨਾ ਹੁੰਦਾ, ਉਹਨਾਂ ਨੂੰ ਵੀ ਚਾਅ ਚੜ੍ਹ ਜਾਣੇ ਨੇ ਪਈ ਐਤਕਾਂ ਮੀਂਹ ਵਰ੍ਹ ਪਿਆ ਬੜਾ, ਹੁਣ ਸਾਡਾ ਟਾਈਮ ਜ਼ਾਇਆ ਨਹੀਂ ਹੋਵੇਗਾ, ਮੀਂਹ ਵਰ੍ਹਨ ਦੇ ਨਾਲ ਤਮਾਮ ਜੀਵਾਂ ਨੂੰ ਖੁਸੀ ਹੁੰਦੀ ਐ। ਕਹਿੰਦੇ ਨੇ:-

*"ਮੀਹੁ ਪਇਆ ਪਰਮੇਸਰਿ ਪਾਇਆ॥*
*ਜੀਅ ਜੰਤ ਸਭਿ ਸੁਖੀ ਵਸਾਇਆ॥* *(ਪੰਨਾ ੧੦੫)*

ਅਸਮਾਨੀ ਮੀਂਹ ਨਾਲ ਤਮਾਮ ਜੀਵ ਜੰਤੂ ਸੁਖੀ ਹੋ ਜਾਂਦੇ ਨੇ ਇਹ:-

*ਕੀਰਤਨ ਆਹੇ ਮੇਘ ਕੀ ਵਰਖਾ।-ਤੇ-*
*ਬਰਖਤ ਹੋਏ ਸਭ ਜੀਵਨ ਹਰਖਾ।*

ਨਾਲ ਸੁਣੋ ਮਹਾਨ ਕਥਾ ਕੋ ਫਲ ਹੈ ਤੇ ਜਿਹੜਾ ਕਥਾ ਦਾ ਫਲ ਹੈ, ਐ ਕੀਰਤਨ ਨਾਲੋਂ ਵੀ ਮਹਾਨ ਹੈ। ਐ ਕੀਰਤਨ ਨਾਲੋਂ ਵੀ ਉੱਚਾ ਹੈ, ਕਥਾ ਦਾ ਫਲ ਕੀਰਤਨ ਨਾਲੋਂ ਵੀ ਸ਼ੋਮਣੀ ਐ, ਸਿੱਖਾਂ ਵਿਚ, ਉਹ ਕਿਵੇਂ ? ਹਜ਼ੂਰ ਕਹਿਣ ਲੱਗੇ:-

*ਸੁਣੋ ਮਹਾਨ ਕਥਾ ਕੋ ਫਲ ਹੈ। ਝਰੀ ਲਾਇ ਜਿਉਂ ਬਰਖਤ ਜਲ ਹੈ।*

ਜਿਹੜਾ ਛਰਾਟੇ ਦਾ ਮੀਂਹ ਆਉਂਦਾ ਏ ਨਾ, ਜੇ ਕਿਸੇ ਨੇ ਆਪਣੀਆਂ ਵੱਟਾਂ ਪੱਕੀਆਂ ਕਰ ਲਈਆਂ, ਬੰਨੇ ਪੱਕੇ ਕਰ ਲਏ, ਪਾਣੀ ਖਲੋ ਗਿਆ। ਜਿਨ੍ਹਾਂ ਨਹੀਂ ਵੱਟਾਂ ਪੱਕੀਆਂ ਕੀਤੀਆਂ, ਪਾਣੀ ਰੁੜ੍ਹ ਗਿਆ ਤੇ ਜਿਹੜੀ ਕਥਾ ਏ ਝੜੀ ਦਾ ਮੀਂਹ:-

*ਸੁਣੋ ਮਹਾਨ ਕਥਾ ਕੇ ਫਲ ਹੈ।*
*ਝਰੀ ਲਾਏ ਜਿਉਂ ਬਰਖਤ ਜਲ ਹੈ।*
*ਥਿਮਕ ਥਿਮਕ ਜਿਉਂ ਬੂੰਦੀ ਕੇ ਪਰ ਹੈ।*
*ਤੇ ਅਵਨੀ ਆਪਣੇ ਮੈਂ ਧਰਿ ਹੈ।*

ਥਿਮਕ-ਥਿਮਕ ਮਾਇਨੇ ਯਕੋਬਾਜੀ ਠਾਰੇ ਮੁਸਲਮਾਨ, ਸਿਸਮੈਟੀਕਲੀ ਜਿਹੜੀਆਂ ਬੂੰਦਾਂ ਵਰ੍ਹਦੀਆਂ ਏ ਨਾ, ਨਿੱਕੀਆਂ, ਨਿੱਕੀਆਂ, ਨਿੱਕੀਆਂ, ਨਿੱਕੀਆਂ, ਉਹ ਧਰਤੀ ਵਿਚ ਸੰਚਰਦੀਆਂ ਜਾਂਦੀਆਂ ਨੇ, ਧਰਤੀ ਵਿਚ ਲੀਨ ਹੁੰਦੀਆਂ ਜਾਂਦੀਆਂ ਨੇ, ਧਰਤੀ ਵਿਚ ਜਰਨ ਹੁੰਦੀਆਂ ਜਾਂਦੀਆਂ ਨੇ, ਉਹ ਰੁੜ੍ਹਦੀਆਂ ਨਹੀਂ, ਕਥਾ ਜਿਹੜੀ ਐ ਇਹ ਝੜੀ ਦਾ ਮੀਂਹ ਐ। ਕੀਰਤਨ ਸੁਣਦਿਆਂ ਜਿਹੜੇ ਸਬਦ ਦੀ ਸਮਝ ਨਹੀਂ ਸੀ ਆਉਂਦੀ, ਆਈ ਉਹਦੀ ਕਥਾ ਵਿਚੋਂ, ਘੁੰਡੀ ਖੁਲ੍ਹ ਗਈ ਨਾ, ਦੇਖੋ ਆਸਾ ਦੀ ਵਾਰ ਅਸੀਂ ਰੋਜ਼ ਪੜ੍ਹਨੇ ਆਂ। ਉਥੇ ਆਉਂਦਾ ਜ਼ਿਕਰ:-

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*

ਕਈ ਸੱਜਣ ਇਹਦਾ ਅਰਥ ਕਰਦੇ ਨੇ ਪਈ ਹਉਮੈ ਵੱਡਾ ਰੋਗ ਹੈ ਤੇ ਇਹਦਾ ਦਾਰੂ ਵੀ ਇਹਦੇ ਵਿਚ ਐ। ਹੁਣ ਸੋਚਣਾ ਪਏਗਾ ਪਈ ਹਉਮੈ ਵਿਚ ਹਉਮੈ ਦਾ ਕੀ ਦਾਰੂ ਏ ? ਅੱਗ ਵਿਚ ਅੱਗ ਤੋਂ ਬਚਣ ਦਾ ਕੀ ਦਾਰੂ ਏ ? ਮੈਨੂੰ ਮੇਰੇ ਦਾਤਾ ਨੇ, ਵਿਦਿਆ ਦਾਤਾ ਨੇ ਇਹਦਾ ਅਰਥ ਪੜ੍ਹਾਇਆ ਪਈ ਇਸ ਕੇ ਅਰਥ ਹੈਂ ਹਿਰਦਾ:-

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥* *(ਪੰਨਾ ੪੬੬)*

ਇਸ ਮਾਹਿਨੇ ਹਿਰਦਾ ਅਗਲੇ ਅੱਖਰ ਪੜ੍ਹੋ ਤੇ ਐਨ ਸਾਫ ਹੋ ਜਾਏਗਾ ਪਈ:-

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥* *(ਪੰਨਾ ੪੬੬)*

ਜੇ ਵਾਹਿਗੁਰੂ ਦੀ ਕਿਰਪਾ ਹੋਵੇ, ਸਿੱਖ ਗੁਰੂ ਦਾ ਸ਼ਬਦ ਕਮਾਉਣ ਲੱਗ ਪਏ। ਸ਼ਬਦ ਦੀ ਕਮਾਈ ਕਿਥੇ ਹੋਣੀ ਐ ਹਿਰਦੇ ਵਿਚ, ਜਿਹੜੇ ਸਿੱਖ ਨੇ ਆਪਣੇ ਹਿਰਦੇ ਵਿਚ ਇਹ ਸ਼ਬਦ ਦੀ ਕਮਾਈ ਕਰ ਲਈ ਏ ਨਾ, ਉਹਦਾ ਹਉਮੈ ਦਾ ਰੋਗ ਚਲਾ ਗਿਆ, ਉਦੋਂ ਉਹਦਾ ਹਉਮੈ ਦਾ ਰੋਗ ਟੁੱਟ ਗਿਆ, ਹਉਮੈ ਦੇ ਰੋਗ ਕੋਲੋਂ ਉਹਦਾ ਬਚਾਅ ਹੋ ਗਿਆ। ਹੁਣ ਹੀ ਇਹ ਘੁੰਡੀ ਕਥਾ ਵਿਚੋਂ ਹੀ ਖੁਲ੍ਹਣੀ ਏ ਨਾ, ਕੀਰਤਨ ਵਿਚੋਂ ਨਹੀਂ। ਤੁਸੀਂ ਵੇਖੋਗੇ, ਕਈ ਵੇਰਾਂ ਬੜਾ ਝੂਮ-ਝੂਮ ਕੇ ਅਸੀਂ ਪੜ੍ਹਨੇ ਆਂ:-

*ਦੇ ਕੈ ਚਉਕਾ ਕਢੀ ਕਾਰ॥*
*ਉਪਰਿ ਆਇ ਬੈਠੇ ਕੂੜਿਆਰ॥*
*ਮਤੁ ਭਿਟੈ ਵੇ ਮਤੁ ਭਿਟੈ॥*
*ਇਹੁ ਅੰਨੁ ਅਸਾਡਾ ਫਿਟੈ॥*

*ਤਨਿ ਫਿਟੈ ਫੇੜ ਕਰੇਨਿ॥*
*ਮਨਿ ਜੂਠੈ ਚੁਲੀ ਭਰੇਨਿ॥* (ਪੰਨਾ ੪੭੨)

ਇਹ ਬਾਹਰਲੀ ਸੁੱਚ ਦਾ ਖੰਡਨ ਕਰ ਰਹੇ ਨੇ ਨਾ ਹਜ਼ੂਰ, ਤੇ ਅਖੀਰ 'ਤੇ ਜਾ ਕੇ ਆਮ ਸੱਜਣ ਪਾਠ ਕਰਦੇ ਨੇ:-

*ਕਹੁ ਨਾਨਕ ਸਚੁ ਧਿਆਈਐ॥*
*ਸੁਚਿ ਹੋਵੈ ਤਾ ਸਚੁ ਪਾਈਐ॥ ੨॥* (ਪੰਨਾ ੪੭੨)

ਤੇ ਕੋਈ ਆਦਮੀ ਤੁਹਾਡੇ ਉਤੇ ਸਵਾਲ ਨਾ ਕਰੇਗਾ ਪਈ ਤੁਹਾਡਾ ਗੁਰੂ ਕਰਦਾ ਕੀ ਐ ? ਪਹਿਲੀਆਂ ਤੁਕਾਂ ਵਿਚ ਸੁੱਚ ਦਾ ਖੰਡਨ ਤੇ ਅਖੀਰਲੀ ਤੁਕ ਵਿਚ ਕਹਿੰਦਾ:-

*ਕਹੁ ਨਾਨਕ ਸਚੁ ਧਿਆਈਐ॥*
*ਸੁਚਿ ਹੋਵੈ ਤਾ ਸਚੁ ਪਾਈਐ॥ ੨॥*

ਇਕੋ ਸਲੋਕ ਵਿਚ ਸੱਚ ਦਾ ਖੰਡਨ ਵੀ ਤੇ ਸੁੱਚ ਦਾ ਮੰਡਨ ਵੀ। ਇਹ ਕੀ ਕਰਦਾ ਰਿਹਾ ਤੁਹਾਡਾ ਗੁਰੂ ? ਇਹ ਸਵਾਲ ਕਰਨ ਦਾ ਮੌਕਾ ਕਿਉਂ ਮਿਲਿਆ ਕਿਸੇ ਆਦਮੀ ਨੂੰ ? ਮਿਲਿਆ ਜੇ ਇਸ ਵਾਸਤੇ ਪਈ ਪਾਠ ਦਾ ਵਿਸਰਾਮ ਗਲਤ ਹੋ ਗਿਆ। ਅਸੀਂ ਵਿਸਰਾਮ ਦੇ ਦਿੱਤਾ:-

*ਕਹੁ ਨਾਨਕ ਸਚੁ ਧਿਆਈਐ॥*
*ਸੁਚਿ ਹੋਵੈ ਤਾ ਸਚੁ ਪਾਈਐ॥ ੨॥*

ਅਸੀਂ ਹੋਵੇ ਉਤੇ ਬਿਸਰਾਮ ਦੇ ਦਿੱਤਾ, ਅਗਲੇ ਨੂੰ ਸਵਾਲ ਕਰਨ ਦਾ ਮੌਕਾ ਮਿਲ ਗਿਆ ਤੇ ਬਿਸਰਾਮ ਸੀ ਤਾਂ ਉਤੇ 'ਕਹੁ ਨਾਨਕ ਸਚੁ ਧਿਆਈਐ' ਸੁਚਿ ਹੋਵੇ ਤਾਂ, ਤੂੰ ਸੁੱਚਾ ਹੋਵੇਂਗਾ ਈ ਤਾਂ, ਤੂੰ ਸੁੱਚਾ ਹੋਵੇਂਗਾ ਈ ਤਦ, ਤੂੰ ਸੁੱਚਾ ਹੋਵੇਗਾ ਤਦੋਂ 'ਸਚ ਧਿਆਈਐ'।

ਜਦੋਂ ਸੱਚੇ ਨੂੰ ਸਿਮਰ ਲਏਂਗਾ, ਜੇ ਸੱਚੇ ਨੂੰ ਨਹੀਂ ਸਿਮਰਿਆ, ਵੀਹ ਵੇਰਾਂ ਪਾਣੀ ਵਿਚ ਨਹਾਉਂਦਾ ਫਿਰ, ਤੂੰ ਸੁੱਚਾ ਨਹੀਂ ਹੋ ਸਕਦਾ, ਇਹ ਹੁਣ ਘੁੰਡੀ ਕਥਾ ਵਿਚੋਂ ਈਂ ਖੁਲ੍ਹੀ ਏ ਨਾ, ਸ੍ਰੀ ਗੁਰੂ ਗ੍ਰੰਥ ਸਹਿਬ ਜੀ ਵਿਚ ਪਾਠ ਆਉਂਦਾ:-

*ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ॥* (ਪੰਨਾ ੫੩੬)

ਰਾਗੀਆਂ ਸਿੰਘਾਂ ਵਾਸਤੇ ਡੂਮਰੀ ਦਾ ਰਾਗ ਐ ਔਰ ਡੂਮਰੀ ਨੂੰ ਆਮ ਤੌਰ 'ਤੇ ਸਿਆਣੇ ਸੁਚੱਜੇ ਰਾਗੀ ਜਿਹੜੇ ਨੇ ਉਹ ਦਸ ਮਾਤਰਾ ਵਿਚ ਗਾਉਂਦੇ ਨੇ। ਅਥਵਾ ਮੈਨੂੰ ਤੇ ਸੁਰ ਸਰਗਮ ਦਾ ਗਿਆਨ ਨਹੀਂ, ਮੈਂ ਤੁਹਾਡਾ ਟਾਈਮ ਜ਼ਾਇਆ ਕਰਾਂ ?

*"ਸਭ ਦਿਨ ਕੇ ਸਮਰਥ ਪੰਥ ਬਿਠੁਲੇ"*

ਪੰਥ ਮਾਇਨੇ ਰਾਹ, ਬਿਠਲੇ ਮਾਇਨੇ ਆ, ਬਿਠੁਲ=ਬਿਠਲ ਮਾਇਨੇ ਪਿਆਰਾ।

Sri Satguru Jagjit Singh Ji Elibrary NamdhariElibrary@gmail.com

ਪਿਆਰੇ ਤੋਂ ਮੁਰਾਦ ਆ ਵਾਹਿਗੁਰੂ ਤੇ 'ਸਭ ਦਿਨ ਕੇ ਸਮਰਥ' ਜਿਹੜੇ ਆਦਮੀ ਵਾਹਿਗੁਰੂ ਦੀ ਰਾਹ ਉਤੇ ਤੁਰਨ ਵਿਚ ਸਾਰਾ ਦਿਨ ਸਮਰਥ ਹੈਂ, ਜਿਹੜੇ ਸੁਬ੍ਹਾ ਤੋਂ ਲੈ ਕੇ ਸ਼ਾਮ ਤੱਕ ਵਾਹਿਗੁਰੂ ਵਾਹਿਗੁਰੂ ਜਪ ਸਕਦੇ ਨੇ, ਜਿਹੜੇ ਸ਼ਾਮ ਤੋਂ ਲੈ ਕੇ ਸੁਬ੍ਹਾ ਤਕ ਵਾਹਿਗੁਰੂ ਵਾਹਿਗੁਰੂ ਜਪ ਸਕਦੇ ਨੇ, ਜਿਹੜੇ ਚੌਵੀਸ ਘੰਟੇ ਵਾਹਿਗੁਰੂ ਦੇ ਰਾਹ ਉਤੇ ਤੁਰਨ ਵਿਚ ਸਮਰਥ ਹੈਂ:-

*'ਸਭ ਦਿਨ ਕੇ ਸਮਰਥ ਪੰਥ ਬਿਠੁਲੇ''*

ਹਜ਼ੂਰ ਕਹਿੰਦੇ ਨੇ:-

*'ਹਉ ਬਲਿ ਬਲਿ ਜਾਉ॥'*

ਐਸੇ ਪੁਰਸਾਂ ਤੋਂ ਮੈਂ ਸਦਕੇ ਜਾਵਾਂ। ਐਸੇ ਪੁਰਸਾਂ ਤੋਂ ਮੈਂ ਕੁਰਬਾਨ ਜਾਵਾਂ।

*'ਹਉ ਬਲਿ ਬਲਿ ਜਾਉ॥'*

ਗਾਵਨ ਭਾਵਨ ਦੇਖੋ ਸਾਰੇ ਸੱਜਣ ਧਿਆਨ ਧਰਿਓ, ਗਾਵਨ ਭਾਵਨ ਹਜ਼ੂਰ ਕਹਿੰਦੇ ਨੇ, ਐ ਵਾਹਿਗੁਰੂ ! ਜਿਹੜੇ ਤੈਨੂੰ ਗਾਉਂਦੇ ਏ ਨਾ, 'ਗਾਵਨ' ਜਿਹੜੇ ਤੈਨੂੰ ਗਾਉਂਦੇ ਨੇ, 'ਭਾਵਨ' ਉਹ ਮੈਨੂੰ ਭਾਉਂਦੇ ਨੇ। ਉਹ ਮੈਨੂੰ ਚੰਗੇ ਲਗਦੇ ਨੇ, ਉਹ ਮੈਨੂੰ ਪਿਆਰੇ ਲਗਦੇ ਨੇ।

ਮੇਰੇ ਵਿਦਿਆ ਦਾਤਾ ਕਹਿਣ ਲੱਗੇ, ਬੇਟਾ ! ਇਕ ਵੇਰਾਂ ਫੇਰ ਪੜ੍ਹ। ਮੈਂ ਪੜ੍ਹ ਦਿੱਤਾ, ਪਈ ਗਾਵਨ ਭਾਵਨ ਤੇ ਕਹਿਣ ਲੱਗੇ 'ਭਾਵਨ' ਕਾ ਮਾਇਨਾ (ਅਰਥ) ਹੈ ਭਵਨ, 'ਭਵਨ' ਕਾ ਅਰਥ ਹੈ ਘਰ ਜਿਹੜੇ ਘਰ, ਜਿਹੜੇ ਮਕਾਨ, ਜਿਹੜੇ ਮੰਡਲ 'ਚ ਬਹਿ ਕੇ ਸੰਤ ਤੈਨੂੰ ਗਾਉਂਦੇ ਹੋਣ, ਉਹ ਮੰਡਲ ਸੋਹਣਾ। 'ਗਾਵਨ ਭਾਵਨ ਸੰਤਨ ਟੋਲੇ' ਮੈਂ ਪੜ੍ਹ ਦਿੱਤਾ। ਉਹਨਾਂ ਅਰਥ ਸੁਣਾ ਦਿਤਾ, ਕਹਿਣ ਲੱਗੇ, ਇਕ ਵੇਰਾ ਫੇਰ ਪੜ੍ਹ, ਮੈਂ ਫਿਰ ਪੜ੍ਹ ਦਿੱਤਾ 'ਗਾਵਨ ਭਾਵਨ' ਤੇ ਮੈਨੂੰ ਅਰਥ ਸੁਣਾਇਆ, ਕਹਿਣ ਲੱਗੇ, ਗਾਵਨ ਆਵਾਗਵਨ ਜੰਮਣਾ ਤੇ ਮਰਨਾ ਭਾਵਨ ਮਾਇਨੇ ਨਸ਼ਟ-ਭ੍ਰਸ਼ਟ, ਜਿਨ੍ਹਾਂ ਸੰਤਾਂ ਨੇ ਤੈਨੂੰ ਗਾਇਆ, ਉਹਨਾਂ ਦਾ ਜੰਮਣਾ ਮਰਨਾ ਨਸ਼ਟ-ਭ੍ਰਸ਼ਟ ਹੋ ਗਿਆ ਤੇ ਗੁਰੂ ਗ੍ਰੰਥ ਸਾਹਿਬ ਵਿਚ ਇਕ ਬਚਨ ਆਇਆ ਹੈ:-

*ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥* *(ਪੰਨਾ ੫੧੬)*

ਇਹ ਸੰਸਕ੍ਰਿਤ ਨਹੀਂ, ਉਰਦੂ ਨਹੀਂ, ਫਾਰਸੀ ਨਹੀਂ, ਮੋਹਤੀ ਪੰਜਾਬੀ ਹੈ: 'ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ' ਤੇ ਮੇਰੇ ਵਿਦਿਆ ਦਾਤਾ ਨੇ ਅਰਥ ਸੁਣਾਇਆ, ਬੇਟਾ ! ਗੁਜਰੀ ਦੀ ਗਵਾਰ ਜਾਤ ਵਿਚੋਂ ਰਾਧੇ ਨੇ ਜਨਮ ਲਿਆ ਤੇ ਰਾਧੇ ਨੇ ਗੁਜਰਾਂ ਦੀ ਗਵਾਰ ਜਾਤ ਵਿਚੋਂ ਜਨਮ ਲੈ ਕੇ ਜੇ ਕ੍ਰਿਸ਼ਨ ਪ੍ਰਾਪਤ ਕਰ ਲਿਆ, ਕ੍ਰਿਸ਼ਨ ਹਾਸਲ ਕਰ ਲਿਆ ਤੇ ਉੱਚੀ ਜਾਤ ਦਾ ਮਾਣ ਕਰਕੇ ਮੁੱਛਾਂ ਨੂੰ ਤਾਅ ਦੇਣ ਵਾਲਿਆ, ਤੈਨੂੰ ਨਾ ਰੱਬ ਮਿਲੂ ? ਅਰਥ ਸੁਣਾ ਕੇ ਹੱਸ ਪਏ। ਬੱਸ ਬਈ ਬੱਸ ਪੜ੍ਹ ਦਿੱਤਾ:-

'ਗੁਜਰੀ ਜਾਤਿ ਗਵਾਰਿ' ਤੇ ਮੈਨੂੰ ਅਰਥ ਸੁਣਾਇਆ ਹੇ ਗਵਾਰ, ਹੇ ਬੇਵਕੂਫ, ਹੇ ਨਾਲਾਇਕ, ਤੇ ਜ਼ਾਹਿਲ, 'ਗੁਜਰੀ ਜਾਤਿ' ਤੇਰੀ ਉਮਰ ਐਵੇ ਹੀ ਗੁਜ਼ਰਦੀ ਜਾਂਦੀ ਊ ਭੰਗ ਦੇ ਭਾੜੇ, ਗੁਜ਼ਰਦੀ ਜਾਂਦੀ ਊ ਨਿਕੰਮੀ, ਗੁਜ਼ਰਦੀ ਜਾਂਦੀ ਊ, ਚੰਗੀ ਕਦੋਂ ਹੋਵੇਗੀ ? 'ਜਾ ਸਹੁ ਪਾਏ ਆਪਣਾ' ਜਾਂ ਮਇਨੇ ਜਦੋਂ ਤੂੰ ਆਪਣਾ 'ਸਹੁ' ਪਤੀ ਪ੍ਰਮਾਤਮਾ ਪਾ ਲਏਂਗਾ। ਉਦੋਂ ਚੰਗੀ ਹੋ ਜਾਏਗੀ, ਨਹੀਂ ਤੇ ਗਵਾਰਾ, ਬੇਵਕੂਫਾ ਐਵੀਂ ਈ ਗੁਜ਼ਰ ਗਈ। ਮੈਨੂੰ ਕਹਿਣ ਲੱਗੇ ਕਿ ਇਕ ਵਾਰੀ ਫੇਰ ਪੜ੍ਹ, ਮੈਂ ਪੜ੍ਹ ਦਿੱਤਾ:-

*ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥* *(ਪੰਨਾ ਪ੧੬)*

ਤੇ ਮੈਨੂੰ ਅਰਥ ਸੁਣਾਇਆ, ਕਹਿਣ ਲੱਗੇ, ਬੇਟਾ ! ਜਿਨ੍ਹਾਂ-ਜਿਨ੍ਹਾਂ ਨੇ ਆਪਣਾ-ਆਪਣਾ 'ਸਹੁ' ਪਤੀ ਪ੍ਰਮਾਤਮਾ ਪਾ ਲਿਆ। 'ਗੂਜਰੀ ਜਾਤਿ ਗਵਾਰਿ' ਉਨ੍ਹਾਂ ਦੀ ਜਿਹੜੀ ਗਵਾਰਪੁਣੇ ਵਾਲੀ ਨੀਵੀਂ ਜਾਤ ਸੀ, ਉਹ ਗੁਜ਼ਰ ਗਈ, ਖਤਮ ਹੋ ਗਈ, ਮੁੱਕ ਗਈ। ਹੁਣ ਤੇ:-

*ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥*
*ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥ ੧॥............*
*ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥*
*ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥ ੨॥*
*ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥*
*ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥ ੩॥* *(ਪੰਨਾ ੭੩੩)*

*ਹਰਿ ਤਨ ਕੇ ਭਲਕ ਹਰਿ ਹਰਿ ਨਾਮ ਲੇਤ ਹੀ।*
*ਪਵਿਤ ਪਵਿਤ੍ਰ ਭਾਇ ਰਾਮ ਕਹਿਤ ਹੀ।*

'ਗੂਜਰੀ ਜਾਤਿ ਗਵਾਰਿ' ਇਹ ਹੁਣ ਕਥਾ ਵਿਚੋਂ ਈ ਘੁੰਡੀਆਂ ਖੁਲ੍ਹਣੀਆਂ ਏਂ ਨਾ। ਸੁਣੋ ਮਹਾਨ ਕਥਾ ਕੋ ਫਲ ਹੈ:-

*'ਝਰੀ ਲਾਇ ਜਿਉਂ ਬਰਖਤ ਜਲ ਹੈਂ।*
*ਬਿਮਕ ਬਿਮਕ ਜਿਉਂ ਬੂੰਦੀ ਕੇ ਨਰ ਹੈਂ।*
*ਤੇ ਅਵਨੀ ਆਪਣੇ ਮੈਂ ਧਰਿ ਹੈਂ।*

*'ਹਰਿ ਕਾ ਨਾਮੁ ਧਿਆਇ ਸੁਣਿ'*

ਪਹਿਲਾਂ ਤੇ ਮਨ ਕਰਕੇ ਹਰੀ ਪ੍ਰਮਾਤਮਾ ਦਾ ਨਾਮ ਅਰਾਧ। ਮਾਘ ਦੇ ਮਹੀਨੇ ਦੀ ਸੰਗ੍ਰਾਂਦ ਨੂੰ ਤੇ ਫਿਰ ਗੁਰਦੁਆਰੇ ਜਾ ਕੇ ਕੰਨਾਂ ਨਾਲ ਨਾਮ ਸੁਣ:-

*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥* *(ਪੰਨਾ ੧੩੫)*

ਤੇ ਫਿਰ ਜਿਹੜਾ ਨਾਮ ਧਿਆਇਆ ਈ, ਅਰਾਧਿਆ ਈ, ਗੁਰਦੁਆਰੇ ਬਹਿ ਕੇ ਸੁਣਿਆ ਈ, ਉਹਦੇ 'ਤੇ ਕਬਜ਼ਾ ਕਰਕੇ ਨਾ ਬਹਿ ਜਾਈਂ ਪਈ ਇਹ ਮੇਰਾ ਵਿਰਸਾ ਹੋ ਗਿਆ, ਮੈਂ ਇਹਦਾ ਮਾਲਕ ਬਣ ਗਿਆ। ਜਿੰਨਾ ਚਿਰ ਮੇਰੇ ਮੂੰਹ ਲਾਗੇ ਕੰਨ ਨਾ ਕਰੇਂਗਾ, ਓਨਾ ਚਿਰ ਮੈਂ ਤੇਰੇ ਕੰਨ ਵਿਚ ਮੰਤਰ ਈ ਨਹੀਂ ਪਾਉਣਾ, ਇਹਦਾ ਦਾਨ ਕਰ, ਵੰਡ ਦੇ। ਸਾਹਿਬ ਸੱਚੇ ਪਾਤਸਾਹ ਇਹ ਗੱਲ ਕਹਿੰਦੇ ਨੇ:-

*ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਵੈ॥ ੨॥* *(ਪੰਨਾ ੧੪੦)*

ਵੰਡ ਦੇ ਇਹ ਦਾਨ, ਦੇ ਦੇ ਲੋਕਾਂ ਨੂੰ ਜੇ ਕੁਝ ਪੱਲੇ ਹੈ ਤੇ ਕਰ ਦੇ ਲੋਕਾਂ ਦਾ ਭਲਾ, ਵੰਡ ਦੇ ਲੋਕਾਂ ਨੂੰ ਇਹ ਨਾਮ ਦਾ ਹੀਰਾ:-

*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*

ਜਿਹਨੂੰ ਤੁਸੀਂ ਗੁਰਬਚਨ ਸਿੰਘ ਨਿਰੰਕਾਰੀ ਆਖਦੇ ਹੋ ਨਾ, ਮੈਂ ਗਿਆ ਉਹਦੇ ਕੋਲ, ਝੂਠ ਕਿਉਂ ਬੋਲਾਂ। ਛੇ ਦਿਨ ਮੈਂ ਰਿਹਾ ਤੇ ਬੜੀ ਮੈਂ ਝੋਲੀ ਚੁੱਕੀ ਉਹਦੀ। ਮੈਂ ਕਿਹਾ, ਮਹਾਰਾਜ ! ਬੜਾ ਚਿਰ ਹੋਇਆ ਕਥਾ ਕਰਦਿਆਂ ਪਰ ਨਿਰੰਕਾਰ ਨਾ ਲੱਭਾ। ਪਾਠ ਵੀ ਗੁਰੂ ਗ੍ਰੰਥ ਸਾਹਿਬ ਦੇ ਬੜੇ ਕੀਤੇ ਨੇ ਪਰ ਨਿਰੰਕਾਰ ਨਹੀਂ ਲੱਭਾ। ਕਹਿੰਦਾ, ਮੈਂ ਡੇਢ ਮਿੰਟ ਵਿਚ ਵਿਖਾਲ ਦਿੰਦਾ ਹਾਂ ਤੇ ਮੈਂ ਆਇਆ ਈ ਏਸੇ ਹਰਕੇ ਆਂ। ਲੈ ਗਿਆ ਮੈਨੂੰ ਇਕ ਕਮਰੇ ਜਹੇ 'ਚ, ਕਹਿਣ ਲੱਗਾ, ਹੱਥ ਹੇਠਾਂ ਕਰ ਖੱਬਾ, ਮੈਂ ਕਰਤਾ। ਕਹਿੰਦਾ ਉਤੇ ਕਰ ਦੂਜਾ ਹੱਥ, ਮੈਂ ਉਤੇ ਕਰਤਾ, ਆਂਹਦਾ ਦੋਵੇਂ ਹੱਥਾਂ ਦੇ ਵਿਚਕਾਰੇ ਕੀ ਆ ? ਮੈਂ ਕਿਹਾ ਕੱਖ ਨਹੀਂ। ਬੱਸ ਇਹ ਨਿਰੰਕਾਰ ਈ ਆ। ਓ ਤੇਰਾ ਬੇੜਾ ਤਰ ਜਾਏ। ਮੈਂ ਕਿਹਾ, ਜੇ ਇਹਦਾ ਨਾਂ ਨਿਰੰਕਾਰ ਆ, ਤਾਂ ਮੈਂ ਗਾਈਆਂ, ਮੱਝੀਆਂ ਬੜੀਆਂ ਰੱਖਦਾਂ, ਇਹਦਾ ਸ਼ੌਕ ਆ ਮੈਨੂੰ। ਉਹਨਾਂ ਦੇ ਚਾਰ ਚਾਰ ਖੁਰ ਹੁੰਦੇ ਨੇ, ਹੇਠਾਂ ਉਨ੍ਹਾਂ ਦੇ ਕੱਖ ਨਹੀਂ ਹੁੰਦਾ, ਮੈਂ ਮਹੀਂ ਦੇ ਥੱਲੇ ਧਿਆਨ ਮਾਰ ਕੇ ਨਿਰੰਕਾਰ ਵੇਖ ਲੈਂਦਾ।

ਲੋਕਾਂ ਭੋਲਿਆਂ ਭਾਲਿਆਂ ਨੂੰ ਠੱਗਣਾ ਹੋਰ ਗੱਲ ਐ ਤੇ ਧੰਨ ਗੁਰੂ ਨਾਨਕ ਸੱਚੇ ਪਾਤਸ਼ਾਹ ਦਸ ਜਾਮੇ ਧਾਰ ਕੇ ਭੁਲੀ ਭਟਕੀ ਜਨਤਾ ਨੂੰ ਇਕ ਅਕਾਲ ਦੇ ਲੜ ਲਾਉਣਾ ਹੋਰ ਗੱਲ ਐ। ਸਾਹਿਬ ਤੇ ਹੋਕਾ ਦੇ ਰਹੇ ਨੇ ਅੱਜ ਦੇ ਦਿਨ:-

*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*

ਤੇ ਅਗਲੇ ਘਰ ਜਾ ਕੇ ਵੇਖਿਓ 'ਜਨਮ ਕਰਮ' ਜ-ਨ-ਮ ਇਹ ਤਿੰਨੇ ਮੁਕਤੇ ਨੇ, ਇਹਨਾਂ ਨੂੰ ਕੋਈ ਲਗ ਹੈ ਨਹੀਂ, ਨਾ ਸਿਹਾਰੀ, ਨਾ ਬਿਹਾਰੀ, ਨਾ ਔਂਕੜ, ਤੇ ਜਿਹੜਾ ਕਰਮ ਹੈ, ਸ਼ਬਦ ਕਰਮ। ਇਹਦੇ ਵੀ ਤਿੰਨੇ ਈ ਅੱਖਰ ਨੇ ਕ-ਰ-ਮ, ਲਗ ਇਹਨਾਂ ਨੂੰ ਵੀ ਕੋਈ ਨਹੀਂ, ਜੇ ਤੇ ਜਨਮ ਦੇ 'ਮ' ਨੂੰ ਹੁੰਦਾ ਔਂਕੜ ਫਿਰ ਹੋਣਾ ਸੀ ਇਕ ਜਨਮ।

ਜੇ ਕਰਮ ਦੇ 'ਮ' ਨੂੰ ਹੁੰਦਾ ਔਂਕੜ, ਫਿਰ ਹੋਣਾ ਸੀ ਇਕ ਕਰਮ। ਇਥੇ ਦੋਹਾਂ ਨੂੰ ਔਂਕੜ

ਕੋਈ ਨਹੀਂ। ਇਹ ਦੋ ਇਹ ਬਹੁ-ਵਚਨ ਐ। ਜਨਮ ਜਨਮਾਂਤਰਾਂ ਦੀ ਮੈਲ, ਜਨਮ ਜਨਮਾਂਤਰਾਂ ਦੇ ਪਾਪਾਂ ਦੀ ਮੈਲ, ਕਰੋੜਾਂ ਈ ਜਨਮ-ਜਨਮਾਂਤਰਾਂ ਦੇ ਪਾਪਾਂ ਦੀ ਮੈਲ ਉੱਤਰ ਜਾਏਗੀ।

*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥* *(ਪੰਨਾ ੧੩੫)*

ਮਨ ਤੇਰੇ ਤੇ ਜਿਹੜਾ ਹੰਕਾਰ ਦਾ ਕਬਜ਼ਾ ਹੋਇਆ-ਹੋਇਆ, ਇਹ ਵੀ ਲਹਿ ਜਾਏਗਾ। ਹੰਕਾਰ ਵਲੋਂ ਵੀ ਤੇਰਾ ਛੁਟਕਾਰਾ ਹੋ ਜਾਏਗਾ:-

*'ਕਾਮਿ ਕਰੋਧਿ ਨ ਮੋਹੀਐ'*

ਨਾ ਤੈਨੂੰ ਕਾਮ ਸਤਾਏਗਾ, ਨਾ ਤੈਨੂੰ ਕ੍ਰੋਧ ਸਤਾਏਗਾ, ਨਾ ਤੈਨੂੰ ਮੋਹ ਸਤਾਏਗਾ।

*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*

ਜਿਹੜਾ ਲੋਭ ਦਾ ਕੁੱਤਾ ਐ, ਉਹ ਵੀ ਤੇਰਾ ਖਹਿੜਾ ਛੱਡ ਜਾਏਗਾ, ਉਹ ਵੀ ਤੇਰੇ ਕੋਲੋਂ ਦੂਰ ਚਲਿਆ ਜਾਏਗਾ।

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*

'ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ' ਇਕ-ਇਕ ਬੰਦਾ ਆਪਣਾ ਪਰਾਇਆ ਦੇਸ਼-ਪ੍ਰਦੇਸ਼ ਉਪਮਾ ਕਰੇਗਾ ਉਹਦੀ, ਜਿਹੜਾ ਸੱਚੇ ਰਾਹ ਉਤੇ ਤੁਰੇ:-

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*

ਤੇ ਗਰੀਬ-ਨਿਵਾਜ਼ ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ ਪਿਆਰਿਆ !

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*

ਅਠਸਠ ਤੀਰਥਾਂ ਦੇ ਇਸਨਾਨ ਕੀਤਿਆਂ, ਜਿਹੜਾ ਪੁੰਨ ਮਿਲਦਾ ਤੇ ਹੋਰ ਬਾਕੀ ਦੇ ਸਗਲ ਪੁੰਨ ਕੀਤਿਆਂ ਜਿਹੜਾ ਫਲ ਮਿਲਦਾ ਏ ਤੈਨੂੰ, ਉਦੋਂ ਮਿਲ ਜਾਏਗਾ ਜਦੋਂ ਕਿਸੇ ਦੁਖੀਏ ਜੀਵ ਉਤੇ ਦਇਆ ਕਰ ਦਏਂਗਾ। ਦਿਨੇ ਰਾਤ ਹਾਏ ! ਹਾਏ ! ਕਰਦੇ ਜੀਵ ਉਤੇ ਤੂੰ ਜਦੋਂ ਕਿਤੇ ਦਇਆ ਕਰ ਦਏਗਾ, ਉਦੋਂ ਤੈਨੂੰ ਸਾਰਿਆਂ ਤੀਰਥਾਂ ਦੇ ਇਸ਼ਨਾਨ ਦਾ ਫਲ ਤੇ ਸਾਰਿਆਂ ਪੁੰਨਾਂ ਦਾ ਫਲ ਮਿਲ ਜਾਏਗਾ, ਜਦੋਂ ਤੂੰ ਇਹ ਕਰਮ ਕਰ ਲਏਂਗਾ:-

*ਅਠਸਠਿ ਤੀਰਥ ਸਗਲ ਪੁੰਨ*
*ਜੀਅ ਦਇਆ ਪਰਵਾਨੁ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*

ਜਿਹਦੇ 'ਤੇ ਨਿਰੰਕਾਰ ਦਇਆ ਕਰੇ, ਨਿਰੰਕਾਰ ਮਿਹਰ ਕਰੇ, ਰਹਿਮਤ ਦਾ ਦਰਵਾਜ਼ਾ ਖੋਲ੍ਹ ਕੇ ਲੜ ਲਾਵੇ, ਉਹਦੀਆਂ ਝੋਲੀਆਂ ਭਰ ਦਏ, ਫਿਰ ਉਸ ਪੁਰਖ ਨੂੰ ਸੁਜਾਨ ਆਖਿਆ ਜਾ

ਸਕਦਾ। ਉਹਨੂੰ ਦਾਨਾ, ਉਹਨੂੰ ਸਿਆਣਾ, ਉਹਨੂੰ ਅਕਲਮੰਦ ਆਖਿਆ ਜਾ ਸਕਦਾ।

*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*
*ਜਿਨਾ ਮਿਲਿਆ ਪ੍ਰਭੁ ਆਪਣਾ............॥*

ਮਾਘ ਦੇ ਮਹੀਨੇ ਵਿਚ ਜਿਸ ਕਿਸੇ ਨੂੰ ਆਪਣਾ ਪ੍ਰਭੂ ਮਿਲ ਪਿਆ, ਜਿਸ ਕਿਸੇ ਨੂੰ ਆਪਣਾ ਪ੍ਰੀਤਮ ਮਿਲ ਪਿਆ, ਅਰਾਧਦਿਆਂ, ਸਿਮਰਦਿਆਂ, ਦਾਨ ਕਰਦਿਆਂ, ਪੁੰਨ ਕਰਦਿਆਂ ਜਿਹਨੂੰ ਮਿਲ ਪਿਆ "ਸਤਿਨਾਮ ਵਾਹਿਗੁਰੂ", ਮੇਰਾ ਗਰੀਬ ਨਿਵਾਜ਼ ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ:-

*"ਜਿਨਾ ਮਿਲਿਆ ਪ੍ਰਭੁ ਆਪਣਾ"*

ਧਾਰਨਾ: ਨਾਨਕ ਤਿਨ ਕੁਰਬਾਨੁ ਪਿਆਰੇ, ਨਾਨਕ ਤਿਨ ਕੁਰਬਾਨੁ।
ਨਾਨਕ ਤਿਨ ਕੁਰਬਾਨੁ ਪਿਆਰੇ, ਨਾਨਕ ਤਿਨ ਕੁਰਬਾਨੁ।
ਨਾਨਕ ਤਿਨ ਕੁਰਬਾਨੁ ਪਿਆਰੇ, ਨਾਨਕ ਤਿਨ ਕੁਰਬਾਨੁ।
ਨਾਨਕ ਤਿਨ ਕੁਰਬਾਨੁ ਪਿਆਰੇ, ਨਾਨਕ ਤਿਨ ਕੁਰਬਾਨੁ।

*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥*
*ਨਾਨਕ ਤਿਨ ਕੁਰਬਾਨੁ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥ ੧੨॥*

ਮਾਘ ਦੇ ਮਹੀਨੇ ਵਿਚ ਉਹਨਾਂ ਨੂੰ ਸੁੱਚੇ ਸਮਝਿਆ ਜਾਏਗਾ, ਅੰਦਰੋਂ-ਬਾਹਰੋਂ ਸੁੱਚੇ ਸਮਝਿਆ ਜਾਏਗਾ, ਲੋਕ-ਪ੍ਰਲੋਕ ਵਿਚ ਸੁੱਚੇ ਸਮਝਿਆ ਜਾਏਗਾ, ਜਿਨ੍ਹਾਂ ਦੇ ਉਤੇ ਮਿਹਰਵਾਨ, ਜਿਨ੍ਹਾਂ ਦੇ ਉਤੇ ਦਿਆਲੂ ਹੋ ਗਿਆ, ਪੂਰਾ ਗੁਰੂ ਧੰਨ ਗੁਰੂ ਨਾਨਕ ਦੇਵ, ਜਿਨ੍ਹਾਂ 'ਤੇ ਦਿਆਲੂ ਹੋ ਗਿਆ ਪੂਰਾ ਗੁਰੂ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ, ਜਿਨ੍ਹਾਂ 'ਤੇ ਦਿਆਲੂ ਹੋ ਗਿਆ ਪੂਰਾ ਗੁਰੂ ਧੰਨ ਗੁਰੂ ਗ੍ਰੰਥ ਸਾਹਿਬ, ਜਿਨ੍ਹਾਂ ਉਤੇ ਦਿਆਲੂ ਹੋ ਗਿਆ, ਉਹ ਮਾਘ ਦੇ ਮਹੀਨੇ ਵਿਚ ਸੱਚੇ ਨੇ, ਸੁੱਚੇ ਨੇ। ਲੋਕ ਸੁਖੀਏ ਨੇ, ਪ੍ਰਲੋਕ ਸੁਹੇਲੇ ਨੇ। ਵਾਹਿਗੁਰੂ ਕਰੇ ਜਿੰਨੇ ਮਾਈ-ਭਾਈ ਤੁਸੀਂ ਆਏ ਹੋ, ਇਹ ਮਾਘ ਦੇ ਮਹੀਨੇ ਦਾ ਉਪਦੇਸ਼ ਅੰਦਰ ਵੱਸੇ, ਇਹਦੀ ਕਮਾਈ ਕਰੀਏ ਤੇ ਸਾਡਾ ਜਨਮ ਸਫਲਾ ਹੋ ਜਾਏ।

◆◆◆◆

Sri Satguru Jagjit Singh Ji Elibrary NamdhariElibrary@gmail.com

# ਕਥਾ ਵਾਚਕਾਂ ਲਈ ਪ੍ਰਸਿੱਧ ਪੁਸਤਕਾਂ

## ਗਿ. ਮਾਨ ਸਿੰਘ ਝੌਰ ਰਚਿਤ

1 ਨਾਮ ਖੁਮਾਰੀ 60-00
2 ਸਿੱਖ ਧਰਮ 60-00
3. ਈਸਵਰ ਭਗਤੀ 60-00
4 ਕਲਯੁਗ ਦਾ ਪ੍ਰਭਾਵ 60-00
5 ਸੱਚੀ ਕਿਰਤ 60-00

## ਸੰਤਰੇਨ ਗਿਆਨੀ ਸੁਖਬੀਰ ਸਿੰਘ ਰਚਿਤ

1. ਕੁਦਰਤ ਦੀ ਕਲਾ (ਦੋ ਭਾਗ) 135-00
2. ਇਕ ਸੌ ਅੱਠ ਮਣਕੇ 100-00
3. ਗੁਰੂ ਦੀ ਕਲਾ 85-00
4. ਗੁਰਮਤਿ ਦੀ ਕਲਾ (ਪ੍ਰਸ਼ਨ-ਉੱਤਰ) 100-00
5. ਮਾਇਆ ਦੀ ਕਲਾ 100-00
6. ਮੌਤ ਦੀ ਕਲਾ 150-00
7. ਸ਼ਬਦ ਦੀ ਕਲਾ 150-00

## ਕਥਾ ਵਾਚਕਾਂ ਲਈ ਕੁਝ ਹੋਰ ਪੁਸਤਕਾਂ

1. ਗਿਆਨ ਅੰਜਨੁ ਗੁਰਿ ਦੀਆ 200-00
*(ਗਿ. ਅਮਰੀਕ ਸਿੰਘ)*
2. ਕਥਾ ਉਪਦੇਸ਼ ਸਾਗਰ 200-00
*(ਗਿ. ਭਗਤ ਸਿੰਘ)*
3. ਗੁਰਵਾਕ ਚਾਨਣ 300-00
*(ਸੰਤ ਹਰੀ ਸਿੰਘ ਰੰਧਾਵੇ ਵਾਲੇ)*
4. ਗੁਰਸ਼ਬਦ ਵੀਚਾਰ 50-00
*(ਗੁਰਦਰਸ਼ਨ ਸਿੰਘ ਸੋਢੀ)*
5. ਸ੍ਰੀ ਗੁਰਮਤ ਸਾਖੀ ਪ੍ਰਮਾਣ 300-00
*(ਗਿਆਨੀ ਜੋਧ ਸਿੰਘ ਜੀ)*
6. ਗੁਰ ਕਿਰਪਾ ਤੇ ਬੂਝੀਐ 80-00
*(ਡਾ. ਗੁਰਚਰਨ ਸਿੰਘ ਸੇਕ)*
7. ਪ੍ਰਚਾਰਕ ਕਿਵੇਂ ਬਣੀਏ 80-00
*(ਨਿਰਮਲ ਸਿੰਘ ਨੂਰ)*
8. ਤੇਰੀ ਓਟ ਪੂਰਨ ਗੋਪਾਲਾ 80-00
*(ਗੁਰਦਰਸ਼ਨ ਸਿੰਘ ਸੋਢੀ)*
9. ਮੋਖਸ਼ ਮਾਰਗ *(ਸੇਵਾ ਸਿੰਘ)* 30-00
10. ਕੀਰਤਨ ਪ੍ਰਮਾਣ 200-00
*(ਰਾਗੀ ਮੇਹਰ ਸਿੰਘ)*
11. ਬਵਿੰਜਾ ਲੈਕਚਰ 125-00
*(ਗਿ. ਸਰਦੂਲ ਸਿੰਘ)*
12. ਦ੍ਰਿਸ਼ਟਾਂਤ ਸਾਗਰ 80-00
*(ਭਗਤ ਰਾਮ ਦਿੱਤਾ ਜੀ)*
13. ਗੁਰਮੁਖ ਦਰਸ਼ਨ 250-00
*(ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ)*
14. ਸਿੱਖ ਮੱਤ ਦਰਸ਼ਨ 80-00
*(ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ)*
15. ਗੁਰਸਿੱਖੀ ਜੀਵਨ 160-00
*(ਸੁਰਿੰਦਰਜੀਤ ਸਿੰਘ 'ਪਾਲ')*
16. ਮਨੁੱਖਤਾ ਦੇ ਉਸਰੱਈਏ 180-00
*(ਸੰਤ ਪ੍ਰੀਤਮ ਸਿੰਘ)*
17. ਖਾਲਸਾ ਪ੍ਰਮਾਤਮ ਕੀ ਮੌਜ 60-00
*(ਮਾਸਟਰ ਬਲਵਿੰਦਰ ਸਿੰਘ)*
18. ਗੁਰੂ ਤੇ ਗੁਰਬਾਣੀ 100-00
*(ਸੁਰਿੰਦਰਜੀਤ ਸਿੰਘ ਪਾਲ)*
19. ਗੁਰਸਿੱਖਿਆ ਅਤੇ ਸਿੱਖੀ 120-00
*(ਡਾ. ਗੁਰਚਰਨ ਸਿੰਘ ਜੀਰਾ)*
20. ਗੁਰੂ ਕੇ ਸ਼ੇਰ
*(ਡਾ. ਹਰਜਿੰਦਰ ਸਿੰਘ ਦਿਲਗੀਰ)*
21. ਸਿੱਖ ਫਿਲਾਸਫ਼ੀ ਕੀ ਹੈ?
*(ਡਾ. ਹਰਜਿੰਦਰ ਸਿੰਘ ਦਿਲਗੀਰ)*
22. ਬਾਬਾ ਮਹਾਂ ਹਰਿਨਾਮ ਸਿੰਘ 150-00
ਜੀ ਭੁਚੋ ਵਾਲਿਆਂ ਦਾ ਸੰਖੇਪ ਜੀਵਨ

Sri Satguru Jagjit Singh Ji Elibrary NamdhariElibrary@gmail.com

## ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਸਟੀਕ (ਦੋ ਭਾਗ)

ਸ੍ਰੀ ਸਰਬਲੋਹ ਗ੍ਰੰਥ ਸਾਹਿਬ ਇਕ ਅਲੌਕਿਕ ਅਤੇ ਅਮੋਲਕ ਰਚਨਾ ਹੈ, ਜਿਹੜੀ ਕਿ ਪਿਛਲੇ ਕਈ ਦਹਾਕਿਆਂ ਤੋਂ ਅਪ੍ਰਾਪਤ ਸੀ। ਇਕ ਪ੍ਰਾਚੀਨ ਖਰੜੇ ਨੂੰ ਲੈ ਕੇ ਉਸ ਦਾ ਸੁਖੰਨ ਪੰਜਾਬੀ ਵਿਚ ਟੀਕਾ ਕੀਤਾ ਗਿਆ ਹੈ, ਜਿਸ ਕਰਕੇ ਇਕ ਸਾਧਾਰਣ ਵਿਅਕਤੀ ਦੀ ਸਮਝ ਵਿਚ ਆ ਸਕੇ। **ਖਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥** ਇਸ ਗ੍ਰੰਥ ਵਿਚ ਹੀ ਦਰਜ ਹੈ। ਇਸ ਗ੍ਰੰਥ ਵਿਚ ਖਾਲਸੇ ਦੀ ਮਹਿਮਾ ਅਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਤੇ ਅਨੇਕਾਂ ਰਾਗਾਂ ਤੇ ਭਾਸ਼ਾਵਾਂ ਦੀ ਗੁਰੂ ਜੀ ਨੇ ਵਰਤੋਂ ਕੀਤੀ ਹੋਈ ਹੈ, ਦਰਜ ਹੈ। ਦੋ ਭਾਗਾਂ ਵਿਚ ਸੰਪੂਰਨ ਭੇਟਾ 1250-00

## ਪ੍ਰਾਚੀਨ ਪੰਥ ਪ੍ਰਕਾਸ਼ (ਦੋ ਭਾਗ) *(ਰਤਨ ਸਿੰਘ ਭੰਗੂ)*

ਇਹ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਦੇ ਇਤਿਹਾਸ ਨੂੰ ਬੜੇ ਵਿਸਥਾਰ ਨਾਲ ਬਿਆਨ ਕਰਦਾ ਹੈ। ਬ੍ਰਿਜ ਭਾਸ਼ਾ ਵਿਚ ਲਿਖਿਆ ਹੋਣ ਕਰਕੇ ਆਮ ਵਿਅਕਤੀ ਦੀ ਸਮਝ ਵਿਚ ਨਹੀਂ ਸੀ ਆਉਂਦਾ। ਕਵੀ ਬੁੱਢਾ ਦਲ ਦੇ ਮੁਖੀ ਜੀ ਨੇ ਇਸ ਦੀ ਸਾਧਾਰਣ ਪੰਜਾਬੀ ਭਾਸ਼ਾ ਵਿਚ ਵਿਆਖਿਆ ਕੀਤੀ ਹੈ। ਇਹ ਗ੍ਰੰਥ ਦੋ ਭਾਗਾਂ ਵਿਚ ਪ੍ਰਾਪਤ ਹੈ। 650-00 ਦੋ ਭਾਗ

## ਸੁਨਹੁ ਸੰਤ ਪਿਆਰੇ *(ਗਿ. ਹਰਦੇਵ ਸਿੰਘ ਗਰੀਬ ਅਮਰੀਕਾ ਵਾਲੇ)*

ਗਿਆਨੀ ਜੀ ਪ੍ਰਸਿੱਧ ਕਥਾਕਾਰ ਹਨ, ਉਹ ਲੰਮੇ ਸਮੇਂ ਤੋਂ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਹਨ। ਉਨ੍ਹਾਂ ਦੇ ਚੋਣਵੇਂ ਲੈਕਚਰਾਂ ਨੂੰ ਇਸ ਪੁਸਤਕ ਵਿਚ ਇਕੱਠਾ ਕੀਤਾ ਗਿਆ ਹੈ ਤਾਂ ਕਿ ਨਵੀਂ ਪੀੜ੍ਹੀ ਉਨ੍ਹਾਂ ਦੇ ਦੁਰਲਭ ਵਿਚਾਰਾਂ ਨੂੰ ਪੜ੍ਹ ਕੇ ਆਤਮਿਕ ਰਸ ਮਾਣ ਸਕੇ। ਸਾਨੂੰ ਪੂਰਨ ਆਸ ਹੈ, ਕਿ ਇਹ ਪੁਸਤਕ ਸੁਹਜ ਗੂਹੜ ਗਿਆਨ ਖਜ਼ਾਨਾ ਹੀ ਨਹੀਂ ਖੋਲ੍ਹੇਗੀ ਬਲਕਿ ਨਵੇਂ ਕਲਾਕਾਰਾਂ ਦਾ ਮਾਰਗ ਦਰਸ਼ਨ ਵੀ ਕਰੇਗੀ। 180-00

## ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ *(ਡਾ. ਅਨੂਪ ਸਿੰਘ)*

ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਇਕ ਅਜਿਹੇ ਮਹਾਂਸਾਗਰ ਵਾਂਗ ਹੈ ਜਿਸ ਦੀ ਥਾਹ ਪਾਉਣੀ ਕਿਸੇ ਮਨੁੱਖ ਦੇ ਵੱਸ ਵੀ ਨਹੀਂ। ਇਹ ਪੁਸਤਕ ਮਹਾਂਮਾਨਵ ਦੀ ਲਾਸਾਨੀ ਸਖਸ਼ੀਅਤ ਅਤੇ ਉਸ ਦੀ ਵਿਚਾਰਧਾਰਾ ਨੂੰ ਬਿਆਨ ਕਰਦੀ ਹੈ। ਲੇਖਕ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਰਚਨਾਵਾਂ ਵਿਚ ਜਿਹੜੀ ਲੋਕ-ਪੱਖੀ ਵਸਤੂ ਮੌਜੂਦ ਹੈ ਉਸਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। 120-00

ਪੁਸਤਕਾਂ ਮਿਲਣ ਦਾ ਪਤਾ:-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਫੋਨ : 542346, 547974, 557973

THIS BOOK IS AN EXCELLENT WORK OF THOUGHT

PROPOUNDING ON THOUGHT GIVEN BY A SAINT

PROF S.S. KOHLI ONLY.

WHO FOLLOWED HIS OWN AND HIS SONS DEDUCTION

TOGETHER.

IN WHICH HE AUTHORED NOTHING IT WAS SIKH IMBIBE HE IMBIBED

WORK WITH EXCELLENT HARD AND PASSED TO SON

MALOTINDER,

Sri Satguru Jagjit Singh Ji Elibrary NamdhariElibrary@gmail.com

WHO ROSE. WITH ALL HIS MIND/ PRACTICAL CAPABILITY TO LEARNT ALL THAT BOOKS WITHIN HIS REACH PRACTICALLY IN UNIVERSITIES DELHI, PUNJAB then P.U. only was. LATER Pbi Uni Too. a MARKET. ALL HE SAW AT 17 CHG, 14 CHG upto 1976 & some later once in 1981. HE LET ALL his DISCOVERY BE KNOWN TO FATHER. AS HE INVESTED TRUST LOVE & FUNDS TO REQUIRED EXTENT — WHICH FROM 1950 TO 1954 WERE = Rs 41000/-

MORE THAN AMRINDRA'S FATHER HAD.

AS I Wan GOVT. HAD REJECTED HIS APPLICATION on BEHALF OF ALL KINGS.

I SAW AMRINDER WEEP TO MALAWINDAR 4 YR. 2 MONTH OLD

on BABUJI EHE LAHAK HAIN KI KOI HADD NAHI.

GOD.

I THUS PROMPT HE MALOV TO KILL AMRINDER.

WHO KILLS BENEFACTORS. GN.

FATHER YADVINDRA'S LETTER FROM NEHRU.

MY GN MALOV HOW EVER DEAD BY WHEN HE ESCAPED WITH



ISBN 81-7601-428-1
9788176014281

Sri Satguru Jagjit Singh Ji Elibrary NamdhariElibrary@gmail.com